11ਵਾਂ ਸਾਲ
ਹਫਤਾਵਾਰੀ
# ਦੇਸ਼ ਦੁਆਬਾ
VOL -11 ISSUE - 17
August 3, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com
ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ/ ਵਿਵੇਕ ਭਾਟੀਆ


SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

## ਗਦਰ ਮੈਮੋਰੀਅਲ ਹਾਲ (ਸੈਨ ਫਰਾਂਸਿਸਕੋ) 'ਚ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਤਸਵੀਰ ਲਗਾਈ ਗਈ



*ਅਦਾਰਾ "ਅੰਬੇਦਕਰ ਟਾਈਮਜ਼" ਅਤੇ ਅਦਾਰਾ "ਦੇਸ਼ ਦੁਆਬਾ" ਦੇ ਮੁੱਖ ਸੰਪਾਦਕ ਸ਼੍ਰੀ ਪ੍ਰੇਮ ਕੁਮਾਰ ਚੁੰਬਰ, ਮਾਣਯੋਗ ਡਾ. ਟੀ. ਵੀ. ਨਗੇਂਦਰ ਪ੍ਰਸਾਦ (ਭਾਰਤ ਦੇ ਕੌਂਸੁਲ ਜਨਰਲ ਸੈਨ ਫ੍ਰਾਂਸਿਸਕੋ) ਜੀ ਨੂੰ ਤਸਵੀਰ ਭੇਂਟ ਕਰਦੇ ਹੋਏ।*

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਭਾਰਤ ਦੇ ਕੌਂਸਲੇਟ ਜਨਰਲ ਸੈਨ ਫ੍ਰਾਂਸਿਸਕੋ (ਕੈਲੀਫੋਰਨੀਆ) ਵੱਲੋਂ ਗਦਰ ਮੈਮਰੀਅਲ ਹਾਲ, 5 ਵੁੱਡ ਸਟ੍ਰੀਟ ਸੈਨਫ੍ਰਾਂਸਿਸਕੋ ਵਿਖੇ 'ਗਦਰ ਹਾਲ" ਚ ਗਦਰੀ ਬਾਬਿਆਂ ਸਬੰਧੀ ਸਮਾਗਮ ਕੀਤਾ ਗਿਆ, ਜਿਸ ਦੌਰਾਨ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ, ਆਪਣੀਆਂ ਜਾਨਾਂ ਕੁਰਬਾਨ ਕਰ ਦੇਣ ਵਾਲੇ ਮਹਾਨ ਗਦਰੀ ਬਾਬਿਆਂ ਨੂੰ ਸਨਿਮਰ ਯਾਦ ਕੀਤਾ ਗਿਆ ਤੇ ਇਸ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ। ਇਸ ਮੌਕੇ ਡਾ ਟੀ ਵੀ ਨਗੇਂਦਰ ਪ੍ਰਸਾਦ (ਭਾਰਤ ਦੇ ਕੌਂਸੁਲ ਜਨਰਲ ਸੈਨ ਫ੍ਰਾਂਸਿਸਕੋ ) ਮੁੱਖ ਬੁਲਾਰੇ ਤੋਂ ਇਲਾਵਾ ਕੁਝ ਹੋਰ ਬੁਲਾਰਿਆਂ ਨੇ ਆਪੋ ਆਪਣੇ ਵਿਚਾਰ ਰੱਖੇ ਅਤੇ ਗਦਰੀ ਰਚਨਾਵਾਂ ਪੜ੍ਹੀਆਂ। ਅੱਜ ਦੇ ਸਮਾਗਮ ਦੀ ਹੋਰ ਵਿਸ਼ੇਸ਼ਤਾ ਇਹ ਵੀ ਸੀ ਕਿ ਇਸ ਮੌਕੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਯਾਦ ਕਰਦਿਆਂ ਉਹਨਾਂ ਦੀ ਤਸਵੀਰ ਸਦਾ ਲਈ ਬਾਕੀ ਗਦਰੀ ਬਾਬਿਆਂ ਦੀਆਂ ਫੋਟੋਆਂ ਨਾਲ ਸਤਿਕਾਰ ਨਾਲ 'ਗਦਰ ਮੈਮੋਰੀਅਲ ਹਾਲ' ਵਿਚ ਲਗਾਈ ਗਈ। ਇਹ ਤਸਵੀਰ ਅਦਾਰਾ 'ਅੰਬੇਦਕਰ ਟਾਈਮਜ਼' ਅਤੇ ਅਦਾਰਾ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਮਾਣਯੋਗ ਡਾ ਟੀ ਵੀ ਨਗੇਂਦਰ ਪ੍ਰਸਾਦ (ਭਾਰਤ ਦੇ ਕੌਂਸੁਲ ਜਨਰਲ ਸੈਨ ਫ੍ਰਾਂਸਿਸਕੋ ) ਜੀ ਨੂੰ ਸਟੇਜ 'ਤੇ ਭੇਂਟ ਕੀਤੀ। ਉਸ ਵਕਤ ਉਹਨਾਂ ਗਦਰੀ ਬਾਬਿਆਂ ਨਾਲ ਸਬੰਧਤ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ ਵੀ ਸ਼ਾਮਲ ਸਨ।

ਉਹਨਾਂ ਸਾਰਿਆਂ ਨੇ ਇਸ ਉਦਮ ਦਾ ਸਵਾਗਤ ਕੀਤਾ। ਸਟੇਜ ਦੀ ਸੇਵਾ ਡਾ ਅਕੁਨ ਸਬਰਵਾਲ (ਕੌਂਸਲ) ਨੇ ਬਾਖੂਬੀ ਨਾਲ ਨਿਭਾਈ ਅਤੇ ਆਫਿਸ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ।

# ਧਰੀਆਂ-ਧਰਾਈਆਂ ਰਹਿ ਗਈਆਂ ਚੀਨੀ ਧਮਕੀਆਂ

## ਤਾਈਵਾਨ ਪਹੁੰਚੀ ਨੈਨਸੀ ਪੇਲੋਸੀ, ਚੀਨੀ ਫੌਜੀ ਅਭਿਆਸ ਜਾਰੀ



**ਤਾਈਪੇ (ਬਿਊਰੋ)–** ਅਮਰੀਕੀ ਸਦਨ ਦੀ ਸਪੀਕਰ ਨੈਨਸੀ ਪੇਲੋਸੀ ਮੰਗਲਵਾਰ ਨੂੰ ਮਲੇਸ਼ੀਆ ਤੋਂ ਤਾਈਵਾਨ ਪਹੁੰਚੀ। ਇਸ ਦੌਰੇ ਨੇ ਬੀਜਿੰਗ ਦੇ ਨਾਲ ਅਮਰੀਕਾ ਦੇ ਤਣਾਅ ਨੂੰ ਵਧਾ ਦਿੱਤਾ, ਜੋ ਕਿ ਸਵੈ-ਸ਼ਾਸਨ ਵਾਲੇ ਟਾਪੂ ਨੂੰ ਆਪਣੇ ਖੇਤਰ ਵਜੋਂ ਦਾਅਵਾ ਕਰਦਾ ਹੈ। ਮਲੇਸ਼ੀਆ ਦੇ ਇਕ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਪੇਲੋਸੀ ਅਤੇ ਉਨ੍ਹਾਂ ਦੇ ਵਫਦ ਨੂੰ ਲੈ ਕੇ ਜਹਾਜ਼ ਨੇ ਥੋੜ੍ਹੇ ਸਮੇਂ ਦੇ ਰੁਕਣ ਤੋਂ ਬਾਅਦ ਮਲੇਸ਼ੀਆ ਦੇ ਹਵਾਈ ਸੈਨਾ ਦੇ ਬੇਸ ਤੋਂ ਉਡਾਣ ਭਰੀ, ਜਿਸ ਵਿਚ ਪ੍ਰਧਾਨ ਮੰਤਰੀ ਇਸਮਾਈਲ ਸਾਬਰੀ ਯਾਕੋਬ ਨਾਲ ਦੁਪਹਿਰ ਦਾ ਖਾਣਾ ਸ਼ਾਮਲ ਸੀ। ਅਧਿਕਾਰੀ ਨੇ ਕਿਹਾ ਕਿਉਂਕਿ ਉਹ ਮੀਡੀਆ ਨੂੰ ਵੇਰਵੇ ਜਾਰੀ ਕਰਨ ਲਈ ਅਧਿਕਾਰਤ ਨਹੀਂ ਹੈ। ਨੈਨਸੀ ਪੇਲੋਸੀ ਇਸ ਹਫਤੇ ਏਸ਼ੀਆਈ ਦੌਰੇ 'ਤੇ ਹੈ। ਉਸ ਦੀ ਯਾਤਰਾ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ ਕਿ ਕੀ ਉਹ ਤਾਈਵਾਨ ਦੇ ਦੌਰੇ ਵਿਰੁੱਧ ਚੀਨ ਦੀਆਂ ਚੇਤਾਵਨੀਆਂ ਨੂੰ ਰੱਦ ਕਰੇਗੀ ਜਾਂ ਨਹੀਂ। ਇਹ ਅਸਪਸ਼ਟ ਸੀ ਕਿ ਉਹ ਮਲੇਸ਼ੀਆ ਤੋਂ ਕਿੱਥੇ ਰਵਾਨਾ ਹੋ ਰਹੀ ਸੀ, ਪਰ ਤਾਈਵਾਨ ਦੇ ਸਥਾਨਕ ਮੀਡੀਆ ਨੇ ਦੱਸਿਆ ਕਿ ਉਹ ਮੰਗਲਵਾਰ ਰਾਤ ਨੂੰ ਪਹੁੰਚੇਗੀ, 25 ਸਾਲਾਂ ਤੋਂ ਵੱਧ ਸਮੇਂ ਵਿੱਚ ਯਾਤਰਾ ਕਰਨ ਵਾਲੀ ਸਭ ਤੋਂ ਉੱਚ ਦਰਜੇ ਦੀ ਚੁਣੀ ਗਈ ਅਮਰੀਕੀ ਅਧਿਕਾਰੀ ਬਣ ਜਾਵੇਗੀ।

ਅਮਰੀਕੀ ਸਦਨ ਦੀ ਸਪੀਕਰ ਨੈਨਸੀ ਪੇਲੋਸੀ ਦੇ ਮੰਗਲਵਾਰ ਨੂੰ ਤਾਈਪੇ ਵਿੱਚ ਉਤਰਨ ਤੋਂ ਤੁਰੰਤ ਬਾਅਦ, 21 ਚੀਨੀ ਫੌਜੀ ਜਹਾਜ਼ਾਂ ਨੇ ਤਾਈਵਾਨ ਦੇ ਏਅਰ ਡਿਫੈਂਸ ਆਈਡੈਂਟੀਫਿਕੇਸ਼ਨ ਜ਼ੋਨ ਦੇ ਦੱਖਣ-ਪੱਛਮੀ ਹਿੱਸੇ ਉੱਤੇ ਉਡਾਣ ਭਰੀ, ਜਿਵੇਂ ਕਿ ਤਾਈਵਾਨ ਦੇ ਰਾਸ਼ਟਰੀ ਮੰਤਰਾਲੇ ਦੁਆਰਾ ਪੁਸ਼ਟੀ ਕੀਤੀ ਗਈ ਹੈ। ਰੱਖਿਆ ਮੰਤਰਾਲੇ ਨੇ ਟਵਿੱਟਰ 'ਤੇ ਕਿਹਾ, "21 ਜਹਾਜ਼ 2 ਅਗਸਤ ਨੂੰ ਤਾਈਵਾਨ ਦੇ ਦੱਖਣ-ਪੱਛਮ ਵਿੱਚ ਦਾਖਲ ਹੋਏ।" ਜਵਾਬ ਵਿੱਚ ਤਾਈਵਾਨ ਨੇ ਇਕ ਲੜਾਈ ਹਵਾਈ ਗਸ਼ਤ ਮੁਹਿੰਮ ਸ਼ੁਰੂ ਕੀਤੀ, ਰੇਡੀਓ ਚਿਤਾਵਨੀਆਂ ਭੇਜੀਆਂ ਅਤੇ ਚੀਨੀ ਫੌਜੀ ਜਹਾਜ਼ਾਂ ਨੂੰ ਟਰੈਕ ਕਰਨ ਲਈ ਭੇਜਿਆ। ਪੇਲੋਸੀ ਚੀਨੀ ਖਤਰੇ ਦੇ ਮੱਦੇਨਜ਼ਰ ਹਿੰਦ-ਪ੍ਰਸ਼ਾਂਤ ਖੇਤਰ ਦੇ ਕਾਂਗਰਸ ਦੇ ਵਫ਼ਦ ਦੇ ਦੌਰੇ ਦੇ ਹਿੱਸੇ ਵਜੋਂ ਮੰਗਲਵਾਰ ਨੂੰ ਤਾਈਵਾਨ ਪਹੁੰਚੀ। ਜਹਾਜ਼ ਦੇ ਤਾਈਪੇ ਵਿੱਚ ਉਤਰਨ ਤੋਂ ਕੁਝ ਮਿੰਟਾਂ ਬਾਅਦ, ਚੀਨੀ ਪੀਪਲਜ਼ ਲਿਬਰੇਸ਼ਨ ਆਰਮੀ (ਪੀਐਲਏ) ਨੇ ਐਲਾਨ ਕੀਤਾ ਕਿ ਉਹ ਵੀਰਵਾਰ ਤੋਂ ਐਤਵਾਰ ਤਕ ਤਾਈਵਾਨ ਦੇ ਆਲੇ ਦੁਆਲੇ ਦੇ ਪਾਣੀਆਂ ਵਿੱਚ ਛੇ ਲਾਈਵ-ਫਾਇਰ ਫੌਜੀ ਅਭਿਆਸ ਕਰਵਾਏਗੀ।

# ਦੰਗਾਕਾਰੀਆਂ ਨੂੰ ਅਮਰੀਕਾ 'ਚ ਸਭ ਤੋਂ ਵੱਡੀ ਸਜ਼ਾ ਦਾ ਐਲਾਨ



**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਵਿੱਚ ਸੋਮਵਾਰ ਨੂੰ ਟੈਕਸਾਸ ਦੇ ਇੱਕ ਵਿਅਕਤੀ ਨੂੰ 6 ਜਨਵਰੀ, 2021 ਨੂੰ ਕੈਪੀਟਲ ਹਿੰਸਾ ਮਾਮਲੇ ਵਿੱਚ ਅਦਾਲਤ ਨੇ 87 ਮਹੀਨਿਆਂ (4,3 ਸਾਲ) ਦੀ ਸਜ਼ਾ ਸੁਣਾਈ ਸੀ। ਮੀਡੀਆ ਨੇ ਮੰਗਲਵਾਰ ਨੂੰ ਦੱਸਿਆ ਕਿ ਇਸ ਮਾਮਲੇ 'ਚ ਦੋਸ਼ੀ ਦੰਗਾਕਾਰੀ ਖਿਲਾਫ ਅਦਾਲਤ ਵਲੋਂ ਸੁਣਾਈ ਗਈ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਸਜ਼ਾ ਹੈ।

ਅਮਰੀਕਾ 'ਚ ਰਾਸ਼ਟਰਪਤੀ ਚੋਣਾਂ 'ਚ ਮਿਲੀ ਹਾਰ ਤੋਂ ਬਾਅਦ ਧਾਂਦਲੀ ਦੇ ਇਲਜ਼ਾਮ ਲੱਗਣ ਤੋਂ ਬਾਅਦ ਤਤਕਾਲੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਕਾਂ ਨੇ ਸੰਸਦ ਕੰਪਲੈਕਸ 'ਚ ਭਾਰੀ ਹਿੰਸਾ ਕੀਤੀ ਸੀ। ਮੀਡੀਆ ਰਿਪੋਰਟਾਂ ਮੁਤਾਬਕ 6 ਜਨਵਰੀ ਨੂੰ ਦੋਸ਼ੀ ਗਾਈ ਰਿਫਿਟ (49) ਪਿਸਤੌਲ ਨਾਲ ਲੈਸ ਰਾਜਧਾਨੀ ਹਿੰਸਾ 'ਚ ਸ਼ਾਮਲ ਸੀ ਤਾਂ ਉਸ ਦੇ ਬੇਟੇ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਬੇਟੇ ਨੇ ਐਫਬੀਆਈ ਨੂੰ ਹਿੰਸਾ ਵਿੱਚ ਆਪਣੀ ਭੂਮਿਕਾ ਬਾਰੇ ਜਾਣਕਾਰੀ ਦਿੱਤੀ ਸੀ। ਮਾਰਚ ਵਿੱਚ, ਉਸਨੂੰ ਇੱਕ ਅਮਰੀਕੀ ਅਦਾਲਤ ਨੇ ਪੰਜ ਗੰਭੀਰ ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਸੀ। ਇਨ੍ਹਾਂ ਵਿੱਚ ਸਰਕਾਰੀ ਕਾਰਵਾਈ ਵਿੱਚ ਵਿਘਨ ਪਾਉਣ ਅਤੇ ਪੁਲੀਸ ਨਾਲ ਟਕਰਾਅ ਦੇ ਦੋਸ਼ ਸ਼ਾਮਲ ਹਨ। ਜ਼ਿਕਰਯੋਗ ਹੈ ਕਿ 2021 ਦੀਆਂ ਆਮ ਚੋਣਾਂ ਤੋਂ ਬਾਅਦ 6 ਜਨਵਰੀ ਨੂੰ ਡੋਨਾਲਡ ਟਰੰਪ ਦੀ ਹਾਰ ਤੋਂ ਪਰੇਸ਼ਾਨ ਸਮਰਥਕਾਂ ਦੀ ਭੀੜ ਨੇ ਅਮਰੀਕਾ ਦੇ ਕੈਪੀਟਲ ਹਿੱਲ 'ਤੇ ਹਮਲਾ ਕਰ ਦਿੱਤਾ ਸੀ। ਜਾਣਕਾਰੀ ਮੁਤਾਬਕ ਇਹ ਹਮਲਾ 1812 ਦੀ ਜੰਗ ਤੋਂ ਬਾਅਦ ਅਮਰੀਕੀ ਸੰਸਦ 'ਤੇ ਸਭ ਤੋਂ ਵੱਡਾ ਹਮਲਾ ਸੀ। ਭੜਕੀ ਭੀੜ ਨੇ ਉੱਥੇ ਮੌਜੂਦ ਪੁਲਿਸ ਮੁਲਾਜ਼ਮਾਂ 'ਤੇ ਵੀ ਹਮਲਾ ਕਰ ਦਿੱਤਾ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੇਫੋਰਨੀਆ) ਦੇ ਹਫਤਾਵਾਰੀ ਸਮਾਗਮ




**ਅਗਸਤ 14, 2022**

ਸਤਿਕਾਰਯੋਗ ਭਾਈ ਗੁਰਦਿਆਲ ਚੰਦ ਜੀ, ਕਿਰਨ ਚੰਦ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ।

**ਅਗਸਤ 21, 2022**

ਸਤਿਕਾਰਯੋਗ ਭਾਈ ਚੰਚਲ ਹੀਰਾ ਜੀ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ।

# SRI GURU RAVIDASS SABHA PITTSBURG (CA)

## 2150 CRESTVIEW DRIVE, PITTSBURG CA.94565

## Reorganization of Board of Directors for 2022-2023

The term of many members of the Board of Directors of the current Managing Committee of this Sabha is due to expire in the month of August, 2022, making room for replacement with new Volunteer Sewadars.

In accordance with the provisions of the By-laws of the Sabha the reorganization of the Board of Directors will be held at Gurughar on August 28th, 2022(Sunday) after the regular weekly function.

Applications from validated new Sewadars willing to serve on the new Board of Directors duly signed by the applicant, proposer and seconder are invited from Sangat so as to reach the Chairperson by August 21st, 2022.

Gurughar members who have not renewed their membership so far are also requested to do so by paying their annual renewal fee to the cashier immediately.

A panel of three members mentioned below who are well versed with the transitional procedure has also been constituted by the chairperson to screen the applications before final selection/election and ratification by the General body.

**(1) Mr. O. P. Balley**

**(2) Mr. Shashi Paul (3) Mr. Balvir Mall**

**Kulwant Kaur Banga Chairperson, Date: July 19, 2022**

**"NANAK NAM CHARDI KALA TERE BHANE SARBAT DA BHALA"**

**Sangat De Sewadar**

| Chairperson | President | General Secretary | Treasurer |
|---|---|---|---|
| Kulwant Kaur Banga | Jagtar Bhatia | Abhishek Pal Narabut | Sunita K Singh |

**Please visit Gurughar website for information: WWW.SriGuruRavidassTemple.com**

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਗੁਰੂ ਘਰ ਦੀ ਉਸਾਰੀ ਸ਼ੁਰੂ

**ਯੂਨੀਅਨ ਸਿਟੀ (ਡੀਡੀਬੀ)–** ਸ੍ਰੀ ਗੁਰੂ ਰਵਿਦਾਸ ਸਭਾ ਬੇ–ਏਰੀਆ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਨੀਅਨ ਸਿਟੀ (ਕੈਲੇਫੋਰਨੀਆ) ਦੀ ਉਸਾਰੀ ਦਾ ਕਾਰਜ਼ ਸ਼ੁਰੂ ਹੋ ਚੁੱਕਾ ਹੈ, ਜਿਸ ਲਈ ਸਮੂਹ ਗੁਰੂ ਪਿਆਰੀ ਸਾਧ ਸੰਗਤ ਦਾ ਪੂਰਨ ਸਹਿਯੋਗ ਮਿਲ ਰਿਹਾ ਹੈ।

ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਅਦਾਰਾ "ਦੇਸ਼ ਦੁਆਬਾ" ਨਾਲ ਖੁਸ਼ੀ ਜਾਹਿਰ ਕਰਦਿਆਂ ਕਿਹਾ ਕਿ ਇਸ ਸ਼ੁਭ ਕਾਰਜ ਲਈ 22 ਸਾਲ ਦਾ ਸਮਾਂ ਲੱਗਿਆ ਤੇ ਲਗਭਗ 9 ਸਾਲ ਇਸ ਦੀ ਮਨਜ਼ੂਰੀ 'ਚ ਨਿਕਲ ਗਏ ਤੇ ਹੁਣ ਵਾਹਿਗੁਰੂ ਦੀ ਕਿਰਪਾ ਨਾਲ ਕੰਮ ਸ਼ੁਰੂ ਹੋ ਚੁੱਕਾ ਹੈ ਜੋ ਲਗਭਗ ਡੇਢ ਸਾਲ ਵਿਚ ਮੁਕੰਮਲ ਕਰ ਲਿਆ ਜਾਵੇਗਾ। ਸ੍ਰੀ ਚੁੰਬਰ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਹੈ ਕਿ ਵੱਧ ਤੋਂ ਵੱਧ ਆਪਣੀ ਵਿੱਤ ਅਨੁਸਾਰ ਗੁਰੂ ਘਰ ਦੀ ਉਸਾਰੀ ਲਈ ਯੋਗਦਾਨ ਪਾਉਣ ਦੀ ਕਿਰਪਾਲਤਾ ਕਰੋ ਜੀ, ਜਿਸ ਲਈ ਤੁਸੀਂ ਮਾਣ ਮਹਿਸੂਸ ਕਰ ਸਕੋਗੇ ਕਿ ਸਤਿਗੁਰੂ ਰਵਿਦਾਸ ਜੀ ਦੀ ਅਪਾਰ ਕਿਰਪਾ ਨਾਲ ਕੁਝ ਯੋਗਦਾਨ ਪਾ ਸਕੇ।

ਸਮੂਹ ਪ੍ਰਬੰਧਕ ਕਮੇਟੀ ਉਹਨਾਂ ਸਾਰੇ ਹੀ ਦਾਨੀ ਪਰਿਵਾਰਾਂ ਦਾ ਨਿੱਘੇ ਦਿਲੀ ਧੰਨਵਾਦ ਕਰਦੀ ਹੈ, ਜਿਹਨਾਂ ਹੁਣ ਤੱਕ ਇਸ ਨੇਕ ਕਾਰਜ ਲਈ ਯੋਗਦਾਨ ਪਾਇਆ ਹੈ ਤੇ ਅਗਾਂਹ ਵੀ ਯੋਗਦਾਨ ਕਰਨ ਅਤੇ ਹੋਰਨਾਂ ਨੂੰ ਅਜਿਹੇ ਨੇਕ ਕਾਰਜ ਲਈ ਸਹਿਯੋਗ ਕਰਨ ਲਈ ਵਿਸ਼ਵਾਸ ਦੁਆਇਆ। ਹੋਰ ਵਧੇਰੇ ਜਾਣਕਾਰੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਸ੍ਰੀ ਵਿਨੋਦ ਕੁਮਾਰ ਚੁੰਬਰ ਚੇਅਰਮੈਨ 510-953-9800






















ਅਦਾਰਾ "ਅੰਬੇਦਕਰ ਟਾਈਮਜ਼" ਅਤੇ ਅਦਾਰਾ "ਦੇਸ਼ ਦੁਆਬਾ" ਦੇ ਮੁੱਖ ਸੰਪਾਦਕ ਸ਼੍ਰੀ ਪ੍ਰੇਮ ਕੁਮਾਰ ਚੁੰਬਰ, ਮਾਣਯੋਗ ਡਾ. ਟੀ. ਵੀ. ਨਗੇਂਦਰ ਪ੍ਰਸਾਦ (ਭਾਰਤ ਦੇ ਕੌਂਸਲ ਜਨਰਲ ਸੈਨ ਫ੍ਰਾਂਸਿਸਕੋ) ਜੀ ਨੂੰ ਤਸਵੀਰ ਭੇਂਟ ਕਰਦੇ ਹੋਏ।

**ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਗਦਰ ਪਾਰਟੀ ਦੇ ਸਰਗਰਮ ਮੈਂਬਰ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੀ ਤਸਵੀਰ ਗਦਰ ਮੈਮੋਰੀਅਲ ਹਾਲ, ਸੈਨਫਰਾਂਸਿਸਕੋ ਵਿਖੇ ਲਗਾਉਣ ਲਈ ਅਸੀਂ ਕੌਂਸਲ ਜਨਰਲ ਡਾ. ਟੀ. ਵੀ. ਨਗੇਂਦਰ ਪ੍ਰਸਾਦ ਅਤੇ ਕੌਂਸਲ ਡਾ. ਅਕੁਨ ਸਭਰਵਾਲ ਅਤੇ ਸਮੂਹ ਸਟਾਫ ਦੇ ਅਤੀ ਧੰਨਵਾਦੀ ਹਾਂ, ਜਿਹਨਾਂ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੀ ਤਸਵੀਰ ਗਦਰ ਮੈਮੋਰੀਅਲ ਹਾਲ, ਸੈਨਫਰਾਂਸਿਸਕੋ ਵਿਖੇ ਲਗਾਈ। ਅਸੀਂ ਅਦਾਰਾ "ਅੰਬੇਦਕਰ ਟਾਈਮਜ਼'' ਅਤੇ "ਦੇਸ਼ ਦੁਆਬਾ'' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਵੱਲੋਂ ਇਸ ਤਸਵੀਰ ਲਗਾਓਣ ਲਈ ਅਣਥੱਕ ਉਦਮ ਕਰਨ ਦੀ ਸ਼ਲਾਘਾ ਅਤੇ ਧੰਨਵਾਦ ਕਰਦੇ ਹਾਂ।**







# ਵਿਨੋਦ ਕੁਮਾਰ ਚੁੰਬਰ ਅਤੇ ਸਮੂਹ ਮੈਂਬਰ

## Bhim International USA

ਦੇਸ਼ ਦੁਆਬਾ

# AMBEDKAR TIMES AND THE SO-CALLED UPPER CASTES

Prem K. Chumber
Editor-in-Chief: www.ambedkartimes.com

**Dear Readers,**

Ambedkartimes.com received an e-mail seeking its opinion on the question of whether this World's fastest expanding web-site entertains reports, articles and essays written by scholars belonging to Non-Dalit or so called Upper Caste categories?

Let me (the editor of this site), clarify at the outset that www.ambedkartimes.com firmly believes in the philosophy and teachings of Bharat Rattan Babasaheb Dr. B. R. Ambedkar and aims at in its modest way to keep the caravan going on. Babasaheb had very clearly said that Brahmanism is a state of mind and an ideology rooted in Hindu Shastras. Brahmanism is not a person. A particular person who belongs to an Upper Caste but does not believe in the muck of the Hindu Shastras and is critical of its Chaturvarna theory cannot be tied with Brahmanism simply by virtue of the fact that he is born Upper Caste. Such thinking totally negates the very radical philosophy of Babasaheb Dr Ambedkar who clearly condemned any kind of discrimination based on birth/caste.

After the episode of Jat-Pat Todak Mandal of Lahore in 1936, Babasaheb Dr. Ambedkar decided that henceforth he would not go to any Caste Hindu organization but will welcome any one from the Upper Castes if he or she believes in Annihilation of the Caste system and agree with his philosophy of emancipation and empowerment of the Dalits.

Thus, Ambedkartimes.com is of the firm view that if any one, whosoever she/he may be, tries to distort the path of Babasaheb's struggle and creates a wedge between the Dalits and the Dalit-sympatic scholars (who irrespective of their caste repose faith in the Philosophy and teachings of Dr. B.R. Ambedkar) is an enemy of the Dalits and the cause of the community.

<www.ambedkartimes.com> encourage and welcome scholars of Dalits as well as non-Dalit background to contribute their valuable writings that will enlighten the cause of the Dalits and further the on-going struggle both in India and elsewhere.

Further <www.ambedkartimes.com> does not discriminate simply on the basis of birth, rather it is duty bound to make all efforts for the elimination of this disastrous practice of Brahminical ideology that has made the life of Dalits a hell for centuries all together.

It also caution that we too should not fall victim to such nefarious designs of the Brahminical ideology and warns to be at guards so that Brahmanism should not enter the rank and files of the Ambedkarite struggle from the back door!

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

## ਜਨਮ ਦਿਵਸ 'ਤੇ ਵਿਸ਼ੇਸ਼

# 'ਗੁਰੂ ਕੇ ਬੇਟੇ' ਸ਼ਹੀਦ ਬਾਬਾ ਜੀਵਨ ਸਿੰਘ ਜੀ

ਸਿੱਖ ਇਤਿਹਾਸ ਦੀ ਸਿਰਜਣਾ ਲਈ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਖਾਨਦਾਨ ਦੀ ਘਾਲਣਾ ਅਮੁੱਲ ਹੈ। ਉਨ੍ਹਾਂ ਦੇ ਵਡੇਰੇ ਭਾਈ ਕਲਿਆਣਾ ਜੀ ਨੇ ਬਾਬਾ ਬੁੱਢਾ ਜੀ ਨਾਲ ਪਹਿਲੇ ਪਾਤਸ਼ਾਹ ਗੁਰੂ ਨਾਨਕ ਜੀ ਦੇ ਦਰਸ਼ਨ ਕੀਤੇ। ਉਨ੍ਹਾਂ ਨੇ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਛੇਵੀਂ ਪਾਤਸ਼ਾਹੀ ਤੱਕ ਗੁਰੂ ਘਰ ਦੀ ਸ਼ਰਧਾ ਭਾਵਨਾ ਸਹਿਤ ਸੇਵਾ ਕੀਤੀ।

ਭਾਈ ਕਲਿਆਣਾ ਜੀ ਨੇ ਦਰਬਾਰ ਸਾਹਿਬ ਦੀ ਉਸਾਰੀ ਲਈ ਸੁਕੇਤ ਮੰਡੀ ਤੋਂ ਲੱਕੜ ਲਿਆਉਣ ਦੀ ਸੇਵਾ ਨਿਭਾਈ ਤੇ ਗੁਰਸਿੱਖੀ ਦੇ ਪ੍ਰਚਾਰ ਵਿੱਚ ਉੱਘਾ ਯੋਗਦਾਨ ਪਾਇਆ। ਆਪ ਦੀ ਪ੍ਰੇਰਨਾ ਸਦਕਾ ਸੁਕੇਤ ਮੰਡੀ ਦਾ "ਰਾਜਾ ਹਰੀ ਸੈਨ" ਗੁਰੂ ਘਰ ਦਾ ਸ਼ਰਧਾਲੂ ਬਣਿਆ। ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਦੀ ਕੈਦ ਦੌਰਾਨ ਗੁਰੂ ਘਰ ਦਾ ਕਾਰੋਬਾਰ ਜਿਨ੍ਹਾ ਮੁਖੀ ਸਿੱਖਾਂ ਨੂੰ ਸੌਂਪਿਆ ਗਿਆ ਸੀ ਉਨ੍ਹਾਂ ਵਿਚ ਭਾਈ ਕਲਿਆਣਾ ਜੀ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬਹਿਲੋ ਜੀ ਅਤੇ ਭਾਈ ਭਗਤੂ ਜੀ ਪਰਮੁੱਖ ਸਨ। ਭਾਈ ਕਲਿਆਣਾ ਜੀ ਦੇ ਸੱਚ ਖੰਡ ਪਿਆਨਾ ਕਰਨ ਤੇ ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਰਮਦਾਸ ਵਿਖੇ ਆਪਣੇ ਹੱਥੀਂ ਉਹਨਾਂ ਦਾ ਸਸਕਾਰ ਕੀਤਾ ਗਿਆ।ਬਾਬਾ ਬੁੱਢਾ ਜੀ ਦੀ ਸਮਾਧ ਦੇ ਕੋਲ ਉਹਨਾਂ ਦੀ ਯਾਦਗਾਰ ਅੱਜ ਵੀ ਸਸ਼ੋਭਿਤ ਹੈ।

ਭਾਈ ਕਲਿਆਣਾ ਜੀ ਦੇ ਸਪੁੱਤਰ ਭਾਈ ਸੁਖਭਾਨ ਜੀ ਨੇ ਦਿੱਲੀ ਵਿਖੇ ਆਪਣੇ ਪਿਤਾ ਜੀ ਦੀ ਯਾਦ ਵਿੱਚ " ਭਾਈ ਕਲਿਆਣਾ ਜੀ ਧਰਮਸ਼ਾਲਾ" (ਜਿਥੇ ਅੱਜਕਲ੍ਹ ਗੁਰਦੁਆਰਾ ਰਕਾਬ ਗੰਜ ਸਾਹਿਬ ਸੁਸ਼ੋਭਿਤ ਹੈ) ਬਣਵਾਈ। ਜਿੱਥੇ ਪ੍ਰਸਿੱਧ ਸੰਗੀਤ ਕੇਂਦਰ ਤੇ ਗੁਰਮਤਿ ਵਿਦਿਆਲਾ ਚਾਲੂ ਕੀਤਾ ਗਿਆ। ਉਨ੍ਹਾਂ ਦੇ ਸਪੁੱਤਰ ਭਾਈ ਜਸਭਾਨ ਜੀ ਨੇ ਗੁਰੂ ਘਰ ਦੇ ਅਨਿੰਨ ਭਗਤ ਵਜੋਂ ਸੰਗੀਤ ਵਿਦਿਆਲੇ ਦੀ ਸੇਵਾ ਨਿਭਾਈ।

ਭਾਈ ਜਸਭਾਨ ਜੀ ਦੇ ਸਪੁੱਤਰ ਭਾਈ ਆਗਿਆ ਰਾਮ ਤੇ ਭਾਈ ਸਦਾ ਨੰਦ ਜੀ ਹੋਏ ਹਨ। ਭਾਈ ਸਦਾ ਨੰਦ ਜੀ ਗੁਰਮਤਿ ਸੰਗੀਤ ਦੇ ਸ਼ਾਹਕਾਰ ਸਨ। ਗੁਰੂ ਤੇਗ ਬਹਾਦਰ ਜੀ ਦੀ ਪਹਿਲੀ ਪ੍ਰਚਾਰ ਯਾਤਰਾ ਦੌਰਾਨ 13 ਅਕਤੂਬਰ 1657 ਈ: ਨੂੰ ਭਾਈ ਸਦਾ ਨੰਦ ਜੀ ਦੀ ਸ਼ਾਦੀ ਕੋਇਲ ਨਗਰ (ਮੌਜੂਦਾ ਅਲੀਗੜ੍ਹ) ਨਿਵਾਸੀ ਪੰਡਿਤ ਸ਼ਿਵ ਨਰਾਇਣ ਜੀ ਦੀ ਸਪੁੱਤਰੀ ਬੀਬੀ ਲਾਜਵੰਤੀ ਜੀ ਨਾਲ ਆਪ ਕਰਵਾਈ। ਬੀਬੀ ਜੀ ਬੜੇ ਕੀਰਤਨ ਰਸੀਏ ਤੇ ਸੰਗੀਤ ਪ੍ਰੇਮੀ ਸਨ। ਜੋ ਗੁਰੂ ਘਰ ਵਿੱਚ ਆਪਣੀ ਸੇਵਾ ਭਾਵਨਾ ਸ਼ਰਧਾ ਅਤੇ ਪ੍ਰੇਮਾ ਭਗਤੀ ਕਰਕੇ ਬੀਬੀ ਪ੍ਰੇਮੋ ਵਜੋਂ ਪ੍ਰਸਿੱਧ ਹੋਏ। ਭਾਈ ਸਦਾ ਨੰਦ ਜੀ ਯੁਧ ਕਲਾ ਵਿੱਚ ਪ੍ਰਬੀਨ, ਸੰਤ -ਸਿਪਾਹੀ, ਗੁਰਮਤਿ ਦੇ ਵਿਦਵਾਨ, ਪ੍ਰਚਾਰਕ ਅਤੇ ਮਹਾਨ ਸੰਗੀਤ ਅਚਾਰੀਆ ਸਨ।

ਵਰਨਣਯੋਗ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਦੂਸਰੀ ਪ੍ਰਚਾਰ ਯਾਤਰਾ ਦੌਰਾਨ ਭਾਈ ਸਦਾ ਨੰਦ ਜੀ ਦੇ ਗ੍ਰਹਿ ਵਿਖੇ ਬੀਬੀ ਪ੍ਰੇਮੋ ਜੀ ਦੀ ਸੁਲੱਖਣੀ ਕੁੱਖੋਂ 2 ਸਤੰਬਰ 1661 ਈ: ਨੂੰ ਇੱਕ ਹੋਣਹਾਰ ਬਾਲਕ ਦਾ ਜਨਮ ਹੋਇਆ। ( ਹੁਣ ਪੰਜਾਬ ਸਰਕਾਰ ਵਲੋਂ 5 ਸਤੰਬਰ ਨੂੰ ਉਹਨਾਂ ਦੇ ਜਨਮ ਦਿਵਸ ਦੀ ਰਾਖਵੀਂ ਛੁੱਟੀ ਕੀਤੀ ਜਾਂਦੀ ਹੈ) ਬਾਲਕ ਦਾ ਨਾਮ ਗੁਰੂ ਤੇਗ ਬਹਾਦਰ ਜੀ ਨੇ ਆਪ ਜਯਤਾ (ਜੈਤਾ) ਰੱਖਿਆ। ਭਾਈ ਜੈਤਾ ਜੀ ਦਾ ਬਚਪਨ ਬੜੇ ਚਾਵਾਂ ਮਲਾਰਾਂ ਨਾਲ ਗੁਰੂ ਘਰ ਵਿੱਚ ਗੁਜ਼ਰਿਆ। ਉਹਨਾਂ ਨੇ ਸਸ਼ਤਰ ਵਿਦਿਆ ਵਿਚ ਗੱਤਕਾ ਖੇਡਣਾ ,ਜੰਗੀ ਮਸ਼ਕਾਂ,ਕੁਸ਼ਤੀ ,ਤੈਰ-ਾਕੀ ਨੇਜੇਬਾਜੀ , ਤੀਰ ਅੰਦਾਜ਼ੀ, ਘੋੜ ਸਵਾਰੀ ਤੇ ਨਿਸ਼ਾਨੇ ਬਾਜੀ ਵਿਚ ਚੋਖੀ ਮੁਹਾਰਤ ਹਾਸਿਲ ਕਰ ਲਈ । ਭਾਈ ਜੈਤਾ ਜੀ ਨੇ ਪੰਜਾਬੀ, ਬ੍ਰਿਜ ਭਾਸ਼ਾ,ਸੰਸਕ੍ਰਿਤ, ਹਿੰਦੀ, ਫਾਰਸੀ ,ਅਰਬੀ ਆਦਿ ਭਾਸ਼ਾਵਾਂ ਦਾ ਗਿਆਨ ਹਾਸਲ ਕਰ ਲਿਆ। ਪ੍ਰਸਿੱਧ ਸੰਗੀਤ ਆਚਾਰੀਆ ਭਾਈ ਸਦਾ ਨੰਦ ਜੀ ਤੋਂ ਆਪ ਨੇ ਸੰਗੀਤ ਦਾ ਗਿਆਨ ਹਾਸਿਲ ਕੀਤਾ।



ਲਾਲ ਸਿੰਘ ਸੁਲਹਾਣੀ
91-98721-55120

ਗੁਰੂ ਜੀ ਦੀ ਤੀਸਰੀ ਯਾਤਰਾ ਦੌਰਾਨ 23 ਦਸੰਬਰ 1666 ਈ:ਨੂੰ ਭਾਈ ਸਦਾ ਨੰਦ ਜੀ ਦੇ ਦੂਸਰੇ ਬੇਟੇ ਸੰਗਤੇ ਦਾ ਜਨਮ ਪਟਨਾ ਸਾਹਿਬ ਵਿਖੇ ਹੋਇਆ।

ਇਤਿਹਾਸ ਗਵਾਹ ਹੈ ਕਿ ਭਾਈ ਜੈਤਾ ਨੇ ਦਿੱਲੀ ਦੇ ਦਹਿਸ਼ਤਜ਼ਦਾ ਮਹੌਲ ਵਿਚੋਂ ਗੁਰੂ ਤੇਗ ਬਹਾਦਰ ਜੀ ਦੇ ਪਵਿਤਰ ਸੀਸ ਨੂੰ ਦਿੱਲੀ ਦੇ ਚਾਂਦਨੀ ਚੌਕ ਵਿੱਚ ਬੇਅਦਬ ਹੋਣ ਤੋਂ ਬਚਾ ਕੇ 322 ਕਿਲੋ ਮੀਟਰ ਲੰਬਾ ਤੇ ਬਿਖੜਾ ਪੈਂਡਾ ਤਹਿ ਕਰਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁਚਾਉਣ ਦਾ ਮਹਾਨ ਜੁਅਰਤ ਤੇ ਦਲੇਰੀ ਭਰਿਆ ਕਾਰਨਾਮਾ ਕਰ ਦਿਖਾਇਆ। ਜਿਸ ਸਦਕਾ ਬਾਲ ਗੁਰੂ ਗੋਬਿੰਦ ਰਾਏ ਜੀ ਨੇ ਉਨ੍ਹਾਂ ਨੂੰ ਨਿੱਘੀ ਗਲਵਕੜੀ ਵਿਚ ਛਾਤੀ ਨਾਲ ਘੁਟਦਿਆਂ "ਰੰਘਰੇਟੇ ਗੁਰੂ ਕੇ ਬੇਟੇ" ਆਖ ਕੇ ਨਿਵਾਜਿਆ। ਭਾਈ ਜੈਤਾ ਜੀ ਨੇ ਗੁਰੂ ਤੇਗ ਬਹਾਦਰ ਜੀ ਵੱਲੋਂ ਬਖਸ਼ਿਸ਼ ਕੀਤੀ ਗੁਰਿਆਈ ਸਮੱਗਰੀ ਤੇ 57 ਸਲੋਕ ਵੀ ਅਨੰਦਪੁਰ ਸਾਹਿਬ ਪੁਚਾਉਣ ਦਾ ਉੱਤਮ ਕਾਰਜ ਕੀਤਾ।

"ਬੇਗ਼ਮਪੁਰੇ ਤੇ ਹਲੇਮੀ ਰਾਜ" ਦੀ ਸਥਾਪਨਾ ਲਈ ਸਾਹਿਬ -ਇ -ਕਮਾਲ ਗੁਰੂ ਗੋਬਿੰਦ ਸਿੰਘ ਜੀ ਵਲੋਂ ਲੜੇ ਧਰਮ ਯੁੱਧਾਂ (ਭੰਗਾਣੀ ਤੋਂ ਚਮਕੌਰ ਤੱਕ) ਦੌਰਾਨ ਆਪਣੀ ਯੋਗਤਾ,ਬੀਰਤਾ ਅਤੇ ਜਵਾਂ -ਮਰਦੀ ਦੇ ਜੌਹਰ ਦਿਖਾਏ। ਦੇਸ ਦੀ ਅਜ਼ਮਤ ਅਤੇ ਅਸਮਤ ਦੀ ਰਾਖੀ ਲਈ ਅਤੇ ਕੌਮ ਨੂੰ "ਨਵਾਂ ਜੀਵਨ" ਦੇਣ ਸਦਕਾ 30 ਮਾਰਚ 1699 ਨੂੰ ਖਾਲਸੇ ਦੀ ਸਿਰਜਣਾ ਸਮੇਂ ਗੁਰੂ ਜੀ ਨੇ ਭਾਈ ਜੈਤਾ ਜੀ ਦਾ ਨਾਮ ਭਾਈ ਜੀਵਨ ਸਿੰਘ ਰੱਖਿਆ।

19-20 ਦਸੰਬਰ 1704 ਈ: ਦੀ ਰਾਤ ਨੂੰ ਗੁਰੂ ਜੀ ਵਲੋਂ ਅਨ-ੰਦਪੁਰ ਸਾਹਿਬ ਛੱਡਣ ਤੋਂ ਬਾਅਦ ਬਾਈਧਾਰ ਦੇ ਹਿੰਦੂ ਰਾਜਿਆਂ ਅਤੇ ਸ਼ਾਹੀ ਫੌਜਾਂ ਨੇ ਵਾਅਦੇ ਮੁਆਹਿਦੇ ਤੇ ਕਸਮਾਂ ਤੋੜ ਕੇ ਸਰਸਾ ਦੇ ਕੰਡੇ ਅਚਾਨਕ ਹੱਲਾ ਬੋਲ ਦਿੱਤਾ। ਇਸ ਲੜਾਈ ਵਿੱਚ ਉਨ੍ਹਾਂ ਦੇ ਪਰਮ ਮਿੱਤਰ ਭਾਈ ਉਦੈ ਸਿੰਘ ਜੀ ਸ਼ਹੀਦ ਹੋ ਗਏ। ਏਥੇ ਹੀ ਬਾਬਾ ਜੀਵਨ ਸਿੰਘ ਜੀ ਦੇ ਮਾਤਾ ਬੀਬੀ ਪ੍ਰੇਮੋ ਜੀ, ਉਨ੍ਹਾਂ ਦੀ ਧਰਮ ਪਤਨੀ ਬੀਬੀ ਰਾਜ ਕੌਰ ਅਤੇ ਦੋ ਛੋਟੇ ਬੇਟੇ ਭਾਈ ਗੁਲਜ਼ਾਰ ਸਿੰਘ ਜੀ ਅਤੇ ਭਾਈ ਗੁਰਦਿਆਲ ਸਿੰਘ ਜੀ ਸ਼ਹੀਦ ਹੋ ਗਏ। ਬਾਬਾ ਜੀਵਨ ਸਿੰਘ ਜੀ ਨੇ ਇਸ ਯੁੱਧ ਦੌਰਾਨ ਆਪਣੀ ਬੀਰਤਾ ਦੇ ਜੌਹਰ ਦਿਖਾਉਂਦਿਆਂ ਘੋੜੇ ਦੀਆਂ ਲਗਾਮਾਂ ਮੂੰਹ ਵਿੱਚ ਲੈ ਕੇ ਦੋਹਾਂ ਹੱਥਾਂ ਨਾਲ ਤਲਵਾਰਾਂ ਚਲਾਉਂਦਿਆਂ ਦੁਸ਼ਮਣਾਂ ਦੇ ਸੱਥਰ ਵਿਛਾ ਦਿੱਤੇ ਤੇ ਆਪਣੇ ਸਸ਼ਤਰ ਵਿਦਿਆ ਦੇ ਸ਼ਗਿਰਦ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਵੈਰੀ ਦਲਾਂ ਦੇ ਘੇਰੇ ਵਿੱਚੋਂ ਕੱਢ ਲਿਆਉਣ ਵਿੱਚ ਕਾਮਯਾਬ ਹੋ ਗਏ ।

21 ਦਸੰਬਰ 1704 ਈ: ਨੂੰ ਗੁਰੂ ਜੀ 40 ਕੁ ਥੱਕੇ ਟੁੱਟੇ ਤੇ ਭੁੱਖਣ ਭਾਣੇ ਸਿੰਘਾਂ ਸਮੇਤ ਚਮਕੌਰ ਦੀ ਕੱਚੀ ਗੜ੍ਹੀ ( ਹਵੇਲੀ) ਵਿੱਚ ਆ ਗਏ ।ਏਥੇ ਦੁਨੀਆਂ ਦੀ ਸੱਭ ਤੋਂ ਅਸਾਵੀਂ ਜੰਗ ਹੋਈ। ਗੁਰੂ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਤੇ ਪ੍ਰਾਣਾਂ ਤੋਂ ਪਿਆਰੇ ਸਿੰਘ ਇਸ ਮੌਕੇ ਸ਼ਹੀਦ ਹੋ ਗਏ। ਚਮਕੌਰ ਦੀ ਬੇਮੇਚ ਜੰਗ ਵਿੱਚ ਬਾਬਾ ਜੀ ਦੇ ਸਹੁਰਾ ਸਾਹਿਬ ਭਾਈ ਖਜ਼ਾਨ ਸਿੰਘ ਜੀ , ਛੋਟੇ ਭਰਾਤਾ ਭਾਈ ਸੰਗਤ ਸਿੰਘ ਜੀ ਅਤੇ ਦੋ ਵੱਡੇ ਵੱਡੇ ਬੇਟੇ ਭਾਈ ਸੁੱਖਾ ਸਿੰਘ ਤੇ ਭਾਈ ਸੇਵਾ ਸਿੰਘ ਜੀ ਵੀ ਸ਼ਹੀਦ ਹੋ ਗਏ । ਖਾਲਸੇ ਨੇ ਗੁਰੂ ਜੀ ਨੂੰ ਚਮਕੌਰ ਗੜੀ ਵਿਚੋਂ ਸੁਰੱਖਿਅਤ ਬਚ ਨਿਕਲਣ ਦਾ ਫ਼ਰਮਮਨ ਜਾਰੀ ਕਰ ਦਿੱਤਾ । ਗੁਰੂ ਜੀ ਆਪਣੀ ਕਲਗੀ, ਸਸ਼ਤਰ ਤੇ ਬਸਤਰ ਬਾਬਾ ਜੀਵਨ ਸਿੰਘ ਜੀ ਨੂੰ ਸੌਂਪ ਕੇ ਮਾਛੀਵਾੜੇ ਦੇ ਜੰਗਲਾਂ ਨੂੰ ਚਲੇ ਗਏ। ਦਰਬਾਰੀ ਕਵੀ ਕੰਕਣ ਲਿਖਦਾ ਹੈ ਕਿ :--

ਨਿੱਜ ਕਲਗੀ ਸਿਰ ਦਈ ਸਜਾਇ।
ਦਈ ਪੋਸ਼ਾਕ ਆਪਣੀ ਪਹਿਰਾਇ।
ਜੀਵਨ ਸਿੰਘ ਕੋ ਬੁਰਜ ਬੈਠਿਇ।
ਤਜ ਗੜ੍ਹੀ ਗੁਰੂ ਗੋਬਿੰਦ ਸਿੰਘ ਜਾਇ।
(ਸੰਛੇਪ ਦਸ ਗੁਰ ਕਥਾ - ਕਵੀ ਕੰਕਣ
ਸੰਪਾਦਕ ਡਾ :ਗੁਰਮੁੱਖ ਸਿੰਘ ਐਮ। ਏ।,
ਪੀ ਐਚ ਡੀ ਖੋਜ ਅਫਸਰ ਭਾਸ਼ਾ ਵਿਭਾਗ ਪੰਜਾਬ) ।

ਇਤਿਹਾਸਕਾਰ ਸ: ਰਤਨ ਸਿੰਘ ਭੰਗੂ ਲਿਖਦਾ ਹੈ ਕਿ :--
ਜੀਵਨ ਸਿੰਘ ਰੰਘਰੇਟੜੋ ਬੰਦੂਕੀ ਖੂਬ ਅਖਵਾਇ।
ਏਕ ਬੁਰਜ ਮਧ ਸੇ ਬਹਯੋ, ਏਕਲ ਹੀ ਸੋ ਥਾਇ।
(ਪ੍ਰਾਚੀਨ ਪੰਥ ਪ੍ਰਕਾਸ਼ ਰਤਨ ਸਿੰਘ ਭੰਗੂ)

ਅੰਤ ਚਮਕੌਰ ਵਿਖੇ ਆਪਣੀਆਂ ਦੋ ਬੰਦੂਕਾਂ ਨਾਗਣੀ ਤੇ ਬਾਘਣੀ ਨਾਲ ਬੁਰਜ ਤੋਂ ਆਖਰੀ ਦਮ ਤੱਕ ਲੜਦਿਆਂ ਲੜਦਿਆਂ ਬਾਬਾ ਜੀਵਨ ਸਿੰਘ ਜੀ ਸ਼ਹਾਦਤ ਦਾ ਜਾਮ ਪੀ ਗਏ। ਉਨ੍ਹਾਂ ਨੇ ਗੁਰੂ ਜੀ ਦਾ

"ਸਵਾ ਲੱਖ ਸੇ ਏਕ ਲੜਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ। "

ਬਚਨ ਸੱਚ ਕਰ ਦਿਖਾਇਆ।

ਦਰਬਾਰੀ ਕਵੀ ਕੰਕਣ ਲਿਖਦਾ ਹੈ ਕਿ :--
ਅੰਤ ਅਕੇਲਾ ਗੜ੍ਹੀ ਮੇਂ ,
ਬੰਦੂਕੀ ਪ੍ਰਬੀਨ।
"ਜੀਵਨ ਸਿੰਘ ਰੰਘਰੇਟੜੋ,
ਜੂਝ ਗਇਓ ਸੰਗ ਦੀਨ।
ਵਜੀਰਾ ਅਤ ਪ੍ਰਸੰਨ ਭਯੋ,
ਮਾਰ ਲੀਓ ਗੋਬਿੰਦ।
ਦਿੱਲੀ ਧਾਇਓ ਸੀਸ ਲੈ,
ਖੁਸ਼ੀ ਕਰਨ ਨਰਿੰਦ।"

ਚਮਕੌਰ ਵਿਖੇ ਸ਼ਹੀਦ ਸਿੰਘਾਂ ਵਿਚੋਂ ਇਕੱਲੇ ਬਾਬਾ ਜੀਵਨ ਸਿੰਘ ਜੀ ਦੀ ਪ੍ਰਾਚੀਨ ਯਾਦਗਾਰ ਅੱਜ ਵੀ ਸਸ਼ੋਭਿਤ ਹੈ। ਜਿਥੇ ਹੁਣ ਬਾਬਾ ਜੀ ਦੀ ਉੱਤਮ ਦੇ ਲੋਕਾਂ ਵਲੋਂ ਸੱਤ ਮੰਜ਼ਿਲਾ ਗੁਰਦੁਆਰਾ ਸਾਹਿਬ ਤਾਮੀਰ ਕਰਵਾਇਆ ਗਿਆ ਹੈ। ਪਰ ਸ਼੍ਰੋਮਣੀ ਕਮੇਟੀ ਵਲੋਂ ਉਸ ਦਾ ਰਸਤਾ ਬਜ਼ਾਰ ਵਾਲੇ ਪਾਸਿਓਂ ਬੰਦ ਕੀਤਾ ਹੋਇਆ ਹੈ।

ਬ੍ਰਾਹਮਣਵਾਦੀ ਪ੍ਰੇਤ ਛਾਇਆ ਦੇ ਅਸਰ ਹੇਠ ਅਖੌਤੀ ਪੰਥਕ ਠੇਕੇਦ-ਾਰਾਂ ਵਲੋਂ ਬਾਬਾ ਜੀਵਨ ਸਿੰਘ ਜੀ ਨੂੰ ਸਿਰਤੋੜ ਪੰਥਕ ਸੇਵਾ ਕਰਨ ਦੇ ਬਾਵਜੂਦ ਵੀ ਢੁਕਵਾਂ ਸਤਕਾਰ ਨਹੀਂ ਦਿੱਤਾ ਗਿਆ। ਪਤਾ ਨਹੀਂ ਕਿਉਂ?

ਉਹਨਾਂ ਦੇ ਖ਼ਾਨਦਾਨ ਵਲੋਂ ਕੌਮੀ ਉਸਾਰੀ ਲਈ ਪਾਏ ਨਿੱਗਰ ਯੋਗਦਾਨ, ਗੁਰੂ ਘਰ ਨਾਲ ਅਟੁੱਟ ਸਾਂਝ ਤੇ ਲਾਸਾਨੀ ਕੁਰਬਾਨੀਆਂ ਦੇ ਬਾਵਜੂਦ ਵੀ ਜਾਣੇ ਅਣਜਾਣੇ ਨਜ਼ਰ ਅੰਦਾਜ਼ ਕਰ ਦਿੱਤਾ ਗਿਆ ਹੈ। ਜਦੋਂ ਕਿ ਪੰਥ ਦੇ ਠੇਕੇਦਾਰਾਂ ਵੱਲੋਂ ਜੰਡਾਂ, ਕਰੀਰਾਂ, ਟਾਹਲੀਆਂ , ਬੇਰੀਆਂ ਆਦਿ ਦਰੱਖਤਾਂ ਤੇ ਤਿੱਤਰਾਂ, ਬਾਜਾਂ ,ਘੋਗੜਾਂ ਆਦਿ ਪੰਛੀਆਂ ਦੇ ਨਾਵਾਂ ਤੇ ਆਲੀਸ਼ਾਨ ਯਾਦਗਾਰਾਂ ਉਸਾਰੀਆਂ ਗਈਆਂ ਹਨ। ਕੀ ਬਾਬਾ ਜੀਵਨ ਸਿੰਘ ਜੀ ਦੇ ਖਾਨਦਾਨ ਦੀ ਘਾਲਣਾ ਤੇ ਪੰਥਕ ਸੇਵਾ ਉਹਨਾਂ ਤੋਂ ਵੀ ਨਿਗੂਣੀ ਐ?

ਸੁੱਚੀ ਮਾਨਵੀ ਸੋਚ ਤੇ ਗੁਰਮਤਿ ਵਿਚਾਰਧਾਰਾ ਦੇ ਉਲਟ ਪੰਥਕ ਠੇਕੇਦਾਰਾਂ ਵਲੋਂ ਅੱਜ ਵੀ ਬਾਬਾ ਜੀਵਨ ਸਿੰਘ ਜੀ ਦੀ ਉੱਮਤ ਦੇ ਲੋਕਾਂ ਨੂੰ ਕੰਮੀ-ਕਮੀਣ, ਲਾਗੀ -ਵਗਾਰੀ, ਨੀਚ -ਨਿਮਾਣੇ , ਸੀਰੀ-ਪਾਲ਼ੀ ਤੇ ਗੋਲੂ-ਗੁਲਾਮ ਬਣਾ ਕੇ ਰੱਖਿਆ ਹੋਇਆ ਹੈ। ਜਦੋਂ ਕਿ ਗੁਰੂ ਸਾਹਿਬ ਦਾ ਮਾਨਵਵਾਦੀ ਟੀਚਾ

**"ਇਨ ਗਰੀਬ ਸਿਖਨ ਕਉ ਦੇਊਂ ਪਾਤਸ਼ਾਹੀ"**

ਮਿੱਥਿਆ ਗਿਆ ਹੈ।





The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸ਼ਹੀਦ ਊਧਮ ਸਿੰਘ ਤੇ ਸ਼ਹੀਦ ਮਦਨ ਲਾਲ ਢੀਂਗਰਾ ਦਾ ਸਲਾਨਾ ਸ਼ਹੀਦੀ ਸਮਾਗਮ ਕਰਵਾਇਆ

## ਵਿੱਛੜ ਚੁੱਕੀਆਂ ਉੱਘੀਆਂ ਸਖਸ਼ੀਅਤਾਂ ਨੂੰ ਦਿੱਤੀ ਗਈ ਸ਼ਰਧਾਂਜਲੀ ਅਤੇ ਨਵੀਂ ਕਮੇਟੀ ਦੇ ਅਹੁਦੇਦਾਰਾਂ ਦਾ ਕੀਤਾ ਗਿਆ ਐਲਾਨ
































**ਫਰਿਜ਼ਨੋਂ (ਕੁਲਵੀਰ ਹੇਅਰ)–** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਹਰ ਸਾਲ ਦੀ ਤਰ੍ਹਾਂ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦ 'ਚ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਬੱਚਿਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ ਜੋ ਖਿਚ ਦਾ ਕੇਂਦਰ ਬਣੇ। ਸਮਾਗਮ ਦੀ ਸ਼ੁਰੂਆਤ ਕਰਦਿਆਂ ਸੁਰਿੰਦਰ ਮੰਢਾਲੀ ਨੇ ਹਾਜ਼ਰੀਨ ਨੂੰ ਜੀ ਆਇਆਂ ਆਖਿਆ ਤੇ ਨਾਲ ਹੀ ਪਿਛਲੇ ਸਮੇਂ ਦੌਰਾਨ ਕਮਿਉਨਿਟੀ ਦੀਆਂ ਵਿੱਛੜ ਚੁੱਕੀਆਂ ਉੱਘੀਆਂ ਸਖਸ਼ੀਅਤਾਂ ਨੂੰ ਸ਼ੋਕ ਮਤੇ ਰਾਹੀਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ਜਿਨਾਂ ਵਿਚ ਫੋਰਮ ਦੇ ਬਾਨੀ ਗੁਰਦੀਪ ਸਿੰਘ ਅਣਖੀ, ਜਗਜੀਤ ਸਿੰਘ ਥਿੰਦ, ਮਹਿੰਦਰ ਸਿੰਘ ਗਰੇਵਾਲ ਅਤੇ ਮਾਸਟਰ ਲਛਮਣ ਸਿੰਘ ਰਠੌੜ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ।ਉਪਰੰਤ ਸਟੇਜ ਦੀ ਜ਼ਿੰਮੇਵਾਰੀ ਹਰਜਿੰਦਰ ਢੇਸੀ ਨੇ ਸੰਭਾਲੀ। ਰਾਜ ਬਰਾੜ ਦੇ ਇਕ ਗੀਤ ਉਪਰੰਤ ਉੱਘੇ ਸ਼ਾਇਰ ਉਸਤਾਦ ਹਰਜਿੰਦਰ ਕੰਗ, ਲੇਖਕ ਅਤੇ ਰੇਡੀਓ ਹੋਸਟ ਸੰਤੋਖ ਸਿੰਘ ਮਿਨਹਾਸ ਅਤੇ ਪ੍ਰਿੰ. ਬਲਵਿੰਦਰ ਸਿੰਘ ਨੂੰ ਭਾਸ਼ਣ ਮੁਕਾਬਲੇ ਦੌਰਾਨ ਜੱਜਾਂ ਦੀ ਭੂਮਿਕਾ ਨਿਭਾਉਣ ਲਈ ਟੇਬਲ 'ਤੇ ਆਉਣ ਲਈ ਸੱਦਾ ਦਿੱਤਾ। ਇਹ ਮੁਕਾਬਲੇ ਤਿੰਨ ਹਿੱਸਿਆਂ ਵਿਚ ਵੰਡੇ ਗਏ ਸਨ, ਪਹਿਲੇ ਭਾਗ ਵਿਚ ਐਲੀਮੈਂਟਰੀ ਸਕੂਲ ਦੇ ਬੱਚੇ ਜਿਨ੍ਹਾਂ ਵਿਚ ਗੁਰਫਤਿਹ ਸਿੰਘ ਉੱਪਲ, ਐਸ਼ਲੀਨ ਜੌਹਲ, ਅੰਜੂਨੀ ਚੀਮਾ, ਵਾਰਿਸ ਸਿੰਘ ਗਿੱਲ, ਅਸ਼ਮੀਤ ਕੌਰ ਔਜਲਾ, ਅਰੀਤ ਧਾਲੀਵਾਲ, ਸੇਹਿਜ ਸਿੰਘ ਵੜੈਚ, ਗੁਰਮਨ ਸਿੰਘ ਚਾਹਲ, ਹਰਸ਼ਾਨ ਧਾਲੀਵਾਲ, ਸ਼ਾਨ ਸਿੰਘ ਮੱਲ੍ਹੀ, ਜੇਦਿਨ ਸਿੰਘ ਗਰੇਵਾਲ ਅਤੇ ਇਕਜੋਤ ਅਟਵਾਲ ਨੇ ਭਾਗ ਲਿਆ।ਇਨ੍ਹਾਂ ਵਿਚੋਂ ਅੰਜੂਨੀ ਚੀਮਾ ਨੇ ਪਹਿਲਾ, ਵਾਰਿਸ ਸਿੰਘ ਗਿੱਲ ਨੇ ਦੂਜਾ ਅਤੇ ਐਸ਼ਲੀਨ ਜੌਹਲ ਨੇ ਤੀਜਾ ਸਥਾਨ ਅਤੇ ਇਸ਼ਮੀਤ ਕੌਰ ਨੇ ਚੌਥਾ ਸਥਾਨ ਪ੍ਰਾਪਤ ਕੀਤਾ।

ਦੂਜੇ ਭਾਗ ਦੇ ਗਰੁੱਪ ਬੀ ਵਿਚ ਮਿਡਲ ਸਕੂਲ ਦੇ ਬੱਚੇ ਜਿਨ੍ਹਾਂ ਵਿਚ ਰੀਤ ਵਿਰਕ, ਜੈਸਲੀਨ ਧਾਲੀਵਾਲ, ਆਰੀਅਨ ਸਿੰਘ ਗਿੱਲ, ਅੰਬਰ ਕੌਰ ਬਾਠ ਅਤੇ ਕੀਰਤ ਸੰਘਾ ਨੇ ਭਾਗ ਲਿਆ। ਇਨ੍ਹਾਂ ਵਿਚੋਂ ਜਸਲੀਨ ਕੌਰ ਨੇ ਧਾਲੀਵਾਲ ਨੇ ਪਹਿਲਾ, ਅੰਬਰ ਕੌਰ ਬਾਠ ਨੇ ਦੂਜਾ ਅਤੇ ਰੀਤ ਵਿਰਕ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਤੀਜੇ ਭਾਗ ਵਿਚ ਹਾਈ ਸਕੂਲ ਦੇ ਬੱਚੇ ਜਿਨ੍ਹਾਂ ਵਿਚ ਰਵਨੀਤ ਕੌਰ, ਇਸ਼ਾਨ ਮੁਹਾਰ, ਮਨਕਤਵੀਰ ਸਿੱਧੂ, ਰਾਜਬੀਰ ਧਾਲੀਵਾਲ ਅਵਲੀਨ ਧਾਲੀਵਾਲ, ਗੇਵਨ ਵਿਰਕ ਅਤੇ ਸਹਿਬ ਸੰਘਾ ਨੇ ਭਾਗ ਲਿਆ ਜਿਨ੍ਹਾਂ ਵਿਚ ਇਸ਼ਾਨ ਮੁਹਾਰ ਅਤੇ ਰਾਜਵੀਰ ਧਾਲੀਵਾਲ ਨੇ ਪਹਿਲਾ ਸਥਾਨ, ਰਵਨੀਤ ਕੌਰ ਨੇ ਦੂਜਾ ਸਥਾਨ ਅਤੇ ਮਨਕਤਵੀਰ ਸਿੱਧੂ ਨੇ ਤੀਜਾ ਸਥਾਨ ਹਾਸਲ ਕੀਤਾ।

ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਬੱਚਿਆਂ ਨੂੰ ਨਗਦ ਇਨਾਮ ਅਤੇ ਸਨਮਾਨ ਚਿੰਨ ਦਿੱਤੇ ਗਏ।ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਸਨਮਾਨ ਚਿੰਨ ਦਿੱਤੇ ਗਏ।ਇਸ ਮੌਕੇ ਬੋਲਦਿਆਂ ਉਸਤਾਦ ਸ਼ਾਇਰ ਹਰਜਿੰਦਰ ਕੰਗ ਵਲੋਂ ਸ਼ਹੀਦਾਂ ਨੂੰ ਸਮਰਪਿਤ ਸ਼ਾਇਰੀ ਦਾ ਰੰਗ ਪੇਸ਼ ਕੀਤਾ ਗਿਆ, ਉਨ੍ਹਾਂ ਬੱਚਿਆਂ ਦੇ ਮਾਪਿਆਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਬੱਚਿਆਂ ਅੰਦਰ ਇਹੋ ਜਿਹੇ ਸਮਾਗਮਾ ਵਿਚ ਭਾਗ ਲੈਣ ਦੀ ਚੇਟਕ ਪੈਦਾ ਕੀਤੀ। ਸੰਤੋਖ ਮਿਨਹਾਸ ਨੇ ਵੀ ਆਪਣੇ ਵਿਚਾਰਾਂ ਰਾਹੀਂ ਸਮਾਗਮ ਦੀ ਸਫਲਤਾ ਲਈ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਹੋਰ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ।ਇਸ ਮੌਕੇ ਆਂਚਲ ਹੇਅਰ ਵਲੋਂ ਇਕ ਸ਼ੇਅਰ ਅਤੇ ਕਵਿਤਾ ਪੇਸ਼ ਕੀਤੇ ਗਏ ਤੇ ਫੋਰਮ ਵਲੋਂ ਸਭ ਦਾ ਧੰਨਵਾਦ ਕੀਤਾ ਗਿਆ। ਰਾਜ ਬਰਾੜ ਅਤੇ ਜਰਜੀਤ ਸ਼ੇਰਗਿੱਲ ਮਰਸਿਡ ਵਲੋਂ ਆਪਣੇ ਗੀਤਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ।

ਜੀ.ਐੱਚ.ਜੀ ਡਾਂਸ ਅਤੇ ਸੰਗੀਤ ਅਕੈਡਮੀ ਦੇ ਬੱਚਿਆਂ ਵਲੋਂ ਗਿੱਧੇ ਅਤੇ ਭੰਗੜੇ ਦੀ ਖ਼ੂਬਸੂਰਤ ਪੇਸ਼ਕਾਰੀ ਕੀਤੀ ਗਈ।ਅਖੀਰ ਵਿਚ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ 24 ਮੈਂਬਰੀ ਨਵੀਂ ਕਮੇਟੀ ਦਾ ਐਲਾਨ ਕਰਦਿਆਂ ਸੁਰਿੰਦਰ ਮੰਢਾਲੀ ਨੇ ਦੱਸਿਆ ਕਿ ਫੋਰਮ ਦੀ ਨਵੀਂ ਕਮੇਟੀ ਦੇ ਸਰਪ੍ਰਸਤ ਜਸਵੰਤ ਮਾਨ ਅਤੇ ਕਰਮ ਸਿੰਘ ਮਾਨ, ਪ੍ਰਧਾਨ ਨਵਦੀਪ ਧਾਲੀਵਾਲ, ਉਪ ਪ੍ਰਧਾਨ ਪ੍ਰਗਟ ਸਿੰਘ ਧਾਲੀਵਾਲ, ਜਨਰਲ ਸਕੱਤਰ ਹਰਜਿੰਦਰ ਢੇਸੀ, ਸਹਾਇਕ ਸਕੱਤਰ ਸ਼ਰਨਜੀਤ ਧਾਲੀਵਾਲ, ਖਜਾਨਚੀ ਪਰਮਜੀਤ ਸਿੰਘ ਢਿੱਲੋਂ, ਸਹਾਇਕ ਖਜਾਨਚੀ ਗੁਰਮੀਤ ਸਿੰਘ ਗਿੱਲ ਅਤੇ ਮੀਡੀਆ ਸਕੱਤਰ ਕੁਲ-ਵੀਰ ਸਿੰਘ ਹੇਅਰ ਹੋਣਗੇ। ਸਟੇਜ ਦੀ ਜ਼ਿੰਮੇਵਾਰੀ ਹਰਜਿੰਦਰ ਢੇਸੀ ਨੇ ਬਾਖ਼ੂਬੀ ਨਿਭਾਈ। ਆਏ ਹੋਏ ਸਭਨਾਂ ਲਈ ਚਾਹ ਪਕੌੜੇ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ।ਕੁਲ ਮਿਲਾ ਕੇ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ ਅਤੇ ਭਾਈਚਾਰੇ ਦੇ ਚੇਤਿਆਂ 'ਚ ਵਸ ਗਿਆ।

## ਕੈਲੀਫੋਰਨੀਆ ਤੋਂ ਲਿਖਦੇ : ਹੁਸਨ ਲੜੋਆ ਬੰਗਾ

# ਅਮਰੀਕਾ ਦੇ ਕੈਂਟੱਕੀ ਰਾਜ ਵਿਚ ਹੜ ਨਾਲ ਮੌਤਾਂ ਦੀ ਗਿਣਤੀ 6 ਬੱਚਿਆਂ ਸਮੇਤ 16 ਹੋਈ, ਸੈਂਕੜੇ ਘਰ ਤਬਾਹ, ਲੋਕ ਹੋਏ ਘਰੋਂ ਬੇਘਰ

**ਸੈਕਰਾਮੈਂਟੋ 30 ਜੁਲਾਈ–** ਅਮਰੀਕਾ ਦੇ ਕੈਂਟੱਕੀ ਰਾਜ ਦੇ ਪੂਰਬੀ ਖੇਤਰ ਵਿਚ ਨਿਰੰਤਰ ਪੈ ਰਹੇ ਮੀਂਹ ਕਾਰਨ ਨੀਵੇਂ ਖੇਤਰਾਂ ਵਿਚ ਆਏ ਹੜ ਨਾਲ ਮਰਨ ਵਾਲਿਆਂ ਦੀ ਗਿਣਤੀ 16 ਹੋ ਗਈ ਹੈ ਤੇ ਮ੍ਰਿਤਕਾਂ ਵਿਚ 6 ਬੱਚੇ ਸ਼ਾਮਿਲ ਹਨ। ਰਾਜ ਦੇ ਗਵਰਨਰ ਐਂਡੀ ਬੀਸ਼ੀਅਰ ਨੇ ਕਿਹਾ ਹੈ ਕਿ ਮੌਤਾਂ ਦੀ ਗਿਣਤੀ ਅਜੇ ਹੋਰ ਵਧ ਸਕਦੀ ਹੈ। ਸੈਂਕੜੇ ਘਰ ਤਬਾਹ ਹੋ ਗਏ ਹਨ ਤੇ ਅਨੇਕਾਂ ਪਰਿਵਾਰ ਬੇਘਰੇ ਹੋ ਗਏ ਹਨ। ਕਈ ਕਾਊਂਟੀਆਂ ਵਿਚ ਤਾਂ ਸਮੁੱਚੇ ਲੋਕ ਹੀ ਹੜ ਦੀ ਮਾਰ ਹੇਠ ਆ ਗਏ ਹਨ। ਹਜਾਰਾਂ ਲੋਕ ਬਿਜਲੀ ਤੋਂ ਬਿਨਾਂ ਦਿਨ-ਰਾਤ ਕਟਣ ਲਈ ਮਜਬੂਰ ਹਨ। ਗਵਰਨਰ ਜਿਨਾਂ ਨੇ ਬੀਤੇ ਦਿਨ ਹੰਗਾਮੀ ਹਾਲਾਤ ਦਾ ਐਲਾਨ ਕਰ ਦਿੱਤਾ ਸੀ, ਨੇ ਇਕ ਵੀਡੀਓ ਬਿਆਨ ਵਿਚ ਕਿਹਾ ਹੈ ਕਿ ਅਸੀਂ ਕਈ ਪਰਿਵਾਰ ਗਵਾ ਲਏ ਹਨ। ਰਾਹਤ ਟੀਮਾਂ ਨੈਸ਼ਨਲ ਗਾਰਡ ਦੀ ਸਹਾਇਤਾ ਨਾਲ ਬਚਾਅ ਕਾਰਜਾਂ ਵਿਚ ਲੱਗੀਆਂ ਹੋਈਆਂ ਹਨ ਤੇ ਇਹ ਟੀਮਾਂ ਲਾਪਤਾ ਹੋਏ ਲੋਕਾਂ ਦੀ ਭਾਲ ਕਰ ਰਹੀਆਂ ਹਨ। ਹੜ ਪ੍ਰਭਾਵਿਤ ਖੇਤਰ ਦਾ ਹੈਲੀਕਾਪਟਰ ਰਾਹੀਂ



ਦੌਰਾ ਕਰਨ ਉਪਰੰਤ ਗਵਰਨਰ ਨੇ ਕਿਹਾ ਕਿ ਘਰ ਤੇ ਕਾਰੋਬਾਰੀ ਇਮਾਰਤਾਂ ਪਾਣੀ ਵਿਚ ਡੁੱਬੀਆਂ ਹੋਈਆਂ ਹਨ। ਉਨਾਂ ਕਿਹਾ ਕਿ ਸਾਡੀ ਕੋਸ਼ਿਸ਼ ਹਰ ਵਿਅਕਤੀ ਤੱਕ ਪਹੁੰਚ ਕਰਨ ਤੇ ਉਸ ਨੂੰ ਸੁਰੱਖਿਅਤਾ ਥਾਂ 'ਤੇ ਲਿਆਉਣ ਦੀ ਹੈ। ਗਵਰਨਰ ਨੇ ਲੋਕਾਂ ਜੋ ਵਸਤਾਂ ਜਾਂ ਫੰਡ ਦੇਣਾ ਚਹੁੰਦੇ ਹਨ, ਨੂੰ ਅੱਗੇ ਆਉਣ ਲਈ ਕਿਹਾ ਹੈ। ਇਸ ਸਬੰਧ ਵਿਚ ਸੰਸਥਾਵਾਂ ਨੇ ਫੰਡ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਹੈ ਜੋ ਪ੍ਰਭਾਵਿਤ ਲੋਕਾਂ ਤੱਕ ਪਹੰਚਾਇਆ ਜਾਵੇਗਾ। ਗਵਰਨਰ ਅਨੁਸਾਰ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਤੇ ਹੜ ਵੱਲੋਂ ਫੈਲਾਈ ਗੰਦਗੀ ਦੀ ਸਫਾਈ ਲਈ ਲੋੜੀਂਦੇ ਸਮਾਨ ਵੱਲ ਆਪਣਾ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਕੌਮੀ ਮੌਸਮ ਸੇਵਾ ਨਾਲ ਜੁੜੇ ਮੌਸਮ ਵਿਗਿਆਨੀਆਂ ਨੇ ਕਿਹਾ ਹੈ ਕਿ ਅਜੇ ਹੋਰ ਮੀਂਹ ਪੈਣ ਤੇ ਤੂਫਾਨ ਆਉਣ ਦੀ ਸੰਭਾਵਨਾ ਹੈ ਜਿਸ ਕਾਰਨ ਲੋਕਾਂ ਨੂੰ ਅਜੇ ਇਹਤਿਆਤ ਵਰਤਣ ਦੀ ਲੋੜ ਹੈ। ਅਜੇ ਕਈ ਖੇਤਰਾਂ ਵਿਚ ਪਾਣੀ ਘਟਣਾ ਸ਼ੁਰੂ ਨਹੀਂ ਹੋਇਆ ਹੈ। ਜਿਹੜੇ ਕਸਬੇ ਤੇ ਸ਼ਹਿਰ ਜਿਆਦਾ ਪ੍ਰਭਾਵਿਤ ਹੋਏ ਹਨ ਉਨਾਂ ਵਿਚ ਹੈਜ਼ਰਡ, ਜੈਕਸਨ, ਗਾਰੈਟ, ਸਲਾਇਰਸਵਿਲੇ, ਬੂਨਵਿਲੇ, ਵਾਈਟਸਬਰਗ ਤੇ ਪੈਰੀ ਕਾਊਂਟੀ ਦਾ ਬਾਕੀ ਹਿੱਸਾ ਸ਼ਾਮਿਲ ਹੈ। ਜੈਕਸਨ ਵਿਚ ਕੈਂਟੂਕੀ ਦਰਿਆ ਦਾ ਪਾਣੀ ਹੁਣ ਤੱਕ ਦੇ ਸਿਖਰਲੇ ਪੱਧਰ 43.2 ਫੁੱਟ 'ਤੇ ਪਹੁੰਚ ਗਿਆ ਹੈ। ਇਸ ਤੋਂ ਪਹਿਲਾਂ 1939 ਵਿਚ ਮੀਂਹ ਕਾਰਨ ਦਰਿਆ ਦਾ ਪੱਧਰ ਸਿਖਰਲੇ ਪੱਧਰ 43.1 ਫੁੱਟ 'ਤੇ ਪੁੱਜਾ ਸੀ।

# ਭਾਰਤੀ ਮੂਲ ਦੀ ਅਮਰੀਕਨ ਕਾਂਗਰਸ ਮੈਂਬਰ ਨੂੰ ਨਫਰਤੀ ਸ਼ਬਦ ਕਹਿਣ ਵਾਲਾ ਹੋਇਆ ਰਿਹਾਅ



**ਸੈਕਰਾਮੈਂਟੋ 29 ਜੁਲਾਈ)–** ਭਾਰਤੀ ਮੂਲ ਦੀ ਅਮਰੀਕਨ ਕਾਂਗਰਸ ਮੈਂਬਰ ਪ੍ਰਾਮਿਲਾ ਜੈਯਾਪਾਲ ਨੂੰ ਕਥਿੱਤ ਤੌਰ 'ਤੇ ਨਫਰਤੀ ਸ਼ਬਤ ਬੋਲਣ ਵਾਲੇ ਸ਼ੱਕੀ ਵਿਅਕਤੀ ਨੂੰ ਰਿਹਾਅ ਕਰ ਦਿੱਤਾ ਹੈ। ਸਿਆਟਲ ਪੁਲਿਸ ਦੇ ਇਕ ਅਫਸਰ ਨੇ ਕਿਹਾ ਹੈ ਕਿ ਉਹ ਯਕੀਨ ਨਾਲ ਨਹੀਂ ਕਹਿ ਸਕਦੇ ਕਿ 48 ਸਾਲਾ ਸ਼ੱਕੀ ਨੇ ਪ੍ਰਾਮਿਲਾ ਜੈਯਾਪਾਲ ਨੂੰ " ਗੋ ਬੈਕ ਇੰਡੀਆ" ਸ਼ਬਦ ਕਹੇ ਸਨ ਜਾਂ ਸ਼ੱਕੀ ਨੇ ਉਨਾਂ ਨੂੰ ਮਾਰਨ ਦੀ ਧਮਕੀ ਦਿੱਤੀ ਸੀ। ਪੁਲਿਸ ਨੇ ਕਿਹਾ ਹੈ ਕਿ ਉਸ ਨੇ ਆਰਜੀ ਸੁਰੱਖਿਆ ਆਰਡਰ ਹਾਸਲ ਕੀਤੇ ਹਨ ਜਿਨਾਂ ਤਹਿਤ ਸ਼ੱਕੀ ਵਿਅਕਤੀ ਨੂੰ ਆਪਣੇ ਅਗਨ ਸ਼ਸ਼ਤਰ ਵਾਪਿਸ ਕਰਨੇ ਪੈਣਗੇ ਤੇ ਪਿਸਤੌਲ ਦਾ ਲਾਇਸੰਸ ਜਮਾਂ ਕਰਵਾਉਣਾ ਪਵੇਗਾ। ਇਸ ਦੇ ਨਾਲ ਹੀ ਪੁਲਿਸ ਨੇ ਕਿਹਾ ਹੈ ਕਿ ਪ੍ਰਾਮਿਲਾ ਜੈਯਾਪਾਲ ਦੀ ਸਿਆਟਲ ਸਥਿੱਤ ਰਿਹਾਇਸ਼ ਦੇ ਬਾਹਰਵਾਰ ਹਾਲ ਹੀ ਵਿਚ ਵਾਪਰੀ ਘਟਨਾ ਨੂੰ ਉਹ ਗੰਭੀਰਤਾ ਨਾਲ ਲੈ ਰਹੀ ਹੈ ਤੇ ਸੁਰੱਖਿਆ ਹੋਰ ਸਖਤ ਕੀਤੀ ਜਾ ਰਹੀ ਹੈ।

# ਅਮਰੀਕਾ ਦੇ ਕੈਂਟੱਕੀ ਰਾਜ ਵਿਚ ਮੋਹਲੇਧਾਰ ਮੀਂਹ ਕਾਰਨ ਆਇਆ ਹੜ੍ਹ, 8 ਮੌਤਾਂ

**ਸੈਕਰਾਮੈਂਟੋ 29 ਜੁਲਾਈ)–** ਅਮ-ਰੀਕਾ ਦੇ ਮਿਸ਼ੌਰੀ ਰਾਜ ਤੋਂ ਬਾਅਦ ਕੈਂ-ਟੱਕੀ ਰਾਜ ਵਿਚ ਮੋਹਲੇਧਾਰ ਮੀਂਹ ਪੈਣ ਕਾਰਨ ਆਏ ਹੜ ਨਾਲ ਘਟੋ ਘੱਟ 8 ਲੋਕਾਂ ਦੀ ਮੌਤ ਹੋ ਗਈ ਹੈ। ਪੂਰੀ ਪੂਰਬੀ ਕੈਂਟੂਕੀ ਹੜ ਦੇ ਪਾਣੀ ਨਾਲ ਘਿਰੀ ਹੋਈ ਹੈ। ਲੋਕ ਉਂਚੀਆਂ ਥਾਵਾਂ 'ਤੇ ਚੜ ਕੇ ਬਿਨਾਂ ਬਿਜਲੀ ਦੇ ਦਿਨ ਕੱਟਣ ਲਈ ਮਜ਼ਬੂਰ ਹਨ। ਮੌਸਮ ਵਿਭਾਗ ਨੇ ਹੋਰ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਹੈ ਜਿਸ ਕਾਰਨ ਨੇੜ ਭਵਿੱਖ ਵਿਚ ਹਾਲਾਤ ਸੁਧਰਣ ਦੀ ਸੰਭਾਵਨਾ ਨਹੀਂ ਨਜਰ ਆ ਰਹੀ। ਕੈਂਟੂਕੀ ਦੇ ਗਵਰਨਰ ਐਂਡੀ ਬੇਸ਼ੀਅਰ ਨੇ ਕਿਹਾ ਹੈ ਕਿ ਰਾਜ ਦੇ ਇਤਿਹਾਸ ਵਿਚ ਹੜ ਕਾਰਨ ਪਹਿਲੀ ਵਾਰ ਅਜਿਹੇ ਭਿਆਨਕ ਹਾਲਾਤ ਬਣੇ ਹਨ। ਉਨਾਂ ਕਿਹਾ ਹੈ ਕਿ ਮੌਤਾਂ ਦੀ ਗਿਣਤੀ ਵਧ ਸਕਦੀ ਹੈ ਕਿਉਂਕਿ ਮੁੱਢਲੀਆਂ ਰਿ-ਪੋਰਟਾਂ ਵਿਚ 8 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਹੋਈ ਹੈ। ਮਾਰੇ ਗਏ ਲੋਕਾਂ ਵਿਚ ਇਕ 81 ਸਾਲਾ ਔਰਤ ਸ਼ਾਮਿਲ ਹੈ । ਬੇਸ਼ੀਅਰ ਅਨੁਸਾਰ ਜਾਨੀ ਨੁਕਸਾਨ ਤੋਂ ਇਲਾਵਾ ਮਾਲੀ ਨੁਕਸਾਨ ਵੀ ਵੱਡੀ ਪੱਧਰ 'ਤੇ ਹੋਇਆ ਹੈ। ਬਹੁਤ ਸਾਰੇ ਅਜਿਹੇ ਪਰਿਵਾਰ ਹਨ ਜਿਨਾਂ ਦਾ ਕੁਝ ਨਹੀਂ ਬਚਿਆ ਹੈ। ਗਵਰਨਰ ਨੇ ਸਮੁੱਚੇ ਰਾਜ ਵਿਚ ਹੰਗਾਮੀ ਹਾਲਾਤ ਦਾ ਐਲਾਨ ਕਰ ਦਿੱਤਾ ਹੈ। ਗਵਰਨਰ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਜਿਥੇ ਵੀ ਸੁਰੱਖਿਅਤ ਜਗਾ ਮਿਲਦੀ ਹੈ ਉਥੇ ਚਲੇ ਜਾਣ। ਚਾਹੇ ਉਹ ਹੋਟਲ ਹੋਵੇ ਜਾਂ ਹੜ ਰਹਿਤ ਖੇਤਰ ਹੋਵੇ। ਕੌਮੀ ਮੌਸਮ ਸੇਵਾ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਹਫਤੇ ਹੋਰ ਭਾਰੀ ਮੀਂਹ ਪੈਣ ਦਾ ਅਨੁਮਾਨ ਹੈ ਜਿਸ ਕਾਰਨ ਹਾਲਾਤ ਹੋਰ ਖਰਾਬ ਹੋ ਸਕਦੇ ਹਨ।



# ਸਟਰ ਕਾਊਂਟੀ ਲਾਇਬ੍ਰੇਰੀ ਲਟਰੇਸੀ ਯੂਬਾ ਸਿਟੀ ਵਲੋਂ ਸਰਬ ਸਭਿਆਚਾਰ ਸਮਾਗਮ ਕਰਵਾਇਆ ਗਿਆ

**ਸੈਕਰਾਮੈਂਟੋ 29 ਜੁਲਾਈ)–** ਹਰ ਵਰ੍ਹੇ ਵਾਂਗ ਐਤਕਾਂ ਵੀ ਯੂਬਾ ਸਿਟੀ ਦੀ ਸਟਰ ਕਾਊਂਟੀ ਲਾਇਬ੍ਰੇਰੀ ਲਟਰੇਸੀ ਵਲੋਂ 17 ਵਾਂ ਮਲਟੀ ਕਲਚਰਲ ਸਮਾਗਮ ਕਰਵਾਇਆ ਗਿਆ, ਜਿਸ ਦੌਰਾਨ ਵੱਖ ਵੱਖ ਦੇਸਾਂ ਦੀਆਂ ਸਭਿਅਚਾਰਕ ਟੋਲੀਆਂ ਨੇ ਵੱਖ ਵੱਖ ਰੰਗ ਪੇਸ਼ ਕੀਤੇ। ਇਸ ਮੌਕੇ ਡਾਇਰੈਕਟਰ ਲਾਇਬ੍ਰੇਰੀ ਮਿਸਟਰ ਜੇਮਜ ਤੇ ਅਇਲਾ ਨੇ ਮੁੱਖ ਮਹਿਮਾਨ ਵਜੋਂ ਸਿਰਕਤ ਕੀਤੀ। ਭਾਵੇ ਇੰਡੋਨੇਸ਼ਨੀਅਨ, ਸਪੈਨਸ਼ ਤੇ ਅਮਰੀਕਾ ਦੇ ਮੂਲ ਨਿਵਾਸੀ ਰੈਡ ਇੰਡੀਅਨਜ ਦੀਆਂ ਵੱਖ ਵੱਖ



ਆਈਟਮਾਂ ਨੇ ਪ੍ਰਭਾਵਿਤ ਕੀਤਾ ਪਰ ਇਸ ਮੌਕੇ ਪੰਜਾਬੀ ਗਿੱਧਾ ਬੋਲੀਆਂ ਤੇ ਪੰਜਾਬੀ ਸਕਿੱਟਾਂ ਦਾ ਹੀ ਦਬਦਬਾ ਰਿਹਾ। ਇਸ ਸਮਾਗਮ ਦੇ ਮੁੱਖ ਪ੍ਰਬੰਧਕਾਂ ਚ ਨਵਨੀਤ ਕੌਰ ਰੰਧਾਵਾ, ਤੇਜਿੰਦਰ ਕੌਰ ਸੈਣੀ, ਕਮਲਜੀਤ ਕੌਰ, ਗੁਰਪ੍ਰੀਤ ਕੌਰ ਨੇ ਸਾਰੇ ਸਮਾਗਮ ਨੂੰ ਤਰਤੀਬ ਦੇ ਕੇ ਪੇਸ਼ ਕਰਵਾਇਆ। ਇਸ ਮੌਕੇ ਪ੍ਰਬੰਧਕਾਂ ਨੇ ਸਾਰੇ ਦਾਨੀਂ ਲੋਕਾਂ ਦਾ ਧੰਨਵਾਦ ਵੀ ਕੀਤਾ ਤੇ ਸਮਾਗਮ ਚ ਸ਼ਾਮਿਲ ਹੋਣ ਵਾਲੇ ਸਾਰੇ ਕਲਾਕਾਰਾਂ ਲਈ ਧੰਨਵਾਦੀ ਪਾਰਟੀ 13 ਅਗਸਤ ਸ਼ਾਮ 5 ਵਜੇ ਰੱਖੀ ਗਈ ਹੈ।

# 'ਆਪ' ਸਰਕਾਰ ਦੇ ਸਾਢੇ 4 ਮਹੀਨੇ ਦਾ ਲੇਖਾ ਜੋਖਾ

**ਚੰਡੀਗੜ੍ਹ–** ਪੰਜਾਬ ਵਿਚ 'ਆਪ' ਸਰਕਾਰ ਦੇ ਸਾਢੇ ਚਾਰ ਮਹੀਨੇ ਪੂਰੇ ਹੋ ਗਏ ਹਨ। ਸਰਕਾਰ ਦਾ ਸਾਢੇ ਚਾਰ ਮਹੀਨਿਆਂ ਦਾ ਕਾਰਜਕਾਲ ਵਿਵਾਦਾਂ ਵਾਲਾ ਰਿਹਾ ਹੈ। ਹਾਲਾਂਕਿ ਸਰਕਾਰ ਨੇ ਇਕ ਵਿਧਾਇਕ ਇਕ ਪੈਨਸ਼ਨ ਅਤੇ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਦੇਣ ਅਤੇ ਛੱਤੀ ਹਜ਼ਾਰ ਕੱਚੇ ਕਾਮਿਆਂ ਨੂੰ ਪੱਕੇ ਕਰਨ ਲਈ ਸ਼ੁਰੂਆਤੀ ਦਿਨਾਂ ਵਿਚ ਚੰਗੇ ਫੈਸਲੇ ਲਏ ਹਨ ਪਰ ਪਾਰਟੀ ਵਿਧਾਇਕਾਂ ਤੇ ਵਰਕਰਾਂ ਦੀਆਂ ਹਰਕਤਾਂ ਕਾਰਨ ਪੰਜਾਬ ਸਰਕਾਰ ਦੀ ਕਿਰਕਿਰੀ ਹੋਈ ਹੈ। ਕੁਝ ਵਿਧਾਇਕਾਂ ਦੀਆਂ ਹੋਛੀਆਂ ਗੱਲਾਂ ਕਰ ਕੇ ਸਰਕਾਰ ਰਾਜਸੀ ਵਿਰੋਧੀਆਂ ਦੇ ਨਿਸ਼ਾਨੇ 'ਤੇ ਰਹੀ ਹੈ। ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਆਪਣੀ ਵਜ਼ਾਰਤ ਦੇ ਸਿਹਤ ਮੰਤਰੀ ਡਾ। ਵਿਜੈ ਸਿੰਗਲਾ ਖਿਲਾਫ਼ ਕੇਸ ਦਰਜ ਕਰਵਾਉਣ ਦੀ ਕਾਰਵਾਈ ਨੇ ਮੁੱਖ ਮੰਤਰੀ ਦੀ ਲੋਕਾਂ ਵਿਚ ਚੰਗੀ ਭੱਲ ਬਣਾਈ ਪਰ ਸਰਕਾਰ ਡਾ। ਸਿੰਗਲਾ ਵੱਲੋਂ ਦਾਇਰ ਕੀਤੀ ਗਈ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਦੌਰਾਨ ਸਬੂਤ ਪੇਸ਼ ਨਾ ਕਰ ਸਕੀ। ਜਿਸ ਨਾਲ ਡਾ। ਸਿੰਗਲਾ ਨੂੰ ਜ਼ਮਾਨਤ ਮਿਲ ਗਈ ਤੇ ਸਰਕਾਰ ਉਲਟਾ ਘਿਰ ਗਈ।

ਸਿਹਤ ਤੇ ਪਰਿਵਾਰ ਭਲਾਈ ਮੰਤਰੀ ਚੇਤਨ ਸਿੰਘ ਜੋੜੇਮਾਜਰਾ ਵਲੋਂ ਬਾਬਾ ਫਰੀਦ ਯੂਨੀਵਰਸਿਟੀ ਫਰੀਦਕੋਟ ਦੇ ਉਪ ਕੁਲਪਤੀ ਡਾ ਰਾਜ ਬਹਾਦਰ ਨੂੰ ਬੈਡ 'ਤੇ ਲਟਾਉਣ ਵਾਲੀ ਘਟਨਾ ਨੇ ਸਰਕਾਰ ਨੂੰ ਸ਼ਰਮਸ਼ਾਰ ਕੀਤਾ ਹੈ। ਇੰਟਰਨੈੱਟ ਮੀਡੀਆ 'ਤੇ ਲੋਕਾਂ ਨੇ ਨਾ ਸਿਰਫ਼ ਸਰਕਾਰ ਦੀ ਆਲੋਚਨਾ ਕੀਤੀ



ਹੈ, ਬਲਕਿ ਡਾ ਰਾਜ ਬਹਾਦਰ ਪ੍ਰਤੀ ਹਮਦਰਦੀ ਪ੍ਰਗਟ ਕਰਦਿਆਂ ਉਸ ਦੀ ਘਾਲਣਾ ਦੀ ਸ਼ਲਾਘਾ ਕੀਤੀ ਹੈ। ਜੋੜੇਮਾਜਰਾ ਨੇ ਕੁਝ ਦਿਨ ਪਹਿਲਾਂ ਮੋਰਿੰਡਾ ਵਿਖੇ ਕਮਿਊਨਿਟੀ ਹਸਪਤਾਲ ਦੇ ਦੌਰੇ ਦੌਰਾਨ ਖ਼ਾਮੀਆਂ ਨੂੰ ਲੈ ਕੇ ਡਾਕਟਰਾਂ ਦੀ ਝਾੜਝੰਬ ਕੀਤੀ ਸੀ। ਇਸੀ ਤਰ੍ਹਾਂ ਲੁਧਿਆਣਾ ਦੀ ਵਿਧਾਇਕ ਰਜਿੰ-ਦਰਪਾਲ ਕੌਰ ਛੀਨਾ ਦੀ ਪੁਲਿਸ ਅਧਿਕਾਰੀ ਨਾਲ ਤਕਰਾਰਬਾਜ਼ੀ ਵਾਲੀ ਵਾਇਰਲ ਹੋਈ ਵੀਡਿਓ ਨੇ ਸਰਕਾਰ ਦੀ ਕਿਰਕਿਰੀ ਕਰਵਾਈ ਸੀ। ਲੁ-ਧਿਆਣਾ ਦੇ ਇਕ ਹੋਰ ਵਿਧਾਇਕ ਪੱਪੀ ਪਰਾਸ਼ਰ ਵੱਲੋਂ ਇਕ ਐਨਜੀਓ ਨੂੰ ਜ਼ਮੀਨ ਦਿਵਾਉਣ ਦੇ ਮਾਮਲੇ ਵਿਚ ਐਸਐਮਓ ਨਾਲ ਬੁਰਾ ਵਿਵਹਾਰ ਕੀਤਾ ਜਿਸ ਵੀਡਿਓ ਸੋਸ਼ਲ ਮੀਡੀਆਂ 'ਤੇ ਵਾਇਰਲ ਹੋਈ।

ਪਿਛਲੇ ਹਫ਼ਤੇ ਜਲੰਧਰ ਵਿਚ ਵਿਧਾਇਕ ਸ਼ੀਤਲ ਅੰਗੁਰਾਲ ਨੇ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਲੈ ਕੇ ਵਧੀਕ ਡਿਪਟੀ ਕਮਿਸ਼ਨਰ ਦੀ ਹਾਜ਼ਰੀ ਵਿਚ ਕੁਝ ਮੁਲਾਜ਼ਮਾਂ ਖਿਲਾਫ਼ ਸਖ਼ਤ ਭਾਸ਼ਾਂ ਦੀ ਵਰਤੋ ਕੀਤੀ ਤਾਂ ਮੁਲਾਜ਼ਮ ਵਰਗ ਖਫ਼ਾ ਹੋ ਗਿਆ ਤੇ ਮੁਲਾਜ਼ਮ ਯੂਨੀਅਨ ਨੇ ਹੜਤਾਲ ਕਰਨ ਦੀ ਧਮਕੀ ਦੇ ਦਿੱਤੀ। ਮੁਲਾਜ਼ਮਾਂ ਦੀ ਧਮਕੀ ਤੋਂ ਘਬਰਾਈ ਸਰਕਾਰ ਬੈਕਫੁੱਟ 'ਤੇ ਆ ਗਈ। ਵਿਧਾਇਕ ਨੂੰ ਮੁਲਾਜ਼ਮਾਂ ਤੋਂ ਮਾਫ਼ੀ ਮੰਗਕੇ ਆਪਣਾ ਸਪਸ਼ਟੀਕਰਣ ਦੇਣਾ ਪਿਆ ਤਾਂ ਮਾਮਲਾ ਸ਼ਾਂਤ ਹੋਇਆ। ਇਸ ਘਟਨਾ ਨਾਲ ਸਰਕਾਰ ਦੀ ਸੋਸ਼ਲ ਮੀਡੀਆ 'ਚ ਕਾਫ਼ੀ ਕਿਰਕਰੀ ਹੋਈ।

ਅੰਮ੍ਰਿਤਸਰ ਵਿਖੇ 'ਆਪ' ਦੇ ਵਿਧਾਇਕਾਂ, ਵਲੰਟੀਅਰਜ਼ ਵਲੋਂ ਸਰਕਾਰੀ ਦਫ਼ਤਰਾਂ ਦੀ ਚੈਕਿੰਗ ਕਰਨ ਦੀ ਮੁਹਿੰਮ ਛੇੜੀ ਤਾਂ ਵਲੰਟੀਅਰਜ਼ ਨੇ ਸਰਕਟ ਹਾਊਸ ਵਿਚ ਜਾਣ ਲਈ ਸੁਰੱਖਿਆ ਗਾਰਡ ਨਾਲ ਗਾਲੀ ਗਲੋਚ ਕਰਨ ਦੀ ਵੀਡੀਓ ਵਾਇਰਲ ਹੋ ਗਈ। ਇਸੇ ਤਰ੍ਹਾਂ ਨਾਭਾ ਦੇ ਵਿਧਾਇਕ ਵਲੋਂ ਵੱਖ ਵੱਖ ਵਿਭਾਗਾਂ ਨਾਲ ਤਾਲਮੇਲ ਰੱਖਣ ਲਈ ਵਲੰਟੀਅਰਜ਼ ਨੂੰ ਵਿਭਾਗਾਂ ਦੀ ਜ਼ਿੰਮੇਵਾਰੀ ਦੇਣ ਨਾਲ ਵਿਵਾਦ ਸ਼ੁਰੂ ਹੋ ਗਿਆ ਸੀ। ਇਸ ਤਰ੍ਹਾਂ ਸਰਕਾਰ ਦੇ ਸਾਢੇ ਚਾਰ ਮਹੀਨਿਆਂ ਦੇ ਕਾਰਜਕਾਲ ਦੌਰਾਨ ਵਿਧਾਇਕਾਂ ਦੀਆਂ ਕਾਰਵਾਈਆਂ ਸਰਕਾਰ ਲਈ ਭਾਰੀ ਪਈਆਂ ਹਨ।

# ਪਿਆਰਾ ਸਿੰਘ ਦਾਤਾ ਯਾਦਗਾਰੀ ਪੁਰਸਕਾਰ ਦੇ ਬਾਨੀ ਸ ਰਾਜਿੰਦਰ ਸਿੰਘ ਦਿੱਲੀ ਅਤੇ ਪੱਤਰਕਾਰ ਅਮਰ ਸਿੰਘ ਮੋਗਾ 'ਹਨ' ਤੋਂ 'ਸਨ' ਹੋਏ



**ਸਿਆਟਲ–** ਪੰਜਾਬੀ ਹਾਸ ਵਿਅੰਗ ਨੂੰ ਬੁਲੰਦੀਆਂ ਤੇ ਪਹੁੰਚਾਉਣ ਲਈ ਕੀਤੀਆਂ ਜਾਂਦੀਆਂ ਸਿਰਤੋੜ ਕੋਸ਼ਿਸ਼ਾਂ ਨੂੰ ਬਰਕਰਾਰ ਰੱਖਣ ਲਈ 'ਪੰਜਾਬੀ ਹਾਸ ਵਿਅੰਗ ਅਕਾਦਮੀ ਪੰਜਾਬ' ਦੀ ਸਥਾਪਨਾ ਕੀਤੀ ਗਈ ਸੀ।ਇਸ ਮੌਕੇ ਦਿੱਲੀ ਸਥਿਤ ਨੈਸ਼ਨਲ ਬੁੱਕ ਸ਼ਾਪ ਦੇ ਕਰਤਾ ਧਰਤਾ ਸ।ਰਾਜਿੰਦਰ ਸਿੰਘ ਪੁੱਤਰ ਪ੍ਰਸਿੱਧ ਵਿਅੰਗਕਾਰ ਸਵਰਗੀ ਪਿਆਰਾ ਸਿੰਘ ਦਾਤਾ ਜੀ ਵੱਲੋਂ ਮਿਲੇ ਤਨ-ਮਨ-ਧਨ ਦੇ ਸਹਿਯੋਗ ਨੇ ਉਦੇਸ਼ਾਂ ਦੀਆਂ ਪ੍ਰਾਪਤੀਆਂ ਵਿੱਚ ਮਹੱਤਵਪੂਰਨ ਹਿੱਸਾ ਪਾਇਆ ਹੈ।ਆਪਣੇ ਪਿਤਾ ਜੀ ਨੂੰ ਸੱਚੀ ਸ਼ਰਧਾਜਲੀ ਦੇਣ ਅਤੇ ਉਹਨਾਂ ਦੀਆਂ ਅਧੂਰੀਆਂ ਰਹਿ ਗਈਆਂ ਆਸਾਂ-ਉਮੀਦਾਂ ਨੂੰ ਬੂਰ ਪਾਉਣ ਲਈ ਰਾਜਿੰਦਰ ਸਿੰਘ ਜੀ ਨੇ ਆਪਣੇ ਪਰਿਵਾਰ ਨਾਲ ਰਲ ਕੇ 'ਪਿਆਰਾ ਸਿੰਘ ਦਾਤਾ ਯਾਦਗਾਰੀ ਪੁਰਸਕਾਰ' ਸ਼ੁਰੂ ਕੀਤਾ ਸੀ ਜੋ ਕਿ ਪਿਛਲੇ 15-16 ਸਾਲਾਂ ਤੋਂ ਆਏ ਸਾਲ ਕਿਸੇ ਨਾ ਕਿਸੇ ਵਿਅੰਗਕਾਰ ਦੀਆਂ ਹਾਸ ਵਿਅੰਗ ਪ੍ਰਤੀ ਸੇਵਾਵਾਂ ਬਦਲੇ ਹਾਸ ਵਿਅੰਗ ਅਕਾਦਮੀ ਵੱਲੋਂ ਦਿੱਤਾ ਜਾ ਰਿਹਾ ਹੈ। ਬੜਾ ਅਫਸੋਸ ਹੈ ਕਿ ਸ। ਰਾਜਿੰਦਰ ਸਿੰਘ ਜੀ ਅੱਜ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖਦੇ ਹੋਏ ਜ਼ਿੰਦਗੀ ਦੇ ਸਫਰ ਤੋਂ ਰੁਖਸਤ ਹੋ ਗਏ ਹਨ। ਉਹਨਾਂ ਦੀ ਸਰਪ੍ਰਸਤੀ ਵਿੱਚ ਪੰਜਾਬੀ ਹਾਸ ਵਿਅੰਗ ਅਕਾਦਮੀ ਨੇ ਬਹੁ-ਪੱਖੀ ਤਰੱਕੀ ਕੀਤੀ ਹੈ। ਇਸ ਦੇ ਨਾਲ ਹੀ ਦੁਖਦਾਈ ਖਬਰ ਇਹ ਵੀ ਹੈ ਕਿ ਅਕਾਦਮੀ ਦੇ ਸ਼ੁਰੂ 'ਚ ਰਹਿ ਚੁੱਕੇ ਸਰਪ੍ਰਸਤ ਪੱਤਰਕਾਰ ਅਮਰ ਸਿੰਘ ਵਾਸੀ ਮੋਗਾ ਜੀ ਵੀ ਅੱਜ ਆਕਾਲ ਚਾਲਾਨਾ ਕਰ ਗਏ। ਇਨ੍ਹਾਂ ਦੋਵੇਂ ਪ੍ਰਮੁੱਖ ਸਖਸ਼ੀਅਤਾਂ ਦੀ ਹੋਈ ਮੌਤ ਉਪਰ ਪੰਜਾਬੀ ਹਾਸ ਵਿਅੰਗ ਅਕਾਦਮੀ ਪੰਜਾਬ ਦੇ ਪ੍ਰਧਾਨ ਵਿਅੰਗਕਾਰ ਕੇ।ਐਲ।ਗਰਗ ਅਤੇ ਸਮੂਹ ਅਹੁਦੇਦਾਰਾਂ-ਮੈਂਬਰਾਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।ਵਾਹਿਗੁਰੂ ਅੱਗੇ ਅਰਦਾਸ ਕੀਤੀ ਗਈ ਹੈ ਕਿ ਉਹ ਇਹਨਾਂ ਦੋਹਾਂ ਪਵਿੱਤਰ ਰੂਹਾਂ ਨੂੰ ਆਪਣੇ ਚਰਨਾਂ 'ਚ ਨਿਵਾਸ ਬਖ਼ਸ਼ੇ। ਇਸ ਮੌਕੇ ਪ੍ਰਧਾਨ ਕੇ ਐਲ ਗਰਗ ਨੇ ਸ਼ੋਕ ਸੰਦੇਸ਼ ਜਾਰੀ ਕਰਦਿਆਂ ਅਤੇ ਪਰਿਵਾਰ ਨਾਲ ਸੰਵੇਦਨਾਵਾਂ ਸਾਂਝੀਆਂ ਕਰਦਿਆਂ ਕਿਹਾ ਕਿ ਅਕਾਦਮੀ ਨੂੰ ਇਨ੍ਹਾਂ ਦੋ ਸਤਿਕਾਰਿਤ ਅਤੇ ਸੀਨੀਅਰ ਮੈਂਬਰਾਂ ਦੇ ਸਦੀਵੀ ਵਿਛੋੜੇ ਨਾਲ ਕਦੇ ਵੀ ਨਾ-ਪੂਰਾ ਹੋਣ ਵਾਲਾ ਘਾਟਾ ਪੈ ਗਿਆ ਹੈ।

**ਕੇ ਐਲ ਗਰਗ, ਪ੍ਰਧਾਨ (ਪੰਜਾਬੀ ਹਾਸ ਵਿਅੰਗ ਅਕਾਦਮੀ ਪੰਜਾਬ)**


**ਦਵਿੰਦਰ ਸਿੰਘ ਗਿੱਲ, ਸਕੱਤਰ**

**ਮੰਗਤ ਕੁਲਜਿੰਦ, ਕੌਮਾਂਤਰੀ ਪ੍ਰਤੀਨਿਧ**

**ਮੋ ਅਤੇ ਵੱਟਸ +1 425 286 0163 (ਸਿਆਟਲ)**

# ਕੇਲਿਆਂ 'ਚ ਲੁਕੋਈ ਅੱਧੇ ਟਨ ਤੋਂ ਵੱਧ ਕੋਕੀਨ ਥੇਮਜ਼ ਬੰਦਰਗਾਹ 'ਤੇ ਜਬਤ

**ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਦੱਖਣ-ਪੂਰਬੀ ਇੰਗਲੈਂਡ ਦੇ ਏਸੇਕਸ ਤੱਟ ਸਥਿਤ ਲੰਡਨ ਗੇਟਵੇ 'ਤੇ ਕੋਲੰਬੀਆ ਤੋਂ ਯਾਤਰਾ ਕਰਨ ਵਾਲੀ ਕਿਸ਼ਤੀ 'ਤੇ ਅੱਧੇ ਟਨ ਤੋਂ ਵੱਧ ਕਲਾਸ ਏ ਡਰੱਗ ਜਬਤ ਕੀਤੇ ਜਾਣ ਦੀ ਖਬਰ ਸਾਹਮਣੇ ਆਈ ਹੈ। ਜਾਂਚਕਰਤਾਵਾਂ ਨੇ ਮੰਗਲਵਾਰ ਨੂੰ ਇੱਕ ਸ਼ਿਪਮੈਂਟ ਨੂੰ ਰੋਕਿਆ, ਜੋ ਕਿ ਨੀਦਰਲੈਂਡਜ ਨੂੰ ਜਾ ਰਿਹਾ ਸੀ। ਜਾਣਕਾਰੀ ਮੁਤਾਬਕ ਗੱਤੇ ਦੇ ਡੱਬਿਆਂ ਵਿੱਚ ਕੇਲਿਆਂ ਦੇ ਨਾਲ-ਨਾਲ ਸੈਂਕੜੇ ਵੱਡੀਆਂ ਕੋਕੀਨ ਦੀਆਂ ਸਲੈਬਾਂ ਪਾਈਆਂ ਗਈਆਂ ਸਨ। ਇਸ ਸਬੰਧੀ ਨੈਸ਼ਨਲ ਕ੍ਰਾਈਮ ਏਜੰਸੀ ਨੇ ਕਿਹਾ ਕਿ ਇੱਕ ਵਾਰ ਕੱਟਣ ਅਤੇ ਵੇਚੇ ਜਾਣ 'ਤੇ ਢੋਆ-ਢੁਆਈ ਦਾ ਯੂਕੇ ਸਟ੍ਰੀਟ ਮੁੱਲ 40 ਮਿਲੀਅਨ ਪੌਂਡ ਤੋਂ ਵੱਧ ਹੋਣਾ ਸੀ। ਐਨਸੀਏ ਸ਼ਾਖਾ ਦੇ ਸੰਚਾਲਨ ਮੈਨੇਜਰ ਐਡਮ ਬੇਰੀ ਨੇ ਇਸ ਕਾਰਵਾਈ ਨੂੰ ਨਸ਼ੇ ਦੇ ਵਪਾਰੀਆਂ ਲਈ ਵੱਡਾ ਝਟਕਾ ਦੱਸਿਆ ਹੈ। ਉਸਨੇ ਕਿਹਾ ਕਿ ਇਸ ਆਕਾਰ ਦੀ ਇੱਕ ਖੇਪ ਨੂੰ ਜਬਤ ਕਰਨਾ ਇਸ ਖੇਪ ਵਿੱਚ ਸ਼ਾਮਲ ਅਪਰਾਧਿਕ ਨੈਟਵਰਕ ਲਈ ਇੱਕ ਬਹੁਤ ਵੱਡਾ ਝਟਕਾ ਹੋਵੇਗਾ। ਉਹਨਾਂ ਦਾ ਕਹਿਣਾ ਹੈ ਕਿ ਐਨਸੀਏ ਨਸ਼ੀਲੇ ਪਦਾਰਥਾਂ ਨੂੰ ਇਸ ਹੱਦ ਤੱਕ ਪਹੁੰਚਣ ਤੋਂ ਰੋਕਣ ਲਈ ਸਮੇਂ ਸਮੇਂ 'ਤੇ ਲੋਕਾਂ ਨੂੰ ਸੁਚੇਤ ਕਰਨ ਦੇ ਨਾਲ ਨਾਲ ਉਹਨਾਂ ਦੀ ਸਹਾਇਤਾ ਲੈਣ ਲਈ ਵੀ ਸਖਤ ਮਿਹਨਤ ਕਰਦਾ ਹੈ। ਉਹਨਾਂ ਕਿਹਾ ਕਿ ਨਸ਼ੇ ਦੇ ਤਸਕਰ ਸਮੇਂ ਸਮੇਂ 'ਤੇ ਵੱਖ ਵੱਖ ਤਰ੍ਹਾਂ ਦੇ ਹੱਥਕੰਡੇ ਅਪਣਾਉਂਦੇ ਰਹਿੰਦੇ ਹਨ ਪਰ ਸਾਡੀ ਫੋਰਸ ਵੱਲੋਂ ਉਹਨਾਂ ਨੂੰ ਦਬੋਚਣ ਲਈ ਵੀ ਵੱਡੀ ਪੱਧਰ 'ਤੇ ਮੁਸਤੈਦੀ ਵਰਤੀ ਜਾਂਦੀ ਹੈ।



# ਓਸਾਮਾ ਬਿਨ ਲਾਦੇਨ ਦੇ ਪਰਿਵਾਰ ਤੋਂ ਚੈਰਿਟੀ ਲਈ ਕੀਤੇ ਹਨ 1 ਮਿਲੀਅਨ ਪੌਂਡ ਸਵੀਕਾਰ

**ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਓਸਾਮਾ ਬਿਨ ਲਾਦੇਨ ਦੇ ਪਰਿਵਾਰ ਤੋਂ 1 ਮਿਲੀਅਨ ਪੌਂਡ ਸਵੀਕਾਰ ਕਰਨ ਕਰਕੇ ਪ੍ਰਿੰਸ ਚਾਰਲਸ ਬੀਤੀ ਰਾਤ ਇੱਕ ਤਾਜਾ ਤੂਫਾਨ ਵਿੱਚ ਫਸ ਗਏ ਹਨ। ਜਾਣਕਾਰੀ ਮੁਤਾਬਕ ਉਸਨੇ ਅਮਰੀਕਾ ਦੇ 9/11 ਹਮਲੇ ਦੇ ਪਿੱਛੇ ਅੱਤਵਾਦੀ ਮਾਸਟਰਮਾਈਂਡ ਦੇ ਭਰਾਵਾਂ ਤੋਂ ਨਕਦੀ ਲੈ ਲਈ ਅਤੇ ਇਹ ਨਕਦੀ ਉਸਦੀ ਚੈਰਿਟੀ ਵਿੱਚ ਜਮ੍ਹਾ ਕਰ ਦਿੱਤੀ ਗਈ। ਉਸਨੇ 30 ਅਕਤੂਬਰ, 2013 ਨੂੰ ਕਲੇਰੈਂਸ ਹਾਊਸ ਵਿੱਚ ਬਕਰ ਨਾਲ ਇੱਕ ਨਿੱਜੀ ਮੀਟਿੰਗ ਤੋਂ ਬਾਅਦ ਸੌਦਾ ਕੀਤਾ ਸੀ। ਬਿਨ ਲਾਦੇਨ ਦੇ ਪਰਿਵਾਰ ਨਾਲ ਜੁੜੇ ਹੋਣ ਦੇ ਡਰ ਕਾਰਨ ਸਲਾਹਕਾਰਾਂ ਦੁਆਰਾ ਉਸਨੂੰ ਵਾਪਸ ਕਰਨ ਦੀ ਅਪੀਲ ਕਰਨ ਦੇ ਬਾਵਜੂਦ ਪ੍ਰਿੰਸ ਆਫ ਵੇਲਜ ਨੇ ਦਾਨ ਦੀ ਬੈਂਕਿੰਗ ਕੀਤੀ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਉਸਨੂੰ ਚੇਤਾਵਨੀ ਦਿੱਤੀ ਸੀ ਕਿ ਜੇਕਰ ਉਸਦਾ ਨਾਮ ਬਿਨ ਲਾਦੇਨ ਵਾਂਗ ਹੀ ਸੁਰਖ਼ੀਆਂ ਵਿੱਚ ਆਇਆ ਤਾਂ ਉਸਦੀ ਛਵੀ ਖਰਾਬ ਹੋ ਜਾਵੇਗੀ। 11 ਸਤੰਬਰ 2001 ਨੂੰ ਨਿਊਯਾਰਕ ਵਰਲਡ ਟਰੇਡ ਸੈਂਟਰ ਅਤੇ ਅਮਰੀਕਾ ਦੇ ਹੋਰ ਟਿਕਾਣਿਆਂ 'ਤੇ ਹੋਏ ਹਮਲਿਆਂ ਵਿੱਚ 67 ਬਰਤਾਨਵੀ ਨਾਗਰਿਕਾਂ ਸਮੇਤ ਕੁੱਲ 2,977 ਲੋਕ ਮਾਰੇ ਗਏ ਸਨ ਅਤੇ 6,000 ਤੋਂ ਵੱਧ ਜ਼ਖ਼ਮੀ ਹੋਏ ਸਨ। ਇੱਕ ਘਰੇਲੂ ਸਟਾਫ ਮੈਂਬਰ ਨੇ ਕਥਿਤ ਤੌਰ 'ਤੇ ਚਾਰਲਸ ਨੂੰ ਕਿਹਾ ਕਿ "ਇਹ ਕਿਸੇ ਲਈ ਚੰਗਾ ਨਹੀਂ ਹੋਵੇਗਾ" ਜੇਕਰ ਮੀਡੀਆ ਵਿੱਚ ਇਹ ਖੁਲਾਸਾ ਹੁੰਦਾ ਹੈ ਕਿ ਉਸਨੇ ਬਿਨ ਲਾਦੇਨ ਦੇ ਪਰਿਵਾਰ ਤੋਂ ਨਕਦੀ ਲਈ ਸੀ। ਉਕਤ ਫੰਡ ਚੈਰਿਟੀ ਦੇ ਕੌਟਸ ਬੈਂਕ ਖਾਤੇ ਵਿੱਚ ਜਮ੍ਹਾਂ ਹੋਣ ਤੋਂ ਬਾਅਦ ਪ੍ਰਵਾਨਗੀ ਦਿੱਤੀ ਗਈ ਸੀ। ਉਨ੍ਹਾਂ ਨੂੰ ਕਥਿਤ ਤੌਰ 'ਤੇ ਬਾਅਦ ਵਿੱਚ ਚਰਚਾ ਤੱਕ ਰੋਕਿਆ ਗਿਆ ਸੀ ਪਰ ਚਾਰਲਸ ਦੇ ਬੁਲਾਰੇ ਨੇ ਕਿਹਾ ਕਿ ਇਹ ਚੈਰਿਟੀ ਕਮਿਸਨ ਦੇ ਨਿਯਮਾਂ ਦੇ ਅਨੁਸਾਰ ਸੀ।




SUNSHINE AUTO CARE INC.

WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español

We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK





1003 Moffat Blvd, Manteca CA 95336

209-239-1551

## ਲੰਡਨ ਖਬਰਨਾਮਾ (ਮਨਦੀਪ ਖੁਰਮੀ ਹਿੰਮਤਪੁਰਾ)

# ਪੰਜ ਮਹੀਨੇ ਪਹਿਲਾਂ ਵਿਕੇ ਪੁਲਿਸ ਥਾਣੇ 'ਚ ਹੀ ਬੀਜੇ "ਸੁੱਖੇ ਦੇ ਬੂਟੇ" ਬਰਾਮਦ



**ਲੰਡਨ/ਗਲਾਸਗੋ–** ਬਰਤਾਨੀਆ ਵਿੱਚ ਕੈਨ-ਾਬਿਸ ਜਾਣੀਕਿ ਸੁੱਖੇ ਦੀ ਕਾਸ਼ਤ ਗੈਰਕਾਨੂੰਨੀ ਹੈ। ਅਕਸਰ ਹੀ ਖੰਡਰ ਬਣੀਆਂ ਇਮਾਰਤਾਂ ਜਾਂ ਘਰਾਂ ਅੰਦਰ ਸੁੱਖੇ (ਭੰਗ) ਦੀ ਕਾਸ਼ਤ ਦੀਆਂ ਖਬਰਾਂ ਪੜ੍ਹਨ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ ਪਰ ਇਹ ਖਬਰ ਹੈਰਾਨ ਕਰਨ ਵਾਲੀ ਹੈ ਕਿ ਤਸਕਰਾਂ ਨੇ ਮਹਿਜ ਪੰਜ ਮਹੀਨੇ ਪਹਿਲਾਂ ਵਿਕੀ ਪੁਲਿਸ ਥਾਣੇ ਦੀ ਇਮਾਰਤ ਅੰਦਰ ਹੀ ਇੱਕ ਵੱਡੀ "ਕੈਨਾਬਿਸ ਫੈਕਟਰੀ" ਬਣਾ ਲਈ ਹੋਵੇ। ਮੈਟਰੋਪੋਲੀਟਨ ਪੁਲਿਸ ਨੂੰ ਐਤਵਾਰ ਨੂੰ ਪੂਰਬੀ ਲੰਡਨ ਦੇ ਆਇਲ ਆਫ ਡੌਗਸ ਵਿੱਚ ਆਪਣੇ ਹੀ ਇੱਕ ਸਾਬਕਾ ਬੇਸ ਵਿੱਚ ਕੁਝ ਸ਼ੱਕੀ ਕਾਰਵਾਈਆਂ ਦੀ ਜਾਂਚ ਕਰਨ ਲਈ ਬੁਲਾਇਆ ਗਿਆ ਸੀ। ਪੁਲਿਸ ਕਰਮਚਾਰੀ ਹੱਕੇ ਬੱਕੇ ਰਹਿ ਗਏ, ਜਦੋਂ ਉਹਨਾਂ ਇਮਾਰਤ ਅੰਦਰ ਭੰਗ ਦੇ ਬੂਟਿਆਂ ਦਾ ਭੰਡਾਰ ਦੇਖਿਆ। ਫਿਲਹਾਲ ਇਸ ਸੰਬੰਧ ਵਿੱਚ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ ਪਰ ਜਾਂਚ ਸ਼ੁਰੂ ਕੀਤੀ ਗਈ ਹੈ। ਮਾਨਚੈਸਟਰ ਰੋਡ 'ਤੇ ਸਥਿਤ ਸਟੇਸ਼ਨ ਨੂੰ ਇਸ ਸਾਲ ਫਰਵਰੀ ਵਿੱਚ ਵੇਚਿਆ ਗਿਆ ਸੀ। ਆਇਲ ਆਫ ਡੌਗਜ਼ ਦੇ ਕੌਂਸਲਰ ਪੀਟਰ ਗੋਲਡਜ਼ ਨੇ ਦੱਸਿਆ ਕਿ ਦੋ ਸਾਲ ਪਹਿਲਾਂ ਸਾਨੂੰ ਬੋਰੋਅ ਦੇ ਇੱਕ ਸਕੂਲ ਵਿਚ ਭੰਗ ਬਣਾਉਣ ਵਾਲੀ ਫੈਕਟਰੀ ਮਿਲੀ ਸੀ ਅਤੇ ਹੁਣ ਇਹ ਮਿਲੀ ਹੈ। ਉਹਨਾਂ ਦਾ ਕਹਿਣਾ ਸੀ ਕਿ ਅਸੀਂ ਕਈ ਸਾਲਾਂ ਤੋਂ ਟਾਵਰ ਹੈਮਲੇਟਸ ਇਲਾਕੇ ਵਿੱਚ ਸਮਾਜ ਵਿਰੋਧੀ ਵਿਵਹਾਰ ਦੀਆਂ ਸਮੱਸਿਆਵਾਂ ਬਾਰੇ ਰੌਲਾ ਪਾਉਂਦੇ ਆ ਰਹੇ ਹਾਂ, ਪਰ ਅਸੀਂ ਉਲਟਾ ਪੁਲਿਸ ਸਟੇਸ਼ਨਾਂ ਨੂੰ ਬੰਦ ਹੁੰਦੇ ਦੇਖਦੇ ਆ ਰਹੇ ਹਾਂ।

# ਸਕਾ ਭਰਾ ਹੀ ਮਾਸੂਮ ਨਾਲ ਕਰਦਾ ਰਿਹਾ ਸੀ ਦੁਸ਼ਕਰਮ





**ਲੰਡਨ/ਗਲਾਸਗੋ–** ਕੋਈ ਭਰਾ ਵੀ ਐਨਾ ਕਮੀਨਾ ਹੋ ਸਕਦੈ ਕਿ ਆਪਣੀ ਛੋਟੀ ਭੈਣ ਨਾਲ ਹੀ ਦੁਸ਼ਕਰਮ ਕਰ ਦੇਵੇ? ਇਹੋ ਜਿਹਾ ਹੀ ਇੱਕ ਭਰਾ ਸਟੀਫਨ ਚਾਰਟਰਸ ਸੀ ਜਿਸਨੇ ਆਪਣੇ ਘਰ ਵਿਚ ਦਸ ਬੱਚਿਆਂ ਵਿੱਚੋਂ ਸਭ ਤੋਂ ਛੋਟੀ, ਸਿਰਫ ਪੰਜ ਸਾਲ ਸਰਲੀ ਚੇਨ (ਹੁਣ 55 ਸਾਲਾ) ਨਾਲ ਦੁਰਵਿਵਹਾਰ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਉਹ 11 ਸਾਲ ਦੀ ਸੀ ਤਾਂ ਉਸ ਨੇ ਪਹਿਲੀ ਵਾਰ ਉਸ ਨਾਲ ਦੋ ਵਾਰ ਬਲਾਤਕਾਰ ਕਰਨ ਤੋਂ ਪਹਿਲਾਂ ਉਸ ਨੂੰ ਲਿੰਗਕ ਕ੍ਰਿਆਵਾਂ ਕਰਨ ਲਈ ਮਜਬੂਰ ਕੀਤਾ। ਉਸਦੀਆਂ ਇਹਨਾਂ ਕਰਤੂਤਾਂ ਤੋਂ ਕਈ ਦਹਾਕਿਆਂ ਬਾਅਦ, 2016 ਵਿੱਚ ਸਟੀਫਨ ਚਾਰਟਰਸ ਨੂੰ ਇੱਕ ਹੋਰ ਔਰਤ ਨਾਲ ਦੁਰਵਿਵਹਾਰ ਕਰਨ ਲਈ ਪੰਜ ਸਾਲਾਂ ਲਈ ਜੇਲ੍ਹ ਵਿੱਚ ਬੰਦ ਕੀਤਾ ਗਿਆ ਸੀ। ਜਿੱਥੇ ਕਿ ਹੁਣ ਚਾਰਟਰਸ ਜਿਨ੍ਹਾਂ ਦੀ ਮੌਤ ਐਡਿਨਬਰਾ ਦੀ ਸੌਫਟਨ ਜੇਲ੍ਹ ਵਿੱਚ ਹੋ ਗਈ ਹੈ। ਉਸ ਦੀ ਮੌਤ ਖਬਰ ਸੁਣ ਕੇ ਸਰਲੀ ਚੇਨ ਨੇ ਕਿਹਾ ਕਿ ਉਹ ਸਟੀਫਨ ਚਾਰਟਰਸ ਬਾਰੇ ਖਬਰ ਸੁਣ ਕੇ ਖੁਸ਼ੀ ਨਾਲ ਰੋ ਪਈ ਅਤੇ ਕਿਹਾ: ''ਮੈਨੂੰ ਖੁਸ਼ੀ ਹੈ ਕਿ ਉਹ ਹੁਣ ਕਿਸੇ ਹੋਰ ਨੂੰ ਦੁਖੀ ਨਹੀਂ ਕਰ ਸਕਦਾ।'' ਤਿੰਨ ਬੱਚਿਆਂ ਦੀ ਮਾਂ ਨੇ ਕਿਹਾ ਕਿ ''ਉਸਨੇ ਮੇਰੇ ਤੋਂ ਮੇਰੀ ਮਾਸੂਮੀਅਤ, ਮੇਰਾ ਭਰੋਸਾ ਅਤੇ ਮੇਰਾ ਬਚਪਨ, ਸਭ ਕੁਝ ਖੋਹ ਲਿਆ।'' ਚਾਰਟਰਸ ਨੂੰ ਉਸਦੀ ਪਹਿਲੀ ਸਜ਼ਾ ਦੌਰਾਨ ਦੁਬਾਰਾ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਪਿਛਲੇ ਮਹੀਨੇ 1984 ਅਤੇ 2015 ਦੇ ਵਿਚਕਾਰ ਚਾਰ ਪੀੜਤਾਂ ਪ੍ਰਤੀ ਬਲਾਤਕਾਰ ਅਤੇ ਜਿਨਸੀ ਹਮਲੇ ਸਮੇਤ ਨੌਂ ਅਪਰਾਧਾਂ ਲਈ ਘੱਟੋ ਘੱਟ ਪੰਜ ਸਾਲ ਦੀ ਸਜ਼ਾ ਦਾ ਹੁਕਮ ਦਿੱਤਾ ਗਿਆ ਸੀ। ਉਸ ਨੇ ਕਿਹਾ ਕਿ ''ਮੈਂ ਬਹੁਤ ਖੁਸ਼ ਹਾਂ ਕਿ ਉਹ ਮਰ ਗਿਆ ਹੈ। ਆਖਰਕਾਰ ਉਸਨੂੰ ਉਹ ਮਿਲਿਆ ਜਿਸਦਾ ਉਹ ਹੱਕਦਾਰ ਸੀ। ਮੈਂ ਉਸਦੇ ਅੰਤਿਮ ਸਸਕਾਰ ਵਿੱਚ ਨਹੀਂ ਜਾਵਾਂਗਾ ਪਰ ਮੈਂ ਇੱਕ ਪਾਰਟੀ ਕਰਾਂਗਾ ਅਤੇ ਉਸਦੀ

# ਸਾਊਥਾਲ ਦੀਆਂ ਤੀਆਂ: ਬੋਲੀਆਂ ਤੇ ਤਾੜੀਆਂ ਦੀ ਪਈ ਦੂਰ ਦੂਰ ਤੱਕ ਧੁੰਮ



**ਗਲਾਸਗੋ–** "ਔਰਤਾਂ ਦਾ ਜੀਵਨ ਵਿਦੇਸ਼ਾਂ ਦੀ ਧਰਤੀ 'ਤੇ ਬੇਹੱਦ ਰੁਝੇਵਿਆਂ ਭਰਿਆ ਹੈ। ਕੰਮ ਦੀ ਭੱਜ-ਦੌੜ ਤੋਂ ਬਾਅਦ ਘਰ ਵਿੱਚ ਰੋਟੀ ਟੁੱਕ ਦਾ ਆਹਰ ਹਰ ਪੰਜਾਬਣ ਦੇ ਜੀਵਨ ਵਿੱਚ ਜ਼ਿੰਮੇਵਾਰੀ ਦੇ ਤੌਰ 'ਤੇ ਸਿਰ ਖੜ੍ਹਾ ਰਹਿੰਦਾ ਹੈ। ਵੋਇਸ ਆਫ ਵੂਮੈਨ ਅਤੇ ਸ਼ਿਵਚਰਨ ਗਿੱਲ ਮੈਮੋਰੀਅਲ ਟਰੱਸਟ ਵੱਲੋਂ ਲਾਈਆਂ ਜਾਂਦੀਆਂ ਤੀਆਂ ਦਾ ਮੁੱਖ ਮਕਸਦ ਹੀ ਇਹ ਹੈ ਕਿ ਤਣਾਅਪੂਰਨ ਜ਼ਿੰਦਗੀ 'ਚੋਂ ਬਾਹਰ ਨਿੰਕਲ ਕੇ ਔਰਤਾਂ ਨੂੰ ਹਾਸੇ ਠੱਠੇ, ਨੱਚਣ ਟੱਪਣ ਦਾ ਮੌਕਾ ਮੁਹੱਈਆ ਕਰਵਾਇਆ ਜਾ ਸਕੇ।", ਉਕਤ ਵਿਚਾਰਾਂ ਦਾ ਪ੍ਰਗਟਾਵਾ ਵੋਇਸ ਆਫ ਵੂਮੈਨ ਦੀ ਚੇਅਰਪਰਸਨ ਸੁਰਿੰਦਰ ਕੌਰ ਤੇ ਸ਼ਿਵਚਰਨ ਗਿੱਲ ਮੈਮੋਰੀਅਲ ਟਰੱਸਟ ਦੀ ਡਾਇਰੈਕਟਰ ਸ਼ਿਵਦੀਪ ਕੌਰ ਢੇਸੀ ਗਿੱਲ ਨੇ ਇਸ ਪ੍ਰਤੀਨਿਧ ਨਾਲ ਗੱਲਬਾਤ ਦੌਰਾਨ ਕੀਤਾ। ਉਹਨਾਂ ਕਿਹਾ ਕਿ ਉਦੋਂ ਬੇਹੱਦ ਖੁਸ਼ੀ ਹੁੰਦੀ ਹੈ ਜਦੋਂ ਸੈਂਕੜਿਆਂ ਦੀ ਤਾਦਾਦ ਵਿੱਚ ਭੈਣਾਂ ਇਸ ਤੀਆਂ ਦੇ ਮੇਲੇ ਵਿੱਚ ਹਰ ਐਤਵਾਰ ਨੂੰ ਉਤਸ਼ਾਹਪੂਰਵਕ ਹਾਜ਼ਰੀ ਭਰਨ ਆਉਂਦੀਆਂ ਹਨ। ਮੇਲੇ ਦੌਰਾਨ ਮੇਲਣਾਂ ਨੇ ਬੋਲੀਆਂ ਪਾ ਕੇ ਤਾੜੀਆਂ ਦੇ ਖੜਕਾਟ ਨਾਲ ਸਾਊਥਾਲ ਦੀਆਂ ਫਿਜ਼ਾਵਾਂ ਵਿੱਚ ਕਲਾਮਈ ਰੰਗ ਘੋਲ਼ੀ ਰੱਖਿਆ। ਇਸ ਸਮੇਂ ਪ੍ਰਬੰਧਕ ਟੀਮ ਦੀ ਤਰਫੋਂ ਸ੍ਰੀਮਤੀ ਅਵਤਾਰ ਕੌਰ ਚਾਨਾ, ਸੰਤੋਸ਼ ਸੁਰ, ਬਲਵੀਰ ਕੌਰ ਸੰਧੂ, ਸਤਵਿੰਦਰ ਕੌਰ ਮਾਨ, ਸੰਤੋਸ਼ ਸ਼ਿਨ, ਸੁਰਿੰਦਰ ਕੌਰ ਤੂਰ ਕੈਂਥ, ਨਰਿੰਦਰ ਕੌਰ ਖੋਸਾ, ਲੇਖਇੰਦਰ ਕੌਰ ਸਰਾਂ ਆਦਿ ਦੀ ਮਿਹਨਤ ਮੂੰਹੋਂ ਬੋਲ ਰਹੀ ਸੀ। ਬਹੁਤ ਹੀ ਜ਼ਾਬਤੇ 'ਚ ਹੋ ਰਹੇ ਤੀਆਂ ਦੇ ਮੇਲੇ ਦੌਰਾਨ ਇਸ ਐਤਵਾਰ ਵੀ ਹਾਜ਼ਰ ਔਰਤਾਂ ਨੇ ਖੂਬ ਆਨੰਦ ਮਾਣਿਆ।

# ਉੱਘੇ ਰੰਗਕਰਮੀ ਡਾ ਸਾਹਿਬ ਸਿੰਘ ਵੱਲੋਂ 'ਧੰਨ ਲੇਖਾਰੀ ਨਾਨਕਾ' ਨਾਟਕ ਦਾ ਸਫ਼ਲ ਮੰਚਨ



**ਗਲਾਸਗੋ–** ਪ੍ਰਸਿੱਧ ਰੰਗਕਰਮੀ ਡਾ ਸਾਹਿਬ ਸਿੰਘ ਦੁਆਰਾ 'ਧੰਨ ਲੇਖਾਰੀ ਨਾਨਕਾ' ਨਾਟਕ ਦੀ ਸਫ਼ਲ ਪੇਸ਼ਕਾਰੀ ਬਰਮਿੰਘਮ ਵਿਖੇ ਕੀਤੀ ਗਈ। ਜਿਸ ਦਾ ਆਯੋਜਨ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵੱਲੋਂ ਕੀਤਾ ਗਿਆ। ਇਸ ਪੇਸ਼ਕਾਰੀ ਵਿੱਚ ਡਾ। ਸਾਹਿਬ ਸਿੰਘ ਵੱਲੋਂ ਇਕੱਲਿਆਂ ਹੀ ਕਈ ਕਿਰਦਾਰਾਂ ਨੂੰ ਪੇਸ਼ ਕੀਤਾ ਗਿਆ। ਜਿਸ ਵਿੱਚ ਉਹਨਾਂ ਨੇ ਬੜੀ ਬੇਬਾਕੀ ਨਾਲ ਵੱਖ ਵੱਖ ਮਸਲਿਆਂ ਉੱਪਰ ਗੰਭੀਰਤਾ ਸਹਿਤ ਦਰਸ਼ਕਾਂ ਦਾ ਧਿਆਨ ਖਿੱਚਿਆ।

ਉਹਨਾਂ ਪੇਸ਼ਕਾਰੀ ਵਿੱਚ ਆਪਣੀ ਧੀ ਨਾਲ ਗੱਲਬਾਤ ਕਰਦਿਆਂ ਅੱਜ ਦੀ ਮੌਜੂਦਾ ਰਾਜ ਪ੍ਰਣਾਲੀ, ਮੌਜੂਦਾ ਸਰਕਾਰੀ ਸ਼ਾਹੀ ਤੇ ਧਰਮਾਂ ਦੇ ਨਾਂ ਉੱਪਰ ਹੋ ਰਹੀ ਖਿੱਚੋਤਾਣ, ਮਾਰਧਾੜ ਤੇ ਬਲਾਤਕਾਰ ਜਿਹੇ ਵਿਸ਼ਿਆਂ ਨੂੰ ਪੇਸ਼ ਕੀਤਾ। ਉਹਨਾਂ ਨੇ ਗੁਰੂ ਤੇਗ ਬਹਾਦਰ ਜੀ, ਭਾਈ ਰੰਗਰੇਟਾ ਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਪੰਜ ਪਿਆਰਿਆਂ ਅਤੇ ਗੁਰੂ ਨਾਨਕ ਨਾਲ ਸੰਵਾਦ ਰਚਾ ਕੇ ਇਸ ਪੇਸ਼ਕਾਰੀ ਨੂੰ ਸਿਖਰ 'ਤੇ ਪੁਚਾ ਦਿੱਤਾ। ਜਦੋਂ ਸਾਹਿਬ ਸਿੰਘ ਜਲਿਆਂ ਵਾਲੇ ਬਾਗ ਦਾ ਚੋਲਾ ਪਹਿਨ ਕੇ ਪੇਸ਼ਕਾਰੀ ਦਿਖਾਉਂਦਾ ਹੈ ਤਾਂ ਦਰਸ਼ਕਾਂ ਦੇ ਹੰਝੂ ਆਪ ਮੁਹਾਰੇ ਵਹਿ ਤੁਰਦੇ ਹਨ। ਅਖੀਰ ਵਿੱਚ ਪੰਜਾਬ ਸਿਉਂ ਦੇ ਰੋਲ ਵਿੱਚ ਸਮੁੱਚੇ ਪੰਜਾਬ ਨੂੰ ਕਿਸਾਨ ਮੋਰਚੇ ਦੌਰਾਨ ਲੋਕਾਂ ਨਾਲ ਵਾਰਤਾਲਾਪ ਕਰਦਿਆਂ ਦਿਖਾ ਕੇ ਪੰਜਾਬੀਆਂ ਤੇ ਪੰਜਾਬ ਦੀ ਅਸਲ ਤਸਵੀਰ, ਸੁਭਾਅ, ਵਤੀਰਾ ਅਤੇ ਪੰਜਾਬ ਦੀ ਰਹਿਤਲ ਬਾਰੇ ਪੇਸ਼ਕਾਰੀ ਨੇ ਹਾਲ ਨੂੰ ਤਾੜੀਆਂ ਨਾਲ ਗੂੰਜਣ ਲਾ ਦਿੱਤਾ। ਇਸ ਪੇਸ਼ਕਾਰੀ ਦਾ ਅਸਲ ਮੰਤਵ ਡਾ ਸਾਹਿਬ ਸਿੰਘ ਵੱਲੋਂ ਇੱਕ ਲੇਖਕ ਦੀ ਭੂਮਿਕਾ ਤੇ ਪਰਿਭਾਸ਼ਾ ਨੂੰ ਪੇਸ਼ ਕਰਨਾ ਹੈ। ਇੱਕ ਸਹੀ ਤੇ ਸੱਚਾ ਲੇਖਕ ਕਿਵੇਂ ਸਮਾਜਿਕ ਸਰੋਕਾਰਾਂ ਦੀ ਗੱਲ ਕਰ ਸਕਦਾ ਹੈ, ਇਹ ਇਸ ਪੇਸ਼ਕ-ਾਰੀ ਦਾ ਮੂਲ ਹੈ।

ਅਜਿਹੀ ਲਾਜਵਾਬ ਪੇਸ਼ਕਾਰੀ ਦੇ ਉਪਰੰਤ ਸਮੂਹ ਦਰਸ਼ਕਾਂ ਨੇ ਖੜੇ ਹੋ ਕੇ ਤਾੜੀਆਂ ਵਜਾਉਂਦੇ ਹੋਏ ਡਾ। ਸਾਹਿਬ ਸਿੰਘ ਦਾ ਸਤਿਕਾਰ ਕੀਤਾ। ਇੰਡੀਅਨ ਵਰਕਰਜ਼ ਐਸੋਸੀਏਸ਼ਨ ਵੱਲੋਂ ਭਗਵੰਤ ਸਿੰਘ ਨੇ ਮੰਚ ਸੰਚਾਲਕ ਦੀ ਭੂਮਿਕਾ ਨਿਭਾਈ ਗਈ। ਇਸ ਸਮੇਂ ਹਾਜਰ ਹੋਰ ਅਹੁਦੇਦਾਰਾਂ ਵਿੱਚ ਸ਼ੀਰਾ ਜੋਹਲ, ਕੁਲਬੀਰ ਸਿੰਘ ਸੰਘੇੜਾ, ਅਮਰੀਕ ਸਿੰਘ ਮੱਲੀ, ਭਾਰਤ ਭੂਸ਼ਨ, ਜਗਰੂਪ ਸਿੰਘ, ਨਿਰਮਲ ਸਿੰਘ ਸੰਘਾ ਆਦਿ ਹਾਜਰ ਸਨ।

# ਪ੍ਰਧਾਨ ਮੰਤਰੀ ਅਹੁਦੇ ਦੀ ਉਮੀਦਵਾਰ ਲਿਜ਼ ਟਰੱਸ ਨੇ ਸਕਾਟਲੈਂਡ ਦੀ ਫਸਟ ਮਨਿਸਟਰ 'ਤੇ ਕੀਤੇ ਸ਼ਬਦੀ ਹਮਲੇ



**ਗਲਾਸਗੋ–** ਬਰਤਾਨੀਆ ਦੀ ਕੰਜਰਵੇਟਿਵ ਪਾਰਟੀ ਲੀਡਰਸ਼ਿਪ ਉਮੀਦਵਾਰ ਵਜੋਂ ਮੈਦਾਨ ਵਿੱਚ ਆਈ ਲਿਜ਼ ਟਰੱਸ ਨੇ ਸਕਾਟਲੈਂਡ ਦੀ ਫਸਟ ਮਨਿਸਟਰ ਨਿਕੋਲਾ ਸਟਰਜਨ 'ਤੇ ਸ਼ਬਦੀ ਹਮਲੇ ਤੇਜ਼ ਕਰਦਿਆਂ ਨਿਕੋਲਾ ਸਟਰਜਨ ਨੂੰ ਚਰਚਾ 'ਚ ਰਹਿਣ ਦੀ ਆਦੀ ਤੱਕ ਕਿਹਾ। ਸਕਾਟਲੈਂਡ ਦੀ ਆਜ਼ਦੀ ਲਈ ਦੂਜੀ ਰਾਇਸ਼ੁਮਾਰੀ ਲਈ ਪੱਬਾਂ ਭਾਰ ਹੋਈ ਨਿਕੋਲਾ ਸਟਰਜਨ ਦੀ ਆਲੋਚਨਾ ਕਰਦਿਆਂ ਲਿਜ਼ ਟਰੱਸ ਨੇ ਕਿਹਾ ਕਿ ਉਸਨੂੰ ਅਣਡਿੱਠ ਕੀਤਾ ਹੀ ਚੰਗਾ ਹੈ। ਲਿਜ਼ ਨੇ ਸੰਬੋਧਨ ਦੌਰਾਨ ਕਿਹਾ ਕਿ ਅਸਲ ਵਿੱਚ ਸਕਾਟਲੈਂਡ, ਉੱਤਰੀ ਆਇਰਲੈਂਡ ਤੇ ਵੇਲਜ ਦੇ ਲੋਕਾਂ ਨੂੰ ਇੱਕਸਾਰ ਸਹੂਲਤਾਂ ਦੇ ਕੇ ਸਾਡਾ ਇਹ ਦਿਖਾਉਣ ਦਾ ਯਤਨ ਹੈ ਕਿ ਸਮੁੱਚੇ ਬਰਤਾਨੀਆ ਵਿੱਚ ਹਰ ਨਾਗਰਿਕ ਨੂੰ ਬਰਾਬਰ ਸਹੂਲਤਾਂ ਮਿਲ ਰਹੀਆਂ ਹਨ। ਹਾਲਾਂਕਿ ਫਸਟ ਮਨਿਸਟਰ ਨਿਕੋਲਾ ਸਟਰਜਨ ਵੱਲੋਂ ਸਕਾਟਲੈਂਡ ਆਜ਼ਾਦੀ ਲਈ ਦੂਜੀ ਰਾਇਸ਼ੁਮਾਰੀ ਲਈ ਯਤਨ ਸਰਗਰਮੀ ਨਾਲ ਕੀਤੇ ਜਾ ਰਹੇ ਹਨ, ਉੱਥੇ ਲਿਜ਼ ਟਰੱਸ ਦੇ ਇਹਨਾਂ ਬਿਆਨਾਂ ਨੇ ਬਰਤਾਨੀਆ ਦੇ ਸਿਆਸੀ ਹਲਕਿਆਂ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ।

# ਯੂਕੇ ਪ੍ਰਧਾਨ ਮੰਤਰੀ ਪਦ ਉਮੀਦਵਾਰ ਦੀ ਸਕਾਟਲੈਂਡ ਰਾਇਸ਼ੁਮਾਰੀ ਤੋਂ ਅਗੇਤੀ ਕੋਰੀ ਨਾਂਹ



**ਗਲਾਸਗੋ–** ਬਰਤਾਨੀਆ ਦੀ ਵਿਦੇਸ਼ ਸਕੱਤਰ ਲਿਜ਼ ਟਰੱਸ ਸਾਬਕਾ ਚਾਂਸਲਰ ਰਿਸੀ ਸੁਨਕ ਨਾਲ 10ਵੇਂ ਨੰਬਰ 'ਤੇ ਬੋਰਿਸ ਜਾਨਸਨ ਦੀ ਥਾਂ ਲੈਣ ਲਈ ਮੁਕਾਬਲਾ ਕਰ ਰਹੇ ਹਨ। ਦੋਵੇਂ ਉਮੀਦਵਾਰਾਂ ਨੂੰ ਲਗਾਤਾਰ ਬਿਆਨਬਾਜ਼ੀ ਕਰਨੀ ਪੈ ਰਹੀ ਹੈ ਤਾਂ ਕਿ ਆਪਣਾ ਪੱਖ ਵਧੇਰੇ ਵਧੀਆ ਢੰਗ ਨਾਲ ਪੇਸ਼ ਕਰ ਸਕਣ। ਲਿਜ਼ ਟਰੱਸ ਨੇ ਵਾਅਦਾ ਕੀਤਾ ਹੈ ਕਿ ਉਹ ਸੈਕਸ਼ਨ 30 ਆਰਡਰ ਲਈ ਕੋਈ ਵੀ ਬੇਨਤੀ ਸਵੀਕਾਰ ਨਹੀਂ ਕਰੇਗੀ। ਮੌਜੂਦਾ ਪ੍ਰੋਟੋਕੋਲ ਦੇ ਤਹਿਤ, ਰਾਏਸ਼ੁਮਾਰੀ ਕਰਵਾਉਣ ਲਈ ਸੈਕਸ਼ਨ 30 ਆਰਡਰ ਦੇਣ ਦੀ ਲੋੜ ਹੋਵੇਗੀ। ਇਹ ਅਜਿਹਾ ਕਰਨ ਲਈ ਵੈਸਟਮਿੰਸਟਰ ਤੋਂ ਹੋਲੀਰੂਡ ਤੱਕ ਲੋੜੀਂਦੀਆਂ ਸ਼ਕਤੀਆਂ ਦੇ ਅਸਥਾਈ ਤਬਾਦਲੇ ਦੀ ਇਜਾਜ਼ਤ ਦੇਵੇਗਾ, ਜਿਵੇਂ ਕਿ 2014 ਦੇ ਜਨਮਤ ਸੰਗ੍ਰਹਿ ਦਾ ਮਾਮਲਾ ਸੀ। ਸਕਾਟਿਸ਼ ਸਰਕਾਰ ਨੇ ਸੁਪਰੀਮ ਕੋਰਟ ਨੂੰ ਕਿਹਾ ਹੈ ਕਿ ਕੀ ਵੈਸਟਮਿੰਸਟਰ ਦੀ ਸਹਿਮਤੀ ਤੋਂ ਬਿਨਾਂ ਵੋਟਿੰਗ ਹੋ ਸਕਦੀ ਹੈ ਜਾਂ ਨਹੀਂ? ਇਸ ਮਾਮਲੇ 'ਤੇ ਲੰਡਨ ਵਿਚ 11 ਅਕਤੂਬਰ ਅਤੇ 12 ਅਕਤੂਬਰ ਨੂੰ ਸੁਣਵਾਈ ਹੋਵੇਗੀ। ਇਸ ਨੂੰ ਫਸਟ ਮਨਿਸਟਰ ਨਿਕੋਲਾ ਸਟਰਜਨ ਨੇ ਅਗਲੇ ਸਾਲ 19 ਅਕਤੂਬਰ ਨੂੰ ਆਜ਼ਾਦੀ ਦੇ ਮੁੱਦੇ 'ਤੇ ਵੋਟਿੰਗ ਕਰਵਾਉਣ ਦਾ ਆਪਣਾ ਇਰਾਦਾ ਦੱਸਿਆ ਹੈ। ਹਾਲਾਂਕਿ, ਟਰਸ ਨੇ ਕਿਹਾ ਹੈ ਕਿ ਹੋਲੀਰੂਡ ਵਿਖੇ ਸਰਕਾਰ ਦੁਆਰਾ ਪੇਸ ਕੀਤਾ ਗਿਆ ਸਕਾਟਿਸ ਸੁਤੰਤਰਤਾ ਰੈਫਰੈਂਡਮ ਬਿੱਲ ਕਾਨੂੰਨੀ ਨਹੀਂ ਹੈ। ਕੰਜਰਵੇਟਿਵ ਲੀਡਰਸ਼ਿਪ ਉਮੀਦਵਾਰ ਨੇ ਭਵਿੱਖ ਦੀ ਵੋਟ ਲਈ ਆਪਣਾ ਵਿਰੋਧ ਸਪੱਸ਼ਟ ਕੀਤਾ। ਇਸ ਸਬੰਧੀ ਟਰੱਸ ਦਾ ਸਕਾਟਲੈਂਡ ਦਾ ਦੌਰਾ ਕਰਨ ਦੀ ਉਮੀਦ ਹੈ ਤੇ ਉਸ ਨੇ ਯੂਕੇ ਨੂੰ ਇਕੱਠੇ ਰੱਖਣ ਦੇ ਆਪਣੇ ਇਰਾਦੇ ਦੀ ਰੂਪਰੇਖਾ ਦੱਸੀ ਹੈ। ਉਹਨਾਂ ਕਿਹਾ ਕਿ ਐਸ।ਐਨ।ਪੀ। 2014 ਦੇ ਜਨਮਤ ਸੰਗ੍ਰਹਿ ਵਿੱਚ ਹਾਰ ਗਈ ਅਤੇ ਨਿਕੋਲਾ ਸਟਰਜਨ ਹੁਣ ਯੂਕੇ ਨੂੰ ਤੋੜਨ ਲਈ ਧੋਖੇ ਭਰੀ ਇੱਕ ਮੁਹਿੰਮ ਦੀ ਅਗਵਾਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਦੋਂ ਵੈਸਟਮਿੰਸਟਰ ਨੇ ਸਕਾਟਲੈਂਡ ਨੂੰ ਸੱਤਾ ਸੌਂਪੀ, ਤਾਂ ਇਸ ਵਿੱਚ ਯੂਨ-ਇਅਨ ਨੂੰ ਤੋੜਨ ਲਈ ਵੈਧ ਰਾਏਸੁਸ਼ਾਰੀ ਕਰਵਾਉਣ ਦੀ ਯੋਗਤਾ ਸਾਮਲ ਨਹੀਂ ਸੀ। ਕਿਸੇ ਵੀ ਸਕਾਟਲੈਂਡ ਦੀ ਆਜਾਦੀ ਦੇ ਜਨਮਤ ਸੰਗ੍ਰਹਿ ਨੂੰ ਵੈਸਟਮਿੰਸਟਰ ਸੰਸਦ ਦੁ-ਆਰਾ ਅਧਿਕਾਰਤ ਕੀਤੇ ਜਾਣ ਦੀ ਲੋੜ ਹੋਵੇਗੀ। ਉਹਨਾਂ ਕਿਹਾ ਕਿ ਜੇ ਮੈਂ ਪ੍ਰਧਾਨ ਮੰਤਰੀ ਬਣ ਜਾਂਦੀ ਹਾਂ, ਤਾਂ ਮੈਂ ਇਹ ਅਧਿਕਾਰ ਨਹੀਂ ਦੇਵਾਂਗੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸਿੱਖਸ ਆਫ ਅਮੈਰਿਕਾ ਦੇ ਜਸਦੀਪ ਸਿੰਘ ਜੱਸੀ ਨੇ ਸਮਾਜਿਕ ਮੁੱਦਿਆਂ ਦੇ ਹਾਮੀ ਗਾਇਕ ਬੱਬੂ ਮਾਨ ਦਾ ਕੀਤਾ ਸਨਮਾਨ





**ਵਾਸਿੰਗਟਨ, 2 ਅਗਸਤ (ਰਾਜ ਗੋਗਨਾ )**—ਪੰਜਾਬੀਆਂ ਦੇ ਉੱਘੇ ਨਾਮਵਰ ਪੰਜਾਬੀ ਮਹਿਬੂਬ ਕਲਾਕਾਰ ਬੱਬੂ ਮਾਨ ਇੰਨੀ ਦਿਨੀਂ ਅਮਰੀਕਾ ਦੇ ਦੌਰੇ 'ਤੇ ਹਨ ਅਤੇ ਇਸੇ ਦੌਰਾਨ ਉੱਘੇ ਸੱਭਿਆਚਾਰਕ ਪ੍ਰਮੋਟਰ ਸੰਨੀ ਮੱਲ੍ਹੀ, ਮਹਿਤਾਬ ਕਾਹਲੋਂ ਅਤੇ ਇਮਰਾਨ ਖਾਨ (ਰੌਕੀ ਇੰਟਰਟੇਨਮੈਂਟ) ਵਲੋਂ ਸਾਂਝੇ ਤੋਰ ਤੇ ਅਮਰੀਕਾ ਦੇ ਸੂਬੇ ਵਰਜ਼ੀਨੀਆਂ 'ਚ ਇਕ ਸੰਗੀਤਕ ਸ਼ਾਮ ਅਯੋਜਿਤ ਕੀਤੀ ਗਈ ਜਿਸ ਵਿਚ ਵਿਸ਼ਵ ਪ੍ਰਸਿੱਧ ਗਾਇਕ ਬੱਬੂ ਮਾਨ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ। ਇਸ ਮੌਕੇ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਸ: ਜਸਦੀਪ ਸਿੰਘ ਜੱਸੀ ਵੱਲੋ ਵਿਸ਼ੇਸ਼ ਤੌਰ 'ਤੇ ਬੱਬੂ ਮਾਨ ਨੂੰ ਇਕ ਯਾਦਗਾਰੀ ਚਿੰਨ ਭੇਂਟ ਕੀਤਾ ਗਿਆ। ਇਸ ਮੌਕੇ ਚੇਅਰਮੈਨ ਜੱਸੀ ਨੇ ਆਪਣੇ ਸੰਬੋਧਨ ਚ' ਕਿਹਾ ਕਿ ਬੱਬੂ ਮਾਨ ਸਮਾਜਿਕ ਮੁੱਦਿਆਂ ਦਾ ਹਾਮੀ ਹੈ ਅਤੇ ਉਸ ਨੇ ਨਸਲਾਂ ਅਤੇ ਫਸਲਾਂ ਵਰਗੇ ਮਹੱਤਵਪੂਰਨ ਵਿਸ਼ਿਆਂ ਉੱਤੇ ਆਪਣੀ ਅਵਾਜ਼ ਉਠਾਈ ਹੈ। ਅਤੇ ਕਲਾਕਾਰ ਬੱਬੂ ਮਾਨ ਨੇ ਇਤਿਹਾਸਕ ਕਿਸਾਨ ਅੰਦੋਲਨ ਵਿਚ ਵੀ ਯੋਗਦਾਨ ਪਾ ਕੇ ਪੰਜਾਬੀਆਂ ਦਾ ਦਿਲ ਜਿੱਤਿਆ ਹੈ। ਇਸ ਲਈ ਅਸੀਂ ਆਪਣੀ ਸੰਸਥਾ ਸਿੱਖਸ ਆਫ ਅਮੈਰਿਕਾ ਵਲੋਂ ਉਸਦਾ ਸਨਮਾਨ ਕੀਤਾ ਜਾ ਰਿਹਾ ਹੈ।ਇਸ ਮੋਕੇ ਸ਼ਾਮਿਲ ਹੋਏ ਮੁਸਲਿਮ ਆਫ ਅਮੈਰਿਕਾ ਦੇ ਚੇਅਰਮੈਨ ਸਾਜਿਦ ਤਰਾਰ ਵਲੋਂ ਵੀ ਪੰਜਾਬੀ ਮਾਂ ਬੋਲੀ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਬਦਲੇ ਮੁਸਲਿਮ ਭਾਈਚਾਰੇ ਵਲੋਂ ਬੱਬੂ ਮਾਨ ਨੂੰ ਸਨਮਾਨ ਦਿੱਤਾ। ਇਸ ਸਮਾਗਮ ਵਿਚ ਵਾਸ਼ਿੰਗਟਨ ਡੀ।ਸੀ।, ਮੈਰੀਲੈਂਡ ਅਤੇ ਵਰਜ਼ੀਨੀਆਂ ਤੋਂ ਉੱਘੀਆਂ ਸਖਸ਼ੀਅਤਾਂ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਈਆਂ ਜਿੰਨਾਂ ਵਿੱਚ ਸ਼ ਬਲਜਿੰਦਰ ਸਿੰਘ ਸ਼ੰਮੀ, ਦਲਵੀਰ ਸਿੰਘ ਮੈਰੀਲੈਂਡ, ਵਰਿੰਦਰ ਸਿੰਘ, ਰਤਨ ਸਿੰਘ ਸੈਣੀ, ਸੁਰਿੰਦਰ ਸਿੰਘ ਬਾਬੂ, ਮਨਿੰਦਰ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਗੁਰਵਿੰਦਰ ਸੇਠੀ, ਰਜਿੰਦਰ ਸਿੰਘ ਗੋਗੀ, ਸੁਖਵਿੰਦਰ ਸਿੰਘ ਘੋਗਾ, ਰਾਜੂ ਸਿੰਘ, ਬਲਜੀਤ ਸਿੰਘ, ਕਾਲਾ ਬੈਂਸ ਦੇ ਨਾਮ ਵਿਸ਼ੇਸ਼ ਤੋਰ ਤੇ ਸ਼ਾਮਿਲ

# ਵਾਸ਼ਿੰਗਟਨ 'ਚ ਗੋਲੀਬਾਰੀ ਦੌਰਾਨ 1 ਦੀ ਮੌਤ, ਕਈ ਜ਼ਖ਼ਮੀ

**ਵਾਸ਼ਿੰਗਟਨ–** ਵਾਸ਼ਿੰਗਟਨ ਪੋਸਟ ਨੇ ਪੁਲਸ ਮੁਖੀ ਰੌਬਰਟ ਜੇ ਕੋਂਟੀ ਦੇ ਹਵਾਲੇ ਨਾਲ ਇੱਕ ਨਿਊਜ਼ ਕਾਨਫਰੰਸ ਵਿੱਚ ਦੱਸਿਆ ਕਿ ਅਮਰੀਕਾ ਵਿਖੇ ਵਾਸ਼ਿੰਗਟਨ ਡੀਸੀ ਦੇ ਉੱਤਰ-ਪੂਰਬੀ ਹਿੱਸੇ ਵਿੱਚ ਇੱਕ ਅਪਾਰਟਮੈਂਟ ਕੰਪਲੈਕਸ ਵਿੱਚ ਸੋਮਵਾਰ (ਸਥਾਨਕ ਸਮੇਂ) ਦੇਰ ਰਾਤ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਘੱਟੋ-ਘੱਟ ਛੇ ਲੋਕਾਂ ਨੂੰ ਗੋਲੀ ਮਾਰ ਦਿੱਤੀ ਗਈ।

ਅਜ਼ੀਜ਼ ਬੇਟਸ ਅਪਾਰਟਮੈਂਟ ਕੰਪਲੈਕਸ ਦੇ ਬਾਹਰ ਐਫ ਸਟਰੀਟ ਨੌਰਥ ਈਸਟ ਦੇ 1500 ਬਲਾਕ ਵਿੱਚ ਰਾਤ 8:30 ਵਜੇ ਦੇ ਕਰੀਬ ਗੋਲੀਬਾਰੀ ਦੀ ਸੂਚਨਾ ਦਿੱਤੀ ਗਈ ਸੀ।ਕੋਂਟੀ ਨੇ ਕਿਹਾ ਕਿ ਪੰਜ ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ ਅਤੇ ਉਨ੍ਹਾਂ ਦੀ ਸਥਿਤੀ ਦਾ ਪਤਾ ਨਹੀਂ ਹੈ।

ਕਾਨਫਰੰਸ ਦੌਰਾਨ ਕੋਂਟੀ ਨੇ ਕਿਹਾ ਕਿ ਉਹ ਗੋਲੀਬਾਰੀ ਦਾ ਕਾਰਨ ਨਹੀਂ ਜਾਣਦਾ ਸੀ ਅਤੇ ਇਹ ਵੀ ਨਹੀਂ ਪਤਾ ਸੀ ਕਿ ਪੀੜਤ ਇੱਕ ਦੂਜੇ ਨੂੰ ਜਾਣਦੇ ਸਨ ਜਾਂ ਨਹੀਂ। ਉਸ ਨੇ ਕਿਹਾ ਕਿ ਜਦੋਂ ਗੋਲੀ ਚਲਾਈ ਗਈ ਤਾਂ ਇਲਾਕੇ ਵਿੱਚ ਲੋਕਾਂ ਦਾ ਇੱਕ ਵੱਡਾ ਸਮੂਹ ਸੀ। ਜਾਂਚ ਜਾਰੀ ਹੈ। ਕੋਂਟੀ ਨੇ ਅੱਗੇ ਕਿਹਾ ਕਿ ਭਾਈਚਾਰਿਆਂ ਵਿੱਚ ਹਿੰਸਾ ਦੀ ਲਹਿਰ ਨੂੰ ਰੋਕਣ ਲਈ ਕਈ ਕਦਮ ਚੁੱਕੇ ਗਏ ਹਨ। ਸਾਡੇ ਭਾਈਚਾਰਿਆਂ ਵਿੱਚ ਅਜਿਹੇ ਲੋਕ ਹਨ ਜੋ ਆਪਣੀ ਮਨੁੱਖਤਾ ਦੀ ਭਾਵਨਾ ਗੁਆ ਚੁੱਕੇ ਹਨ। ਗੋਲੀਬਾਰੀ ਦਾ ਸਥਾਨ ਕੈਪੀਟਲ ਹਿੱਲ ਦੇ ਉੱਤਰ-ਪੂਰਬੀ ਕਿਨਾਰੇ ਦੇ ਨੇੜੇ ਕਿੰਗਮੈਨ ਪਾਰਕ ਇਲਾਕੇ ਵਿੱਚ ਹੈ। ਇੱਕ ਗੁਆਂਢੀ ਨੇ ਦੱਸਿਆ ਕਿ ਉਸਨੇ ਘੱਟੋ-ਘੱਟ 15 ਗੋਲੀਆਂ ਸੁਣੀਆਂ।



ਵਾਸ਼ਿੰਗਟਨ ਪੋਸਟ ਦੇ ਅਨੁਸਾਰ ਸਲਾਹਕਾਰ ਨੇਬਰਹੁੱਡ ਕਮਿਸ਼ਨਰ ਲੌਰਾ ਜੇਨਟਾਈਲ ਨੇ ਗੋਲੀਬਾਰੀ ਨੇੜੇ ਰਹਿੰਦੇ ਨਿਵਾਸੀਆਂ ਨਾਲ ਗੱਲਬਾਤ ਕਰਦਿਆਂ ਸ਼ਾਮ ਬਿਤਾਈ ਅਤੇ ਕਿਹਾ ਕਿ ਇਹ ਭਿਆਨਕ ਹੈ।ਸੋਮਵਾਰ ਦੀ ਹਿੰਸਕ ਰਾਤ ਵਿੱਚ ਤਿੰਨ ਹੋਰ ਗੋਲੀਬਾਰੀ ਵਿਚ ਸ਼ਾਮਲ ਸਨ, ਜਿਨ੍ਹਾਂ ਵਿੱਚੋਂ ਕੋਈ ਵੀ ਘਾਤਕ ਨਹੀਂ ਸੀ। ਅਧਿਕਾਰੀਆਂ ਨੇ ਦੱਸਿਆ ਕਿ ਗੈ-ਨੇਸਵਿਲੇ ਸਟ੍ਰੀਟ ਐਸ।ਈ। 'ਤੇ ਇੱਕ ਔਰਤ ਨੂੰ ਗੋਲੀ ਮਾਰ ਦਿੱਤੀ ਗਈ ਸੀ; ਨਿਊਟਨ ਪਲੇਸ ਐਨ।ਡਬਲਿਊ। 'ਤੇ ਇੱਕ ਆਦਮੀ ਨੂੰ ਗੋਲੀ ਮਾਰੀ ਗਈ ਸੀ; ਅਤੇ ਇੱਕ ਹੋਰ ਵਿਅਕਤੀ ਨੂੰ ਓਗਲੇਥੋਰਪ ਸਟ੍ਰੀਟ ਐਨ। ਈ। 'ਤੇ ਗੋਲੀ ਮਾਰ ਦਿੱਤੀ ਗਈ, ਇਹ ਸਭ ਕੁਝ ਘੰਟਿਆਂ ਦੇ ਅੰਦਰ ਵਾ-ਪਰਿਆ।

ਸੰਯੁਕਤ ਰਾਜ ਅਮਰੀਕਾ ਵਿੱਚ ਬੰਦੂਕ ਹਿੰਸਾ ਦੀਆਂ ਵੱਧਦੀਆਂ ਘਟਨਾਵਾਂ ਦੇ ਨਾਲ ਰਾਸ਼ਟਰਪਤੀ ਜੋਅ ਬਾਈਡੇਨ ਨੇ ਕਿਹਾ ਸੀ ਕਿ ਅਮਰੀਕਾ ਨੂੰ ਬੱਚਿਆਂ ਅਤੇ ਪਰਿਵਾਰਾਂ ਦੀ ਸੁਰੱਖਿਆ ਲਈ ਹਮਲਾਵਰ ਹਥਿਆਰਾਂ 'ਤੇ ਪਾਬੰਦੀ ਲਗਾਉਣ ਜਾਂ ਉਨ੍ਹਾਂ ਨੂੰ ਖਰੀਦਣ ਦੀ ਉਮਰ 18 ਤੋਂ ਵਧਾ ਕੇ 21 ਕਰਨ ਦੀ ਜ਼ਰੂਰਤ ਹੈ।

ਇਸ ਤੋਂ ਇਲਾਵਾ 22 ਜੂਨ ਨੂੰ, ਯੂਐਸ ਦੇ ਸੰਸਦ ਮੈਂਬਰਾਂ ਦੇ ਇੱਕ ਸਮੂਹ ਨੇ ਯੁਵਾਲਡੇ, ਬਫੇਲੋ ਅਤੇ ਟੈਕਸਾਸ ਵਿੱਚ ਹਾਲ ਹੀ ਵਿੱਚ ਸਮੂਹਿਕ ਗੋਲੀਬਾਰੀ ਦੀਆਂ ਘਟਨਾਵਾਂ ਤੋਂ ਬਾਅਦ ਇੱਕ ਦੋ-ਪੱਖੀ ਬੰਦੂਕ ਸੁਰੱਖਿਆ ਬਿੱਲ 'ਤੇ ਇੱਕ ਬਹੁਤ-ਉਡੀਕ ਸਮਝੌਤਾ ਕੀਤਾ। ਨਵੇਂ ਬਿੱਲ ਦਾ ਉਦੇਸ਼ ਖਤਰਨਾਕ ਲੋਕਾਂ ਤੋਂ ਹਥਿਆਰਾਂ ਨੂੰ ਦੂਰ ਕਰਨਾ ਅਤੇ ਨਵੇਂ ਮਾਨਸਿਕ ਸਿਹਤ ਫੰਡਿੰਗ ਵਿੱਚ ਅਰਬਾਂ ਡਾਲਰ ਪ੍ਰਦਾਨ ਕਰਨਾ ਹੈ।ਹਾਲ ਹੀ ਦੀਆਂ ਘਟਨਾਵਾਂ ਵਿੱਚ, ਓਰਲੈਂਡੋ, ਫਲੋਰੀਡਾ ਵਿੱਚ ਇੱਕ ਸਮੂਹਿਕ ਗੋਲੀਬਾਰੀ ਦੇ ਬਾਅਦ ਐਤਵਾਰ ਨੂੰ 7 ਲੋਕਾਂ ਨੂੰ ਹਸਪਤਾਲ ਵਿੱਚ

# ਕੇਂਦਰ ਵਲੋਂ ਸ੍ਰੀ ਦਰਬਾਰ ਸਾਹਿਬ 'ਤੇ ਜੀ ਐੱਸ ਟੀ ਲਗਾਉਣ ਦੀ ਸ਼੍ਰੋਮਣੀ ਕਮੇਟੀ ਨੇ ਕੀਤੀ ਨਿਖੇਧੀ

**ਅੰਮ੍ਰਿਤਸਰ–** ਸ੍ਰੀ ਹਰਿਮੰਦਰ ਸਾਹਿਬ ਵਿਖੇ ਦੁਨੀਆ ਭਰ ਤੋਂ ਰੋਜ਼ਾਨਾ ਲੱਖਾਂ ਸ਼ਰਧਾਲੂ ਨਤਮਸਤਕ ਹੋਣ ਲਈ ਪੁੱਜਦੇ ਹਨ, ਜਿਨ੍ਹਾਂ ਦੇ ਠਹਿਰਣ ਲਈ ਸੰਸਥਾ ਵੱਲੋਂ ਪ੍ਰਬੰਧ ਕੀਤੇ ਜਾਂਦੇ ਹਨ। ਭਾਰਤ ਸਰਕਾਰ ਨੇ ਇਨ੍ਹਾਂ ਸਰਾਵਾਂ 'ਤੇ ਜੀ। ਐੱਸ। ਟੀ। ਲਗਾ ਕੇ ਸੰਗਤਾਂ ਤੇ ਬੋਝ ਵਧਾਇਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਿਤ ਸਰਾਵਾਂ ਨੂੰ ਭਾਰਤ ਸਰਕਾਰ ਵੱਲੋਂ ਜੀ। ਐੱਸ। ਟੀ। ਦੇ ਘੇਰੇ ਵਿਚ ਲੈਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਮੀਡੀਆ ਕੁਲਵਿੰਦਰ ਸਿੰਘ ਰਮਦਾਸ ਨੇ ਕਿਹਾ ਕਿ ਭਾਰਤ ਸਰਕਾਰ ਦਾ ਇਹ ਫ਼ੈਸਲਾ ਬੇਹੱਦ ਨਿੰਦਣਯੋਗ ਹੈ ਅਤੇ ਸੰਗਤ ਵਿਰੋਧੀ ਇਸ ਫ਼ੈਸਲੇ ਨੂੰ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ।ਉਨ੍ਹਾਂ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਗਤ ਵੱਲੋਂ ਚੜ੍ਹਾਈ ਜਾਂਦੀ ਭੇਟਾ ਨੂੰ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਅਤੇ ਸੰਗਤਾਂ ਦੀ ਸਹੂਲਤ ਲਈ ਵਰਤਦੀ ਹੈ। ਇਸ ਤੋਂ ਇਲਾਵਾ ਸਮੇਂ-ਸਮੇਂ 'ਤੇ ਕੁਦਰਤੀ ਆਫ਼ਤਾਂ ਦੌਰਾਨ ਵੀ ਲੋਕ ਭਲਾਈ ਲਈ ਸੇਵਾਵਾਂ ਵਿਚ ਮੋਹਰੀ ਰਹਿੰਦੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਘਰਾਂ ਵਿਚ ਪੁੱਜਦੀਆਂ ਸੰਗਤਾਂ ਦੀ ਸਹੂਲਤ ਲਈ ਤਿਆਰ ਕੀਤੀਆਂ ਸਰਾਵਾਂ ਵਪਾਰਕ ਨਹੀਂ ਹਨ, ਇਸ ਲਈ ਇਸ 'ਤੇ ਕਿਸੇ ਕਿਸਮ ਦਾ ਟੈਕਸ ਸਰਕਾਰੀ ਸਰਾਸਰ ਧੱਕਾ ਹੈ।

# ਭਾਰਤ ਨੇ ਵਾਤਾਵਰਣ ਮਤੇ ਦੇ ਹੱਕ 'ਚ ਯੂਐੈਨ ਨੂੰ ਪਾਈ ਵੋਟ

**ਜਨੇਵਾ–** ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਮਤੇ ਦੇ ਹੱਕ ਵਿੱਚ ਭਾਰਤ ਨੇ ਵੋਟ ਦਿੱਤਾ ਹੈ ਜੋ ਇੱਕ ਸਵੱਛ, ਸਿਹਤਮੰਦ ਅਤੇ ਟਿਕਾਊ ਵਾਤਾਵਰਣ ਨੂੰ ਮਨੁੱਖੀ ਅਧਿਕਾਰ ਵਜੋਂ ਮਾਨਤਾ ਦਿੰਦਾ ਹੈ।ਹਾਲਾਂਕਿ, ਭਾਰਤ ਨੇ ਇਸ ਦੇ ਇੱਕ ਪੈਰੇ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਅਤੇ ਮਤੇ ਦੀ ਪ੍ਰਕਿਰਿਆ ਅਤੇ ਤੱਤ 'ਤੇ ਚਿੰਤਾ ਪ੍ਰਗਟ ਕੀਤੀ।ਸੰਯੁਕਤ ਰਾਸ਼ਟਰ ਮਹਾਸਭਾ ਨੇ ਵੀਰਵਾਰ ਨੂੰ 193 ਮੈਂਬਰ ਦੇਸ਼ਾਂ 'ਚੋਂ 161 ਦੇ ਵੋਟ ਨਾਲ ਪ੍ਰਸਤਾਵ ਪਾਸ ਕੀਤਾ।ਬੇਲਾਰੂਸ, ਕੰਬੋਡੀਆ, ਚੀਨ, ਇਥੋਪੀਆ, ਈਰਾਨ, ਕਿਰਗਿਸਤਾਨ, ਰੂਸ ਅਤੇ ਸੀਰੀਆ ਵੋਟਿੰਗ ਸਮੇਂ ਮੌਜੂਦ ਨਹੀਂ ਸਨ।ਭਾਰਤ ਨੇ ਮਤੇ ਦੇ ਪੱਖ 'ਚ ਵੋਟ ਦਿੱਤੀ, ਪਰ ਨਾਲ ਹੀ ਇਸ ਦੀ ਪ੍ਰਕਿਰਿਆ ਅਤੇ ਇਸ ਦੇ ਤੱਤ 'ਤੇ ਚਿੰਤਾ ਪ੍ਰਗਟਾਈ।

ਸੰਯੁਕਤ ਰਾਸ਼ਟਰ ਵਿੱਚ ਭਾਰਤ ਦੇ ਸਥਾਈ ਮਿਸ਼ਨ ਵਿੱਚ ਕੌਂਸਲਰ ਅਸ਼ੀਸ਼ ਸ਼ਰਮਾ ਨੇ ਵੋਟ ਨੂੰ ਸਪੱਸ਼ਟ ਕਰਦੇ ਹੋਏ ਕਿਹਾ ਕਿ ਮਤਾ "ਇੱਕ ਸਵੱਛ, ਸਿਹਤਮੰਦ ਅਤੇ ਟਿਕਾਊ ਵਾਤਾਵਰਣ ਦੇ ਅਧਿਕਾਰ ਨੂੰ ਮਨੁੱਖੀ ਅਧਿਕਾਰ ਵਜੋਂ ਮਾਨਤਾ ਦਿੰਦਾ ਹੈ" ਅਤੇ "ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਇੱਕ ਸਾਫ਼, ਸਿਹਤਮੰਦ ਅਤੇ ਟਿਕਾਊ ਦੀ ਮਾਨਤਾ ਹੈ। ਮਨੁੱਖੀ ਅਧਿਕਾਰ ਦੇ ਤੌਰ 'ਤੇ ਵਾਤਾਵਰਣ ਨੂੰ ਅੰਤਰਰਾਸ਼ਟਰੀ ਵਾਤਾਵਰਣ ਕਾਨੂੰਨ ਦੇ ਸਿਧਾਂਤਾਂ ਦੇ ਤਹਿਤ ਬਹੁ-ਪੱਖੀ ਵਾਤਾਵਰਣ ਸਮਝੌਤਿਆਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਲੋੜ ਹੈ।ਇਸ ਸੰਦਰਭ ਵਿੱਚ ਭਾਰਤ ਨੇ ਮਤੇ ਦੇ ਹੱਕ ਵਿੱਚ ਵੋਟ ਪਾਈ ਹੈ। ਸ਼ਰਮਾ ਨੇ ਕਿਹਾ, "ਹਾਲਾਂਕਿ, ਸਾਡੀਆਂ ਚਿੰਤਾਵਾਂ ਰਹਿੰਦੀਆਂ ਹਨ, ਇਸ ਲਈ, ਅਸੀਂ ਮਤੇ ਦੇ ਸੰਚਾਲਨ ਦੇ ਪੈਰਾ 1 ਤੋਂ ਆਪਣੇ ਆਪ ਨੂੰ ਵੱਖ ਕਰਨ ਲਈ ਮਜਬੂਰ ਹਾਂ। ਇਸ ਬਿਆਨ ਨੂੰ ਮੀਟਿੰਗ ਵਿੱਚ ਸਰਕਾਰੀ ਰਿਕਾਰਡ ਵਿੱਚ ਸ਼ਾਮਲ ਕੀਤਾ ਜਾਵੇ।ਉਸਨੇ ਜ਼ੋਰ ਦੇ ਕੇ ਕਿਹਾ ਕਿ ਸੰਯੁਕਤ ਰਾਸ਼ਟਰ ਮਹਾਸਭਾ ਦਾ ਮਤਾ ਕੋਈ ਬੰਧਨਕਾਰੀ ਜ਼ਿੰਮੇਵਾਰੀਆਂ ਨਿਰਧਾਰਤ ਨਹੀਂ ਕਰਦਾ ਹੈ ਅਤੇ ਮੈਂਬਰ ਰਾਜਾਂ ਨੂੰ ਸਿਰਫ ਸੰਮੇਲਨਾਂ ਅਤੇ ਸੰਧੀਆਂ ਦੁਆਰਾ ਇਸ ਨੂੰ ਪੂਰਾ ਕਰਨ ਲਈ ਮਜਬੂਰ ਕਰਦਾ ਹੈ।

ਸ਼ਰਮਾ ਨੇ ਕਿਹਾ, "ਸਾਫ਼, 'ਸਿਹਤਮੰਦ' ਅਤੇ 'ਟਿਕਾਊ' ਸ਼ਬਦਾਂ ਦੀ ਕੋਈ ਸਪੱਸ਼ਟ ਸਮਝ ਅਤੇ ਪਰਿਭਾਸ਼ਾ ਨਹੀਂ ਹੈ ਜਿਸ 'ਤੇ ਹਰ ਕੋਈ ਸਹਿਮਤ ਹੋਵੇ।ਵਰਤਮਾਨ ਵਿੱਚ ਸਾਰਿਆਂ ਨੂੰ ਆਪਣੀਆਂ ਪਰਿਭਾਸ਼ਾਵਾਂ ਦੀ ਆਪਣੀ ਸਮਝ ਹੈ ਅਤੇ ਇਸ ਤਰ੍ਹਾਂ ਮੌਜੂਦਾ ਮਤੇ ਵਿੱਚ ਘੋਸ਼ਿਤ ਮਾਨਤਾ ਦੇ ਉਦੇਸ਼ ਨੂੰ ਕਮਜ਼ੋਰ ਕਰਦਾ ਹੈ।

# ਯੂਐੈਸ ਡਰੋਨ ਹਮਲੇ ਵਿੱਚ ਅਲਕਾਇਦਾ ਦੇ ਨੇਤਾ ਅਯਮਨ ਅਲ—ਜ਼ਵਾਹਰੀ ਦੀ ਕਾਬੁਲ ਚ' ਮੌਤ

**ਵਾਸਿੰਗਟਨ, 2 ਅਗਸਤ (ਰਾਜ ਗੋਗਨਾ )**—ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਬੀਤੇਂ ਦਿਨ ਸੋਮਵਾਰ ਰਾਤ ਨੂੰ ਆਪਣੇ ਇੱਕ ਸੰਬੋਧਨ ਵਿੱਚ ਪੁਸ਼ਟੀ ਕੀਤੀ ਕਿ ਅਲਕਾਇਦਾ ਦੇ ਚੋਟੀ ਦੇ ਨੇਤਾ ਅਲ ਜ਼ਵਾਹਰੀ ਨੂੰ ਅਮਰੀਕਾ ਦੁਆਰਾ ਅਫਗਾਨਿਸਤਾਨ ਵਿੱਚ ਹਫਤੇ ਦੇ ਅੰਤ ਵਿੱਚ ਮਾਰਿਆ ਗਿਆ ਸੀ। ਬਾਈਡੇਨ ਨੇ ਉਸ ਦੀ ਮੌਤ ਜੋ ਅਫਗਾਨਿਸਤਾਨ ਵਿਚ ਇੱਕ ਅਮਰੀਕੀ ਡਰੋਨ ਹਮਲੇ ਵਿੱਚ ਇਸ ਹਫਤੇ ਦੇ ਅੰਤ ਵਿੱਚ ਅਯਮਨ ਅਲ ਜ਼ਵਾਹਰੀ ਦੀ ਮੌਤ ਦੀ ਪੁਸ਼ਟੀ ਕੀਤੀ। ਦੱਸਣਯੋਗ ਹੈ ਕਿ ਮਾਰਿਆ ਗਿਆ ਅੱਲ ਜਵਾਹਰੀ ਜਿਸ ਨੇ ਸੰਨ 2011 ਵਿੱਚ ਅਮਰੀਕੀ ਬਲਾਂ ਦੁਆਰਾ ਉਸਦੇ ਅਹਾਤੇ 'ਤੇ ਇੱਕ ਛਾਪੇਮਾਰੀ ਦੌਰਾਨ ਮਾਰਿਆ ਗਿਆ ਓਸਾਮਾ ਬਿਨ ਲਾਦੇਨ ਦੀ ਮੌਤ ਤੋਂ ਬਾਅਦ ਅਲਕਾਇਦਾ ਦੇ ਨੇਤਾ ਵਜੋਂ ਇਸ ਨੇ ਅਹੁਦਾ ਸੰਭਾਲਿਆ ਸੀ। ਰਾਸ਼ਟਰਪਤੀ ਜੋਅ ਬਿਡੇਨ ਨੇ ਬੀਤੇਂ ਦਿਨ ਸੋਮਵਾਰ ਨੂੰ ਇਹ ਵੀ ਪੁਸ਼ਟੀ ਕੀਤੀ ਕਿ ਦੋ ਦਹਾਕਿਆਂ ਦੀ ਲੜਾਈ ਤੋਂ ਬਾਅਦ ਅਮਰੀਕੀ ਸੈਨਿਕਾਂ ਦੇ ਦੇਸ਼ ਛੱਡਣ ਦੇ ਇੱਕ ਸਾਲ ਤੋਂ ਵੀ ਘੱਟ ਸਮੇਂ ਬਾਅਦ। "ਨਿਆਂ ਪ੍ਰਦਾਨ ਕੀਤਾ ਗਿਆ ਹੈ।ਰਾਸ਼ਟਰਪਤੀ ਜੋਅ ਬਾਈਡੇਨ ਜੋ ਕੋਵਿਡ —19 ਲਈ ਦੁਬਾਰਾ ਸਕਾਰਾਤਮਕ ਟੈਸਟ ਕਰਨ ਤੋਂ ਬਾਅਦ ਅਲੱਗ-ਥਲੱਗ ਹੈ, ਬਾਈਡੇਨ ਨੇ ਕਿਹਾ "ਭਾਵੇਂ ਇਸ ਵਿੱਚ ਕਿੰਨਾ ਵੀ ਸਮਾਂ ਲੱਗੇ, ਭਾਵੇਂ ਤੁਸੀਂ ਕਿੱਥੇ ਲੁਕੇ ਹੋਵੋ, ਜੇਕਰ ਤੁਸੀਂ ਸਾਡੇ ਲੋਕਾਂ ਲਈ ਖਤਰਾ ਹੋ, ਤਾਂ ਸੰਯੁਕਤ ਰਾਜ ਤੁਹਾਨੂੰ ਲੱਭ ਲਵੇਗਾ।ਡਰੋਨ ਹਮਲੇ ਚ' ਮਾਰਿਆ ਗਿਆ ਅਲਕਾਇਦਾ ਦਾ 71 ਸਾਲਾ ਅਲਜ਼ਵਾਹਰੀ, ਵੱਲੋ 11 ਸਤੰਬਰ 2001 ਦੇ ਹਮਲਿਆਂ ਦੌਰਾਨ ਉਸਾਮਾ ਬਿਨ ਲਾਦੇਨ ਤੋ ਬਾਅਦ ਉਹ ਦੂਸਰੇ ਨੰਬਰ ਤੇ ਸੀ।ਰਾਸ਼ਟਰਪਤੀ ਨੇ ਕਿਹਾ ਕਿ ਅਲ-ਜ਼ਵਾਹਰੀ ਇੱਕ "ਮਾ-ਸਟਰਮਾਈਂਡ" ਸੀ ਜੋ 9/11 ਵਿੱਚ ਡੂੰਘਾਈ ਨਾਲ ਸ਼ਾਮਲ ਸੀ, ਅਤੇ ਨਾਲ ਹੀ ਯੂਐਸਐਸ ਕੋਲ ਦੀ ਬੰਬਾਰੀ, ਇੱਕ ਯੂਐਸ ਨੇਵੀ ਗਾਈਡਡ ਮਿਜ਼ਾਈਲ। ਵਿਨਾਸ਼ਕਾਰੀ, ਅਤੇ ਕੀਨੀਆ ਅਤੇ ਤਨਜ਼ਾਨੀਆ ਵਿਚ ਅਮਰੀਕੀ ਦੂਤਾਵਾਸਾਂ 'ਤੇ ਬੰਬ ਧਮਾਕੇ ਵਿੱਚ ਸ਼ਾਮਿਲ ਸੀ।

ਰਾਸ਼ਟਰਪਤੀ ਜੋਅ ਬਿਡੇਨ ਨੇ ਅਲਕਾਇਦਾ ਦੇ ਇਸ ਨੇਤਾ ਅਯਮਨ ਅਲ ਜਵਾਹਰੀ ਦੇ ਇੱਕ ਸਟੀਕ ਮਿਸ਼ਨ ਵਿੱਚ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਜਾਵੇਦ ਅਲੀ, ਯੂਐਸ ਨੈਸ਼ਨਲ ਸਕਿਓਰਿਟੀ ਕੌਂਸਲ ਦੇ ਸਾਬਕਾ ਸੀਨੀਅਰ ਡਾਇਰੈਕਟਰ, ਸੀਬੀਸੀ ਨਿਊਜ਼ ਨਾਲ ਆਪਣੀ ਪ੍ਰਤੀਕਿਰਿਆ ਅਤੇ ਵਿਸ਼ਲੇਸ਼ਣ ਸਾਂਝਾ ਕਰਦੇ ਹਨ। ਸੀਨੀਅਰ ਖੁਫੀਆ ਅਧਿ-ਕਾਰੀ ਦੇ ਅਨੁਸਾਰ, ਸੀਨੀਅਰ ਤਾਲਿਬਾਨ ਨੇਤਾ ਸਿਰਾਜੁਦੀਨ ਹੱਕਾਨੀ ਦਾ ਸਹਿਯੋਗੀ ਹੈ। ਅਧਿਕਾਰੀ ਨੇ ਇਹ ਵੀ ਕਿਹਾ ਕਿ ਡਰੋਨ ਹਮਲੇ ਤੋਂ ਬਾਅਦ ਸੀਆਈਏ ਦੀ ਜ਼ਮੀਨੀ ਟੀਮ ਅਤੇ ਹਵਾਈ ਖੋਜ ਨੇ ਅਲ-ਜ਼ਵਾਹਰੀ ਦੀ ਮੌਤ ਦੀ ਪੁਸ਼ਟੀ ਕੀਤੀ। ਅਲਜ਼ਵਾਹਰੀ ਕਾਬੁਲ ਵਿੱਚ ਇਕ ਸੁੱਰਖਿਅਤ ਘਰ ਦੀ ਬਾਲਕੋਨੀ ਵਿੱਚ ਸੀ ਜਦੋ ਡਰੋਨ ਨੇ ਉਸ ਤੇ ਦੋ ਮਿਜਾਈਲਾ ਦਾਗ਼ੀਆਂ। ਅਮਰੀਕੀ ਸੈਨਿਕਾਂ ਦੇ ਅਫਗਾਨਿਸਤਾਨ ਛੱਡਣ ਦੇ 11 ਮਹੀਨਿਆਂ ਤੋ ਬਾਅਦ ਅਮਰੀਕਾ ਨੇ ਅੱਤਵਾਦ ਵਿਰੁੱਧੀ ਇਕ ਮਹੱਤਵਪੂਰਨ ਆਪ੍ਰੇਸਨ ਵਿੱਚ ਇਹ ਵੱਡੀ ਸਫਲਤਾ ਹਾਸਿਲ ਕੀਤੀ ਹੈ।ਰਾਸ਼ਟਰਪਤੀ ਬਾਈਡੇਨ ਨੇ ਕਿਹਾ ਕਿ ਅਲ-ਜ਼ਵਾਹਰੀ ਦੀ ਮੌਤ ਨੇ ਉਸ ਸ਼ਖਸੀਅਤ ਨੂੰ ਖ਼ਤਮ ਕਰ ਦਿੱਤਾ ਜਿਸ ਨੇ ਅਲਕਾਇਦਾ ਨੂੰ ਕਿਸੇ ਵੀ ਵਿਅਕਤੀ ਨਾਲੋਂ ਵੱਧ ਆਕਾਰ ਦਿੱਤਾ ਸੀ।

ਜਿਸ ਵਿੱਚ ਪਹਿਲਾਂ ਸੰਨ 1998 ਤੋਂ ਬਿਨ ਲਾਦੇਨ ਦੇ ਡਿਪਟੀ ਵਜੋਂ, ਫਿਰ ਉਸ ਦੇ ਉੱਤਰਾਧਿਕਾਰੀ ਵਜੋਂ।ਅਤੇ ਅਮਰੀਕਾ ਦੇ ਫਿਰ ਵਰਲਡ ਟ੍ਰੇਡ ਸੈਂਟਰ ਵਿੱਚ 11 ਸਤੰਬਰ 2001 ਦੇ ਅੱਤਵਾਦੀ ਹਮਲੇ ਨੂੰ ਅੰਜ਼ਾਮ ਦੇਣਾ ਜੋ ਅਮਰੀਕੀ ਧਰਤੀ 'ਤੇ ਹੁਣ ਤੱਕ ਦਾ ਸਭ ਤੋਂ ਇੰਨਾਂ ਲੋਕਾ ਵੱਲੋ ਕੀਤਾ ਘਾਤਕ ਹਮਲਾ ਮੰਨਿਆ ਜਾਂਦਾ ਹੈ। ਅਤੇ ਅਲ ਜਵਾਹਰੀ ਦੁਨੀਆ ਭਰ ਦੇ ਦੇਸ਼ਾਂ ਵਿੱਚ ਅੱਤਵਾਦੀਆਂ ਨੂੰ ਸੈੱਲਾਂ ਦੇ ਇੱਕ ਨੈਟਵਰਕ ਵਿੱਚ ਬਣਾਉਣ ਲਈ ਲੋੜੀਂਦੀਆਂ ਰਣਨੀਤੀਆਂ ਪੈਦਾ ਕਰਨ ਵਾਲਾ ਸਰਗਨਾ ਸੀ।ਉਸ ਦੀ ਮੋਤ ਨਾਲ ਇੰਨਾ ਵੱਲੋ ਮਾਰੇ ਗਏ ਬੇਦੋਸ਼ੇ ਅਮਰੀਕੀ ਲੋਕਾਂ ਦੇ ਪਰਿਵਾਰਾ ਨੂੰ ਇਨਸਾਫ਼ ਮਿਲਿਆ ਹੈ।

# ਗ਼ਜ਼ਲ ਮੰਚ ਸਰੀ ਵੱਲੋਂ ਦਵਿੰਦਰ ਗੌਤਮ ਦੇ ਗ਼ਜ਼ਲ ਸੰਗ੍ਰਹਿ 'ਸੁਪਨੇ ਸੌਣ ਨਾ ਦਿੰਦੇ' ਦਾ ਰਿਲੀਜ਼ ਸਮਾਰੋਹ

## ਗੌਤਮ ਦੇ ਬਹੁ-ਪਰਤੀ ਸ਼ਿਅਰ ਸਦੀਵੀ ਹੋਣ ਦਾ ਗੁਣ ਰੱਖਦੇ ਹਨ - ਰਾਜਵੰਤ ਰਾਜ






**ਸਰੀ (ਹਰਦਮ ਮਾਨ)**–ਗ਼ਜ਼ਲ ਮੰਚ ਸਰੀ ਵੱਲੋਂ ਮੰਚ ਦੇ ਰੂਹੇ-ਰਵਾਂ ਅਤੇ ਬਹੁਤ ਹੀ ਜ਼ਹੀਨ ਸ਼ਾਇਰ ਦਵਿੰਦਰ ਗੌਤਮ ਦੇ ਪਲੇਠੇ ਗ਼ਜ਼ਲ ਸੰਗ੍ਰਹਿ 'ਸੁਪਨੇ ਸੌਣ ਨਾ ਦਿੰਦੇ' ਰਿਲੀਜ਼ ਕਰਨ ਲਈ ਵਿਸ਼ੇਸ਼ ਸਮਾਗਮ ਫਲੀਟਵੁਡ ਲਾਇਬਰੇਰੀ ਵਿਚ ਕਰਵ-ਾਇਆ ਗਿਆ। ਇਸ ਸਮਾਰੋਹ ਦੀ ਪ੍ਰਧਾਨਗੀ ਪ੍ਰਸਿੱਧ ਸ਼ਾਇਰ ਨਦੀਮ ਪਰਮਾਰ, ਉੱਘੇ ਨਾਵਲਕਾਰ ਜਰਨੈਲ ਸਿੰਘ ਸੇਖਾ, ਉਸਤਾਦ ਗ਼ਜ਼ਲਗੋ ਕ੍ਰਿਸ਼ਨ ਭਨੋਟ, ਡਾ ਪ੍ਰਿਥੀਪਾਲ ਸਿੰਘ ਸੋਹੀ ਅਤੇ ਸ਼ਾਇਰ ਦਵਿੰਦਰ ਗੌਤਮ ਨੇ ਕੀਤੀ।

ਮੰਚ ਸੰਚਾਲਕ ਪ੍ਰੀਤ ਮਨਪ੍ਰੀਤ ਨੇ ਸਮਾਗਮ ਵਿਚ ਪਹੁੰਚੇ ਸਭਨਾਂ ਮਹਿਮਾਨਾਂ, ਵਿਦਵਾਨਾਂ, ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਕਿਹਾ। ਉਪਰੰਤ ਬਲਰਾਜ ਬਾਸੀ ਅਤੇ ਮੀਨੂੰ ਬਾਵਾ ਨੇ ਦਵਿੰਦਰ ਦੀਆਂ ਦੋ ਗ਼ਜ਼ਲਾਂ ਨੂੰ ਆਪਣੇ ਸੁਰੀਲੇ ਸੁਰਾਂ ਰਾਹੀਂ ਪੇਸ਼ ਕੀਤਾ। ਦਵਿੰਦਰ ਗੌਤਮ ਨੇ ਆਪਣੇ ਵਿਦਿਅਕ ਅਤੇ ਸਾਹਿਤਕ ਸਫਰ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਗ਼ਜ਼ਲ ਦੀ ਰਚਨਾ ਬਾਰੇ ਉਸ ਨੇ ਕਿਹਾ ਕਿ ਉਸਤਾਦ ਕ੍ਰਿਸ਼ਨ ਭਨੋਟ ਨੇ ਉਸ ਦਾ ਮਾਰਗ ਦਰਸ਼ਨ ਕੀਤਾ ਅਤੇ ਗ਼ਜ਼ਲ ਦੀਆਂ ਬਾਰੀਕੀਆਂ ਬਾਰੇ ਉਨ੍ਹਾਂ ਪਾਸੋਂ ਸਿੱਖਿਆ ਹਾਸਲ ਕੀਤੀ। ਸਰੀ ਦੇ ਹਰਮਨ ਪਿਆਰੇ ਸ਼ਾਇਰ ਰਾਜਵੰਤ ਰਾਜ ਨਾਲ ਮੇਲ ਹੋਣ ਅਤੇ ਫਿਰ ਪੰਜਾਬੀ ਗ਼ਜ਼ਲ ਦੇ ਨਾਮਵਰ ਹਸਤਾਖਰ ਜਸਵਿੰਦਰ ਦੀ ਸੰਗਤ ਮਿਲਣ ਸਦਕਾ ਉਸ ਦੀ ਗ਼ਜ਼ਲ ਵਿਚ ਬੇਹੱਦ ਨਿਖਾਰ ਆਇਆ। ਉਸ ਨੇ ਆਪਣੀਆਂ ਦੋ ਗ਼ਜ਼ਲਾਂ ਵੀ ਤਰੰਨਮ ਵਿਚ ਪੇਸ਼ ਕੀਤੀਆਂ। ਉਪਰੰਤ 'ਸੁਪਨੇ ਸੌਣ ਨਾ ਦਿੰਦੇ' ਪੁਸਤਕ ਲੋਕ ਅਰਪਣ ਕੀਤੀ ਗਈ।

ਇਸ ਪੁਸਤਕ ਉਪਰ ਪਹਿਲਾ ਪਰਚਾ ਪੜ੍ਹਦਿਆਂ ਰਾਜਵੰਤ ਰਾਜ ਨੇ ਕਿਹਾ ਕਿ ਪੁਸਤਕ 'ਸੁਪਨੇ ਸੌਣ ਨਾ ਦਿੰਦੇ', ਨੀਂਦ ਵਿਚਲੀਆਂ ਉਨ੍ਹਾਂ ਗਰਦਸ਼ਾਂ ਦੀ ਦਾਸਤਾਨ ਹੈ ਜਿਨ੍ਹਾਂ ਉੱਤੋਂ ਨੀਂਦ ਹੱਸ ਕੇ ਕੁਰਬਾਨ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਦੂਰ-ਦਰਸ਼ੀ ਹੋਣ ਦੇ ਨਾਲ-ਨਾਲ ਗੌਤਮ ਬਹੁਤ ਜਜ਼ਬਾਤੀ ਇਨਸਾਨ ਹੈ।

ਉਹ ਹਰ ਵਰਤਾਰੇ ਨੂੰ ਬਹੁਤ ਸੂਖਮ ਦ੍ਰਿਸ਼ਟੀ ਨਾਲ ਦੇਖਦਾ ਹੈ ਅਤੇ ਗਹਿਰਾ ਮਹਿਸੂਸਦਾ ਹੈ। ਗੌਤਮ ਦਿਆਂ ਸ਼ਿਅਰਾਂ ਵਿਚ ਇਨਸਾਨੀ ਬੇਬਸੀਆਂ, ਲਾਚਾਰੀਆਂ ਵਾਰ-ਵਾਰ ਉਜਾਗਰ ਹੁੰਦੀਆਂ ਹਨ। ਗੌਤਮ, ਅੰਦਰੋਂ ਨਾਸਤਿਕ ਨਹੀਂ, ਪਰ ਧਾਰਮਿਕ ਪਾਖੰਡਵਾਦ ਨੂੰ ਕਰੜੇ ਹੱਥੀਂ ਲੈਂਦਾ ਹੈ। ਉਸ ਨੇ ਆਮ ਸ਼ਾਇਰਾਂ ਵਾਂਗ ਮਹਿਬੂਬ ਦੇ ਕਸੀਦੇ ਨਹੀਂ ਲਿਖੇ। ਉਸ ਦਿਆਂ ਬੋਲਾਂ ਵਿਚ ਅਦਬ ਹੈ, ਸਤਿਕਾਰ ਹੈ, ਸੁਹਜ ਹੈ। ਉਸ ਦੇ ਸ਼ਿਅਰਾਂ ਦੀਆਂ ਕਈ ਪਰਤਾਂ ਹੁੰਦੀਆਂ ਹਨ ਅਤੇ ਇਹ ਸ਼ਿਅਰ ਸਦੀਵੀ ਹੋਣ ਦਾ ਗੁਣ ਰੱਖਦੇ ਹਨ।

ਪੁਸਤਕ ਉਪਰ ਦੂਜਾ ਪਰਚਾ ਪੇਸ਼ ਕਰਦਿਆਂ ਪ੍ਰੋ। ਹਰਿੰਦਰ ਕੌਰ ਸੋਹੀ ਨੇ ਕਿਹਾ ਕਿ ਦਵਿੰਦਰ ਗੌਤਮ ਬਹੁਤ ਹੀ ਸੰਜੀਦਾ ਸ਼ਾਇਰ ਹੈ। ਉਸ ਦੇ ਪਲੇਠ ਗ਼ਜ਼ਲ ਸੰਗ੍ਰਹਿ ਵਿਚ ਹੀ ਬੜੀ ਪਰਪੱਕ ਸ਼ਾਇਰੀ ਦੇ ਸਬੂਤ ਮਿਲਦੇ ਹਨ। ਉਨ੍ਹਾਂ ਪੁਸਤਕ ਵਿਚਲੇ ਕੁਝ ਸ਼ਿਅਰ ਸਾਂਝੇ ਕੀਤੇ ਅਤੇ ਵਿਸ਼ੇਸ਼ ਤੌਰ ਤੇ ਪੁਸਤਕ ਦੇ ਦਿਲਕਸ਼ ਅਤੇ ਬੇਹੱਦ ਢੁਕਵੇਂ ਟਾਈਟਲ ਦੀ ਗੱਲ ਕੀਤੀ।

ਪੰਜਾਬ ਤੋਂ ਆਏ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਅਤੇ ਨਾਮਵਰ ਵਿਦਵਾਨ ਡਾ। ਸੁਖਦੇਵ ਸਿੰਘ ਸਿਰਸਾ ਨੇ ਵੀ ਦਵਿੰਦਰ ਗੌਤਮ ਦੀ ਸ਼ਾਇਰੀ ਨੂੰ ਪੰਜਾਬੀ ਗ਼ਜ਼ਲ ਦੀ ਪ੍ਰਾਪਤੀ ਦੱਸਿਆ। ਨਦੀਮ ਪਰਮਾਰ, ਜਰਨੈਲ ਸਿੰਘ ਸੇਖਾ, ਕ੍ਰਿਸ਼ਨ ਭਨੋਟ, ਡਾ। ਪ੍ਰਿਥੀਪਾਲ ਸਿੰਘ ਸੋਹੀ, ਬਲਦੇਵ ਸਿੰਘ ਬਾਠ, ਇੰਦਰਜੀਤ ਧਾਮੀ, ਕਵਿੰਦਰ ਚਾਂਦ, ਹਰਦਮ ਸਿੰਘ ਮਾਨ, ਮੋਹਨ ਗਿੱਲ ਨੇ ਦਵਿੰਦਰ ਗੌਤਮ ਨੂੰ ਮੁਬਾਰਕਬਾਦ ਦਿੰਦਿਆਂ ਇਸ ਪੁਸਤਕ ਨੂੰ ਪੰਜਾਬੀ ਸ਼ਾਇਰੀ ਵਿਚ ਨਿੱਗਰ ਵਾਧਾ ਦੱਸਿਆ।

ਗ਼ਜ਼ਲ ਮੰਚ ਸਰੀ ਦੇ ਪ੍ਰਧਾਨ ਅਤੇ ਨਾਮਵਰ ਗ਼ਜ਼ਲਗੋ ਜਸਵਿੰਦਰ ਨੇ ਸਮਾਗਮ ਵਿਚ ਸ਼ਾਮਲ ਹੋਏ ਸਭਨਾਂ ਵਿਦਵਾਨਾਂ, ਲੇਖਕਾਂ, ਮਹਿਮਾਨਾਂ, ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਦਵਿੰਦਰ ਗੌਤਮ ਸ਼ਾਇਰ ਦੇ ਨਾਲ ਨਾਲ ਬਹੁਤ ਹੀ ਸੁਹਿਰਦ ਅਤੇ ਜ਼ਹੀਨ ਇਨਸਾਨ ਹੈ। ਉਸ ਕੋਲ ਵਿਸ਼ਾਲ ਅਨੁਭਵ ਹੈ। ਉਸ ਦੀ ਗ਼ਜ਼ਲ ਚਿੰਤਨੀ ਸੁਰ ਵਿੱਚੋਂ ਉਪਜਦੀ ਹੈ। ਉਸ ਦੇ ਸੁਪਨਿਆਂ, ਸੰਸਿਆਂ ਦਾ ਦਾਇਰਾ ਵਸੀਹ ਹੈ। ਉਹ ਅਹਿਸਾਸ ਦੀ ਬੁਲੰਦੀ ਤੇ ਜ਼ਿੰਦਗੀ ਨੂੰ ਲੰਮੀ ਨਜ਼ਰ ਨਾਲ ਨਿਹਾਰਦਾ ਹੈ। ਉਸ ਦੀ ਸਮੁੱਚੀ ਸ਼ਾਇਰੀ ਊਰਜਾ ਭਰਪੂਰ ਹੈ ਅਤੇ ਅਜਿਹੀ ਸ਼ਾਇਰੀ ਦਾ ਪੰਜਾਬੀ ਸਾਹਿਤ ਵਿਚ ਭਰਵਾਂ ਸੁਆਗਤ ਹੈ।

ਇਸ ਮੌਕੇ ਰਾਜਵੰਤ ਰਾਜ ਦਾ ਗ਼ਜ਼ਲ ਸੰਗ੍ਰਹਿ 'ਟੁੱਟੇ ਸਿਤਾਰੇ ਚੁਗਦਿਆਂ' ਵੀ ਰਿਲੀਜ਼ ਕੀਤਾ ਗਿਆ ਅਤੇ ਇਸ ਪੁਸਤਕ ਬਾਰੇ ਪ੍ਰੀਤ ਮਨਪ੍ਰੀਤ ਨੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਜਰਨੈਲ ਸਿੰਘ ਆਰਟਿਸਟ, ਡਾ। ਅਮਰਜੀਤ ਭੁੱਲਰ, ਕਾਮਰੇਡ ਨਵਰੂਪ ਸਿੰਘ, ਬਿੰਦੂ ਮਠਾੜੂ, ਕੰਵਲਜੀਤ ਕੌਰ, ਮੀਰਾ ਗਿੱਲ, ਨਵਜੋਤ ਢਿੱਲੋਂ, ਨਿਰਮਲ ਗਿੱਲ, ਹਰਸ਼ਰਨ ਕੌਰ, ਮਨਜੀਤ ਕੰਗ, ਡਾ। ਰਿਸ਼ੀ ਸਿੰਘ, ਐਡਵੋਕੇਟ ਅਮਨਦੀਪ ਸਿੰਘ ਚੀਮਾ, ਹੇਮਨ ਕਪੂਰ, ਇੰਦਰਪ੍ਰੀਤ ਅਰੋੜਾ, ਜਸਵਿੰਦਰ ਦਿਓਲ, ਸੁੱਖੀ ਢਿੱਲੋਂ, ਸੁਖਵਿੰਦਰ ਸਿੰਘ ਚੋਹਲਾ, ਬਲਦੇਵ ਸੀਹਰਾ, ਦਸ਼ਮੇਸ਼ ਗਿੱਲ ਫਿਰੋਜ਼ ਅਤੇ ਦਵਿੰਦਰ ਗੌਤਮ ਦੇ ਪਿਤਾ ਚੰਦਰ ਭਾਨ, ਮਾਤਾ ਸੱਤਿਆ ਵਤੀ, ਭਰਾ ਨਰਿੰਦਰ ਗੌਤਮ, ਪਤਨੀ ਲਲਿਤਾ ਗੌਤਮ, ਬੇਟੀ ਚਾਹਤ ਗੌਤਮ, ਬੇਟੇ ਅਰਨਵ ਅਤੇ ਆਰਵ ਗੌਤਮ ਸ਼ਾਮਲ ਹੋਏ।

**ਲਾਜ ਨੀਲਮ ਸੈਣੀ (ਸਹਾਇਕ ਸਕੱਤਰ)**
510-502-0551







# ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਦਾ ਸੰਖੇਪ ਇਤਿਹਾਸ

**ਅੰਮ੍ਰਿਤਸਰ–**ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ 'ਚ ਇਸ਼ਨਾਨ ਕਰਕੇ ਸੰਗਤਾਂ ਆਪਣੇ ਆਪ ਨੂੰ ਜੀਵਨ ਸਫ਼ਲਾ ਕਰਦੀਆਂ ਹਨ, ਉਥੇ ਸੰਗਤਾਂ ਦੇ ਮਨ 'ਚ ਇਸ ਪਵਿੱਤਰ ਸਰੋਵਰ ਪ੍ਰਤੀ ਜੋ ਸ਼ਰਧਾ ਹੈ, ਉਸ ਨੂੰ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ।

ਸ੍ਰੀ ਹਰਿਮੰਦਰ ਸਾਹਿਬ 'ਚ ਪਵਿੱਤਰ ਜਲ ਕਿੱਥੋਂ ਆਉਂਦਾ ਹੈ, ਇਸ ਬਾਰੇ ਸੰਗਤ ਨੇ ਸੁਣਿਆ ਹੋਵੇਗਾ ਕਿ ਸਰੋਵਰ 'ਚ ਜਲ ਹੰਸਲੀ ਜ਼ਰੀਏ ਆਉਂਦਾ ਹੈ। ਇਸੇ ਨੂੰ ਲੈ ਕੇ ਹੰਸਲੀ ਦੀ ਸੇਵਾ ਕਰਨ ਵਾਲੇ ਬਾਬਾ ਅਮਰੀਕ ਸਿੰਘ ਨੇ ਦੱਸਿਆ ਕਿ ਆਖਿਰ ਇਸ ਜਲ ਦੀ ਪਵਿੱਤਰਤਾ ਕੀ ਹੈ। ਉਨ੍ਹਾਂ ਦੱਸਿਆ ਕਿ ਇਸ ਜਲ ਦੀ ਸੇਵਾ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਸ਼ੁਰੂ ਕੀਤੀ ਤੇ ਉਸ ਸਮੇਂ ਬਰਸਾਤੀ ਪਾਣੀ ਜਮ੍ਹਾ ਹੁੰਦਾ ਸੀ, ਉਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਜੀ ਨੇ 32 ਖੂਹ ਲਗਵਾ ਕੇ ਸਰੋਵਰ ਲਈ ਜਲ ਦੀ ਸੇਵਾ ਸ਼ੁਰੂ ਕੀਤੀ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਇਕ ਸੰਨਿਆਸੀ ਸਾਧੂ ਨੇ ਰਾਵੀ ਦਰਿਆ 'ਚੋਂ ਇਕ ਖਾਲਾ ਪੁੱਟਵਾ ਕੇ ਇਸ ਪਵਿੱਤਰ ਸਰੋਵਰ ਲਈ ਜਲ ਦੀ ਪੂਰਤੀ ਕੀਤੀ।

ਇਸ ਦੌਰਾਨ ਉਨ੍ਹਾਂ ਦੱਸਿਆ ਕਿ 1917 ਤੋਂ ਬਾਬਾ ਗੁਰਮੁੱਖ ਸਿੰਘ ਵੱਲੋਂ ਉਸ ਸਮੇਂ ਦੇ ਰਾਜਿਆਂ ਮਹਾਰਾਜਾ ਜੀਂਦ, ਮਹਾਰਾਜਾ ਫਰੀਦਕੋਟ, ਮਹਾਰਾਜਾ ਪਟਿਆਲਾ ਅਤੇ ਜੋ ਇਸ ਇਲਾਕੇ ਦੇ ਪ੍ਰਬੰਧਕ ਸਨ, ਨੇ ਰਾਵੀ ਦਰਿਆ ਤੋਂ ਇਥੋਂ ਤਕ ਜਗ੍ਹਾ ਖਰੀਦ ਕਰਕੇ ਸ੍ਰੀ ਹਰਿਮੰਦਰ ਸਾਹਿਬ ਲਈ ਨਹਿਰ



ਬਣਵਾਈ। ਇਸ ਤੋਂ ਬਾਅਦ ਬਾਬਾ ਗੁਰਮੁੱਖ ਸਿੰਘ ਵੱਲੋਂ ਸਾਢੇ 8 ਕਿਲੋਮੀਟਰ ਲੰਬਾ ਤੇ 50 ਫੁੱਟ ਚੌੜਾ ਰਸਤਾ ਖਰੀਦ ਕਰਕੇ ਸ੍ਰੀ ਹਰਿਮੰਦਰ ਸਾਹਿਬ ਵਾਸਤੇ ਹੰਸਲੀ ਬਣਾਈ ਗਈ। ਪਵਿੱਤਰ ਸਰੋਵਰ ਲਈ ਜਦੋਂ ਵੀ ਜਲ ਦੀ ਲੋੜ ਹੁੰਦੀ ਤਾਂ ਇਸ ਹੰਸਲੀ ਜ਼ਰੀਏ ਪਾਣੀ ਪਹੁੰਚਾਇਆ ਜਾਂਦਾ ਹੈ ਤੇ ਜਦੋਂ ਪੂਰਤੀ ਹੋ ਜਾਂਦੀ ਹੈ ਤਾਂ ਇਸ ਹੰਸਲੀ ਨੂੰ ਬੰਦ ਕਰ ਦਿੱਤਾ ਜਾਂਦਾ ਹੈ। ਇਸ ਹੰਸਲੀ 'ਚੋਂ ਪਹਿਲਾਂ ਜਲ ਇਕ ਹੌਦ ਵਿਚ ਜਾਂਦਾ ਹੈ, ਜਿਸ ਦੀ ਲੰਬਾਈ 180 ਫੁੱਟ ਤੇ ਚੌੜਾਈ 55 ਫੁੱਟ ਹੈ ਤੇ ਇਹ 15 ਫੁੱਟ ਡੂੰਘਾ ਹੈ, ਜਿਸ 'ਚ ਹਰ ਸਮੇਂ 15 ਫੁੱਟ ਡੂੰਘਾ ਪਾਣੀ ਰਹਿੰਦਾ ਹੈ।

ਇਸ ਹੰਸਲੀ 'ਚ ਦਰਿਆ 'ਚੋਂ ਜਲ ਜਾਂਦਾ ਹੈ ਤਾਂ ਜੋ ਜਲ 'ਚ ਮਿੱਟੀ ਵਗੈਰਾ ਹੋਵੇ, ਉਹ ਇਸ 'ਚ ਜਮ੍ਹਾ ਹੋ ਜਾਂਦੀ ਹੈ ਤੇ ਇਸ ਤੋਂ ਬਾਅਦ ਜਲ ਹੰਸਲੀ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ 'ਚ ਜਾਂਦਾ ਹੈ। ਇਸ ਤੋਂ ਬਾਅਦ ਇਹ ਜਲ ਸਾਢੇ ਤਿੰਨ ਫੁੱਟ ਲੰਬੀ ਤੇ ਸਾਢੇ ਤਿੰਨ ਫੁੱਟ ਲੰਬੀ ਹੰਸਲੀ 'ਚ ਜਾਂਦਾ ਹੈ, ਜਿਸ ਤੋਂ ਬਾਅਦ ਇਹ ਪੰਜ ਸਰੋਵਰਾਂ 'ਚ ਜਾਂਦਾ ਹੈ। ਇਹ ਜਲ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਗੁਰਦੁਆਰਾ ਸ੍ਰੀ ਵਿਵੇਕਸਰ ਸਾਹਿਬ, ਗੁਰਦੁਆਰਾ ਸ੍ਰੀ ਸੰਤੋਖਸਰ ਸਾਹਿਬ, ਗੁਰਦੁਆਰਾ ਮਾਤਾ ਕੌਲਸਰ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰਾਂ 'ਚ ਭੇਜਿਆ ਜਾਂਦਾ ਹੈ।

ਇਥੋਂ ਇਸ ਜਲ ਦੀ ਸਿਸਟਮ ਮੁਤਾਬਕ ਵਰਤੋਂ ਕੀਤੀ ਜਾਂਦੀ ਹੈ। ਇਥੇ ਇਕ ਏਕੜ ਦੇ ਕਰੀਬ ਜਗ੍ਹਾ 'ਚ ਥਾਂ-ਥਾਂ ਹੌਦੀਆਂ ਬਣੀਆਂ ਹੋਈਆਂ ਹਨ। ਇਹ ਸਾਰੀ ਜਗ੍ਹਾ ਗੁਰੂ ਸਿੰਘ ਵੱਲੋਂ ਸ੍ਰੀ ਗੁਰੂ ਰਾਮਦਾਸ ਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਨਾਂ 'ਤੇ ਖਰੀਦੀ ਗਈ ਸੀ। ਇਸ ਜਗ੍ਹਾ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਾਰ ਸੇਵਾ ਕਮੇਟੀ ਵੱਲੋਂ ਨਿਗਰਾਨੀ ਰੱਖੀ ਜਾਂਦੀ ਹੈ।

# ਭਾਸ਼ਾ ਵਿਭਾਗ ਨੇ ਮਨਾਇਆ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਦਸੂਹਾ' ਚ ਸਾਵਣ ਕਵੀ ਦਰਬਾਰ







ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ ਹੇਠ ਭਾਸ਼ਾ ਵਿਭਾਗ ਦਫ਼ਤਰ ਹੁਸ਼ਿਆਰਪੁਰ ਵਲੋਂ ਗੁਰੂ ਤੇਗ ਬਹਾਦਰ ਕਾਲਜ ਆਫ਼ ਐਜੂਕੇਸ਼ਨ ਦਸੂਹਾ ਵਿਖੇ ਸਾਵਣ ਕਵੀ ਦਰਬਾਰ' ਦਾ ਆਯੋਜਨ ਕੀਤਾ ਗਿਆ ਸਮਾਗਮ ਦੀ ਪ੍ਰਧਾਨਗੀ ਸ਼ਾਇਰ ਮਦਨ ਵੀਰਾ, ਪ੍ਰਿੰ. ਵਰਿੰਦਰ ਕੌਰ, ਡਾ. ਸੁਰਜੀਤ ਕੌਰ ਬਾਜਵਾ, ਡਾ. ਨਰਿੰਦਰ ਘੁੰਮਣ ਵਲੋਂ ਕੀਤੀ ਗਈ।ਵਿਸ਼ੇਸ਼ ਮਹਿਮਾਨ ਵਜੋਂ ਡਾ. ਸ਼ਮਸ਼ੇਰ ਮੋਹੀ ਸ਼ਾਮਿਲ ਹੋਏ। ਪ੍ਰੋਗ੍ਰਾਮ ਦਾ ਆਗਾਜ਼ ਕਾਲਜ ਦੀਆਂ ਵਿਦਿਆਰਥਣਾਂ ਵਲੋਂ ਸ਼ਬਦ ਦੇ ਗਾਇਨ ਨਾਲ ਹੋਇਆ। ਉਪਰੰਤ ਪ੍ਰਿੰ. ਵਰਿੰਦਰ ਕੌਰ ਨੇ ਆਏ ਹੋਏ ਮਹਿਮਾਨਾਂ ਲਈ ਜੀ ਆਇਆਂ ਸ਼ਬਦ ਆਖੇ। ਖੋਜ ਅਫ਼ਸਰ ਡਾ. ਜਸਵੰਤ ਰਾਏ ਵਲੋਂ ਭਾਸ਼ਾ ਵਿਭਾਗ ਦੀਆਂ ਗਤੀਵਿਧੀਆਂ ਅਤੇ ਪੰਜਾਬੀ ਭਾਸ਼ਾ ਦੇ ਪ੍ਰਚਾਲਣ ਸੰਬੰਧੀ ਵਿਚਾਰ ਹਾਜ਼ਰੀਨ ਨਾਲ ਸਾਂਝੇ ਕੀਤੇ।

ਡਾ. ਸ਼ਮਸ਼ੇਰ ਮੋਹੀ ਨੇ ਮਨੁੱਖੀ ਮਨ ਦੀ ਵੇਦਨਾ ਅਤੇ ਸੰਵੇਦਨਾ ਦਾ ਕਾਵਿਧਾਰਾ ਨਾਲ ਕਿੰਨਾ ਗੂੜ੍ਹਾ ਨਾਤਾ ਹੈ ਬਾਰੇ ਆਪਣੇ ਵਿਚਾਰ ਵਿਅਕਤ ਕਰਦਿਆਂ ਕਿਹਾ ਕਿ ਲਿਖਣ ਦੀ ਪ੍ਰਕਿਰਿਆ ਤੋਂ ਪਹਿਲਾਂ ਪੜ੍ਹਨ ਦੀ ਪ੍ਰਕਿਰਿਆ ਨੂੰ ਅਮਲੀ ਰੂਪ 'ਚ ਲਿਆਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਨ, ਲਿਖਣ, ਮਿਹਨਤ ਕਰਨ ਤੇ ਮੋਬਾਇਲ ਕਲਚਰ ਤੋਂ ਸੁਚੇਤ ਰਹਿਣ ਲਈ ਬਹੁਤ ਸਾਰੀਆਂ ਉਦਾਹਰਨਾਂ ਨਾਲ ਸਮਾਗਮ ਦੇ ਵਿਹੜੇ ਨੂੰ ਰੌਸ਼ਨ ਕੀਤਾ।

ਇਸ ਤੋਂ ਬਾਅਦ ਸਾਵਣ ਕਵੀ ਦਰਬਾਰ' ਵਿੱਚ ਕਵੀਆਂ ਨੇ ਆਪਣੀਆਂ ਵੰਨ-ਸੁਵੰਨੀਆਂ ਕਾਵਿ ਰਚਨਾਵਾਂ ਨਾਲ ਖ਼ੂਬਸੂਰਤ ਰੰਗ ਭਰੇ। ਕਾਵਿ ਰਚਨਾਵਾਂ ਦੀ ਛਹਿਬਰ ਨਾਲ ਹਰ ਰੂਹ ਨਸ਼ਿਆ ਉੱਠੀ। ਕਵੀ ਦਰਬਾਰ ਵਿੱਚ ਕਸ਼ਿਸ਼ ਹੁਸ਼ਿਆਰਪੁਰੀ,ਪੰਮੀ ਦਿਵੇਦੀ, ਨਵਤੇਜ ਗੜ੍ਹਦੀਵਾਲਾ, ਅੰਜੂ ਬਾਲਾ, ਅਮਰੀਕਾ ਡੋਗਰਾ, ਡਾ. ਨਰੰਜਨ, ਅਜਮੇਰ ਕੰਧਾਲਾ, ਮਨਦੀਪ ਕੌਰ ਪ੍ਰੀਤ, ਰਾਮ ਲਾਲ ਭਗਤ, ਡਾ. ਗੁਰਮੀਤ ਸਰਾਂ, ਤਰਸੇਮ ਤਰਵਰ, ਜਗਦੀਸ਼ ਸਿੰਘ ਸੋਈ ਅਤੇ ਕਾਲਜ ਵਿਦਿਆਰਥੀਆਂ ਨੇ ਭਰਵੀਂ ਹਾਜ਼ਰੀ ਲਗਵਾਈ।

ਪ੍ਰਧਾਨਗੀ ਭਾਸ਼ਣ ਵਿੱਚ ਮਦਨ ਵੀਰਾ ਨੇ ਦਸੂਹੇ ਦੀ ਧਰਤੀ ਨੂੰ ਮੁਜ਼ਰਮ ਦਸੂਹੀ ਦੀਆਂ ਜੜ੍ਹਾਂ ਕਰਕੇ ਕਵਿਤਾ ਤੇ ਗ਼ਜ਼ਲ ਦੀ ਅਮੀਰ ਵਿਰਾਸਤ ਕਿਹਾ। ਮੁਜ਼ਰਮ ਦਸੂਹੀ ਗ਼ਜ਼ਲ ਦਾ ਉਮਦਾ ਹਸਤਾਖ਼ਰ ਸੀ ਜਿਸਨੇ ਗ਼ਜ਼ਲ 'ਚ ਨਵੀਂ ਤਕਨੀਕ ਲਿਆਂਦੀ। ਪਰ ਸੰਤਾਲੀ ਦੀ ਵੰਡ ਕਾਰਨ ਦਸੂਹੇ ਦੀ ਧਰਤੀ ਨੂੰ ਇਸ ਸ਼ਾਇਰ ਤੋਂ ਵਿਰਵੇ ਹੋਣਾ ਪਿਆ। ਮਦਨ ਵੀਰਾ ਨੇ ਪੇਸ਼ ਰਚਨਾਵਾਂ ਤੇ ਭਾਵਪੂਰਤ ਟਿੱਪਣੀਆਂ ਵੀ ਕੀਤੀਆਂ।

ਭਾਸ਼ਾ ਵਿਭਾਗ ਅਤੇ ਕਾਲਜ ਵਲੋਂ ਆਏ ਹੋਏ ਮਹਿਮਾਨਾਂ ਅਤੇ ਕਵੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਜੁਗਲ ਕਿਸ਼ੋਰ ਤੇ ਪਵਨ ਕੁਮਾਰ ਵਲੋਂ ਭਾਸ਼ਾ ਵਿਭਾਗ ਦੀਆਂ ਪੁਸਤਕਾਂ ਦੀ ਲਾਈ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਰਹੀ। ਇਸ ਮੌਕੇ ਕਮੇਟੀ ਮੈਂਬਰ ਦੀਪ ਗਗਨ ਸਿੰਘ ਗਿੱਲ, ਪ੍ਰੋਸ਼ਤਮ ਸਿੰਘ ਦੇਵੀ ਦਾਸ, ਪ੍ਰੋ. ਇੰਦਰਪ੍ਰੀਤ ਸਿੰਘ, ਕਹਾਣੀਕਾਰ ਨਾਲ ਸਿੰਘ, ਸੁਰਿੰਦਰ ਸਿੰਘ ਨੇਕੀ, ਵਾਇਸ ਪ੍ਰਿੰ. ਸੰਦੀਪ ਕੌਰ ਬੋਸਕੀ, ਮੈਮ ਗਗਦੀਪ, ਵਿਸ਼ਾਖਾ, ਮਨਪ੍ਰੀਤ ਸਿੰਘ ਤੇ ਕਾਲਜ ਵਿਦਿਆਰਥੀ ਹਾਜ਼ਰ ਸਨ। ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਖੋਜ ਅਫ਼ਸਰ ਨੇ ਬਾਖ਼ੂਬੀ ਨਿਭਾਈ।

****

# ਆਕਸਫੋਰਡ ਯੂਨੀਵਰਸਿਟੀ ਕਰ ਸਕਦੀ ਹੈ 1897 ਵਿੱਚ ਨਾਈਜੀਰੀਆ ਤੋਂ ਲੁੱਟੀਆਂ ਵਸਤਾਂ ਵਾਪਸ

**ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਬਰਤਾਨਵੀ ਬਸਤੀਵਾਦੀ ਤਾਕਤਾਂ ਦੁਆਰਾ 1897 ਵਿੱਚ ਲੁੱਟੀਆਂ ਗਈਆਂ 100 ਕਲਾਕ੍ਰਿਤਾਂ ਨੂੰ ਆਕਸਫੋਰਡ ਯੂਨੀਵਰਸਿਟੀ ਵਾਪਸ ਕਰ ਸਕਦੀ ਹੈ ਕਿਉਂਕਿ ਨਾਈਜੀਰੀਆ ਨੇ ਇਸ ਸਾਲ ਸੱਭਿਆਚਾਰਕ ਵਸਤੂਆਂ ਨੂੰ ਵਾਪਸ ਭੇਜਣ ਦੀ ਬੇਨਤੀ ਕੀਤੀ ਸੀ। ਇਨ੍ਹਾਂ ਵਿਚ ਕਾਂਸੀ ਸਮੇਤ 97 ਵਸਤੂਆਂ ਨੂੰ ਬਰਤਾਨਵੀ ਫੌਜਾਂ ਦੁਆਰਾ ਬੇਨਿਨ ਸ਼ਹਿਰ ਤੋਂ ਲਿਆ ਗਿਆ ਸੀ ਅਤੇ ਵਰਤਮਾਨ ਵਿੱਚ ਆਕਸਫੋਰਡ ਵਿੱਚ ਪਿਟ ਰਿਵਰਜ ਮਿਊਜ਼ੀਅਮ ਅਤੇ ਐਸਮੋਲੀਅਨ ਮਿਊਜ਼ੀਅਮ ਦੇ ਸੰਗ੍ਰਹਿ ਵਿੱਚ ਰੱਖਿਆ ਗਿਆ ਹੈ। ਪਿਟ ਰਿਵਰਜ ਮਿਊਜ਼ੀਅਮ ਨੂੰ ਨਾਈਜੀਰੀਆ ਦੇ ਨੈਸ਼ਨਲ ਕਮਿਸ਼ਨ ਫਾਰ ਮਿਊਜ਼ੀਅਮ ਅਤੇ ਸਮਾਰਕ ਤੋਂ ਵਸਤੂਆਂ ਦੀ ਵਾਪਸੀ ਲਈ ਇੱਕ ਦਾਅਵਾ ਪ੍ਰਾਪਤ ਹੋਇਆ ਹੈ। ਆਕਸਫੋਰਡ ਯੂਨੀਵਰਸਿਟੀ ਕੌਂਸਲ ਨੇ ਦਾਅਵੇ ਦਾ ਸਮਰਥਨ ਕਰਨ ਦਾ ਫੈਸਲਾ ਕੀਤਾ ਹੈ, ਜਿਸ 'ਤੇ ਚੈਰਿਟੀ ਕਮਿਸ਼ਨ ਦੁਆਰਾ ਕਲਾਕ੍ਰਿਤੀਆਂ ਦੀ ਵਾਪਸੀ ਨੂੰ ਅਧਿਕਾਰਤ ਕੀਤੇ ਜਾਣ ਤੋਂ ਪਹਿਲਾਂ ਵਿਚਾਰ ਕੀਤਾ ਜਾਵੇਗਾ। ਯੂਨੀਵਰਸਿਟੀ ਨੇ ਕਿਹਾ ਕਿ ਉਮੀਦ ਕੀਤੀ ਜਾਂਦੀ ਸੀ ਕਿ ਇਸ ਦਾਅਵੇ 'ਤੇ ਪਤਝੜ ਦੇ ਮੌਸਮ ਤੱਕ ਵਿਚਾਰ ਕੀਤਾ ਜਾਵੇਗਾ। ਯੂਨੀਵਰਸਿਟੀ ਹੁਣ ਕੇਸ ਨੂੰ ਚੈਰਿਟੀ ਕਮਿਸ਼ਨ ਕੋਲ ਸੌਂਪ ਰਹੀ ਹੈ, ਜਿਸ ਵਿੱਚ ਵਸਤੂਆਂ ਦੇ ਕਾਨੂੰਨੀ ਸਿਰਲੇਖ ਨੂੰ ਤਬਦੀਲ ਕਰਨ ਦੀ ਸਿਫਾਰਸ਼ ਕੀਤੀ ਜਾ ਰਹੀ ਹੈ।



# ਕੈਦੀ ਵੱਲੋਂ ਦੋ ਜੇਲ੍ਹ ਕਰਮਚਾਰੀਆਂ 'ਤੇ ਚਾਕੂ ਨਾਲ ਹਮਲਾ, ਹਸਪਤਾਲ ਦਾਖਲ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਬਿਸ਼ਪਬ੍ਰਿਗਸ ਦੀ ਲੋ ਮੌਸ ਜੇਲ੍ਹ ਵਿੱਚ ਇੱਕ ਕੈਦੀ ਵੱਲੋਂ ਕਥਿਤ ਚਾਕੂ ਨਾਲ ਕੀਤੇ ਹਮਲੇ ਵਿੱਚ ਜੇਲ੍ਹ ਦੇ ਦੋ ਗਾਰਡ ਜ਼ਖ਼ਮੀ ਹੋ ਗਏ। ਬਿਸ਼ਪਬ੍ਰਿਗਸ, ਡਨਬਰਟਨਸ਼ਾਇਰ ਨੇੜੇ ਲੋ ਮੌਸ ਜੇਲ੍ਹ ਦੇ ਵਾਰਡਰਾਂ ਨੂੰ ਪਿਛਲੇ ਸ਼ੁੱਕਰਵਾਰ ਦੁਪਹਿਰ ਨੂੰ ਵਾਪਰੀ ਘਟਨਾ ਤੋਂ ਬਾਅਦ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਕਿਹਾ ਜਾ ਰਿਹਾ ਹੈ ਕਿ ਦੋਵਾਂ ਨੂੰ ਚਾਕੂ ਮਾਰਿਆ ਗਿਆ ਸੀ ਅਤੇ ਇੱਕ ਕਰਮਚਾਰੀ ਨੇ ਉਸ ਉੱਪਰ ਗਰਮ ਪਾਣੀ ਵੀ ਮਾਰਿਆ ਸੀ। ਕਾਨੂੰਨੀ ਕਾਰਨਾਂ ਕਰਕੇ ਦੋਸ਼ੀ ਦਾ ਨਾਮ ਗੁਪਤ ਰੱਖਿਆ ਗਿਆ ਹੈ ਤੇ ਇਸ ਘਟਨਾ ਉਪਰੰਤ ਉਸਨੂੰ ਹੁਣ ਕਿਸੇ ਹੋਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਹੈ। 57 ਅਤੇ 36 ਸਾਲ ਦੇ ਦੋ ਕਰਮਚਾਰੀਆਂ ਨੂੰ ਗਲਾਸਗੋ ਸਥਿਤ ਰਾਇਲ ਇਨਫਰਮਰੀ ਵਿਖੇ ਭਰਤੀ ਕਰਵਾਇਆ ਗਿਆ ਹੈ। ਜ਼ਖ਼ਮੀਆਂ ਦੀ ਹਾਲਤ 'ਚ ਸੁਧਾਰ ਦੱਸਿਆ ਜਾ ਰਿਹਾ ਹੈ।

# ਸਕੂਲੀ ਵਿਦਿਆਰਥੀਆਂ ਵਿੱਚ ਈ-ਸਿਗਰਟ ਦੀ ਵਰਤੋਂ ਧਾਰ ਰਹੀ ਹੈ ਵਿਕਰਾਲ ਰੂਪ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਸਕਾਟਲੈਂਡ ਦੇ ਹਾਈ ਸਕੂਲਾਂ ਵਿੱਚ ਮਾਪਿਆਂ ਨੂੰ ਵੇਪ (ਈ-ਸਿਗਰਟ) ਦੀ ਵਰਤੋਂ ਕਰਨ ਵਾਲੇ ਵਿਦਿਆਰਥੀਆਂ ਵਿੱਚ ਅਥਾਹ ਵਾਧੇ ਬਾਰੇ ਚੇਤਾਵਨੀ ਦਿੱਤੀ ਗਈ ਹੈ। ਸਕਾਟਲੈਂਡ ਦੇ ਹਾਈ ਸਕੂਲਾਂ ਵਿੱਚ ਵੇਪ ਦੀ ਵੱਧ ਰਹੀ ਵਰਤੋਂ ਚਿੰਤਾ ਦਾ ਵਿਸ਼ਾ ਬਣਦੀ ਜਾ ਰਹੀ ਹੈ। ਇਸ ਸਬੰਧੀ ਨਵੇਂ ਅੰਕੜੇ ਦਰਸਾਉਂਦੇ ਹਨ ਕਿ ਦੇਸ ਭਰ ਵਿੱਚ ਸਕੂਲੀ ਬੱਚਿਆਂ ਤੋਂ ਵੱਡੀ ਮਾਤਰਾ ਵਿੱਚ ਵੇਪਿੰਗ ਯੰਤਰ ਜ਼ਬਤ ਕੀਤੇ ਜਾ ਰਹੇ ਹਨ।

ਜਾਣਕਾਰੀ ਮੁਤਾਬਕ ਇੱਕ ਜਾਂਚ ਵਿੱਚ ਪਾਇਆ ਗਿਆ ਹੈ ਕਿ 2021/22 ਵਿੱਚ ਫਾਈਫ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਤੋਂ 121 ਈ-ਸਿਗਰਟਾਂ ਫੜ੍ਹੀਆਂ ਗਈਆਂ ਸਨ, ਜਦਕਿ 2018/19 ਵਿੱਚ ਇਹ ਅੰਕੜਾ ਜ਼ੀਰੋ ਸੀ। ਇਸ ਦੇ ਨਾਲ ਹੀ ਦੱਖਣੀ ਆਇਰਸਾਇਰ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਕੋਲੋਂ ਈ-ਸਿਗਰੇਟਾਂ ਨੂੰ ਬਰਾਮਦ ਕਰਨ ਦੀਆਂ 116 ਰਿਪੋਰਟਾਂ ਸਨ। ਇਸ ਮੁਹਿੰਮ ਤਹਿਤ ਉਹਨਾਂ ਇਸ਼ਤਿਹਾਰਾਂ 'ਤੇ ਸਖਤ ਕਾਰਵਾਈ ਕਰਨ ਲਈ ਆਵਾਜ ਉਠਾਈ ਹੈ ਜੋ ਨੌਜਵਾਨਾਂ ਨੂੰ ਈ-ਸਿਗਰਟ ਵਰਤਣ ਲਈ ਵਧੇਰੇ ਉਤਸ਼ਾਹਿਤ ਕਰਦੇ ਹਨ। ਇਹ ਕਾਰਵਾਈ ਸਕਾਟਲੈਂਡ ਦੇ ਸਾਰੇ 32 ਸਥਾਨਕ ਅਧਿਕਾਰੀਆਂ ਨੂੰ ਸੌਂਪੀ ਗਈ ਸੀ।

ਜਿਨ੍ਹਾਂ ਕੌਂਸਲਾਂ ਨੇ ਜਵਾਬ ਦਿੱਤਾ, ਉਨ੍ਹਾਂ ਨੇ ਚਾਰ ਸਾਲ ਪਹਿਲਾਂ ਦੇ ਮੁਕਾਬਲੇ ਬੱਚਿਆਂ ਤੋਂ ਜਬਤ ਕੀਤੇ ਜਾਣ ਵਾਲੇ ਵੈਪਿੰਗ ਉਤਪਾਦਾਂ ਦੀ ਗਿਣਤੀ ਵਿੱਚ ਮਹੱਤਵਪੂਰਨ ਵਾਧਾ ਦਰਜ ਕੀਤਾ ਹੈ। ਇਸ ਤੋਂ ਬਾਅਦ ਡੰਡੀ ਸ਼ਹਿਰ ਦੇ ਸਕੂਲਾਂ ਵਿੱਚ ਵੀ 2018/19 ਵਿੱਚ ਕੋਈ ਵੀ ਇਤਰਾਜ਼ਯੋਗ ਵਸਤ ਜ਼ਬਤ ਨਾ ਹੋਣ ਤੋਂ ਬਾਅਦ 2021/22 ਵਿੱਚ 83 ਤੱਕ ਦਾ ਵਾਧਾ ਦੇਖਿਆ ਗਿਆ। ਰਿਪੋਰਟ ਵਿੱਚ ਕਲੈਕਮੈਨਨਸਾਇਰ, ਇਨਵਰਕਲਾਈਡ, ਈਸਟ ਡਨਬਾਰਟਨਸਾਇਰ ਅਤੇ ਵੈਸਟ ਡਨਬਰਟਨਸਾਇਰ ਦੇ ਸਕੂਲਾਂ ਵਿੱਚ ਵੀ ਅਜਿਹੀਆਂ ਘਟਨਾਵਾਂ ਦਾ ਪਤਾ ਲੱਗਾ ਹੈ। ਦੱਸ ਦਈਏ ਕਿ ਇੱਕ ਈ-ਸਿਗਰੇਟ ਇੱਕ ਇਲੈਕਟ੍ਰਿਕ ਯੰਤਰ ਹੈ ਜਿੱਥੇ ਲੋਕ ਨਿਕੋਟੀਨ ਨੂੰ ਧੂੰਏਂ ਦੀ ਬਜਾਏ ਭਾਫ ਰੂਪ ਵਿੱਚ ਸਾਹ ਰਾਹੀਂ ਅੰਦਰ ਖਿੱਚਦੇ ਹਨ। ਉਹ ਇੱਕ ਤਰਲ ਨੂੰ ਗਰਮ ਕਰਦੇ ਹਨ ਜਿਸ ਵਿੱਚ ਆਮ ਤੌਰ 'ਤੇ ਨਿਕੋਟੀਨ, ਪ੍ਰੋਪੀਲੀਨ ਗਲਾਈਕੋਲ ਜਾਂ ਸਬਜ਼ੀਆਂ ਦੀ ਗਲਾਈਸਰੀਨ ਆਦਿ ਸਵਾਦ ਹੁੰਦੇ ਹਨ। ਇਹ 18 ਸਾਲ ਤੋਂ ਵੱਧ ਉਮਰ ਦੇ ਲੋਕਾਂ ਤੱਕ ਵਿਕਰੀ ਨੂੰ ਸੀਮਤ ਕਰਨ ਵਾਲੇ ਮੌਜੂਦਾ ਕਾਨੂੰਨਾਂ ਦੇ ਬਾਵਜੂਦ, ਸਕੂਲੀ ਬੱਚਿਆਂ ਨੂੰ ਘੱਟ ਆਕਰਸ਼ਕ ਬਣਾਉਣ ਲਈ ਇਸਤਿਹਾਰਬਾਜ਼ੀ 'ਤੇ ਹੋਰ ਸਖਤੀ ਕਰਨ ਲਈ ਕਾਲਾਂ ਕੀਤੀਆਂ ਜਾ ਰਹੀਆਂ ਹਨ। ਪਰ ਫਿਰ ਕਾਨੂੰਨਾਂ ਨੂੰ ਛਿੱਕੇ ਟੰਗਦਿਆਂ ਸਕੂਲੀ ਬੱਚਿਆਂ ਕੋਲ ਹਾਨੀਕਾਰਕ ਉਤਪਾਦ ਪਹੁੰਚਦੇ ਕਿਵੇਂ ਹਨ?

ਇਹ ਸਵਾਲ ਵੀ ਧਿਆਨ ਮੰਗਦਾ ਹੈ। ਅਕਸਰ ਹੀ ਦੇਖਣ ਵਿੱਚ ਆਉਂਦਾ ਹੈ ਕਿ ਉਕਤ ਬੱਚੇ ਜਾਂ ਤਾਂ ਖੁਦ ਤੋਂ ਵੱਡੇ ਭੈਣ ਭਰਾ ਦੀ ਮਦਦ ਲੈ ਕੇ ਈ-ਸਿਗਰਟ ਖਰੀਦਣ ਵਿੱਚ ਕਾਮਯਾਬ ਹੁੰਦੇ ਹਨ ਤੇ ਜਾਂ ਫਿਰ ਘਰੋਂ ਬਾਹਰ ਵੱਡੀ ਉਮਰ ਦੇ ਲੋਕ ਉਹਨਾਂ ਲਈ ਖਰੀਦਣ ਵਿੱਚ ਮਦਦ ਕਰਦੇ ਹਨ। ਇੱਕ ਰਿਪੋਰਟ ਵਿੱਚ ਦਿਖਾਇਆ ਗਿਆ ਹੈ ਕਿ ਜ਼ਿਆਦਾਤਰ ਨੌਜਵਾਨ ਟਿਕਟੌਕ ਅਤੇ ਇੰਸਟਾਗ੍ਰਾਮ ਵਰਗੀਆਂ ਮਸ਼ਹੂਰ ਸੋਸ਼ਲ ਮੀਡੀਆ ਸਾਈਟਾਂ 'ਤੇ ਹੋਣ ਕਾਰਨ ਵੇਪਸ ਵੱਲ ਖਿੱਚੇ ਜਾ ਰਹੇ ਹਨ। ਕਰਵਾਏ ਗਏ ਸਰਵੇਖਣ ਵਿੱਚ ਲਗਭਗ 2,613 ਬੱਚਿਆਂ ਨੇ ਹਿੱਸਾ ਲਿਆ, ਇਸ ਵਿਚ ਪਾਇਆ ਕਿ 11 ਤੋਂ 17 ਸਾਲ ਦੀ ਉਮਰ ਦੇ 40% ਨੇ ਪਹਿਲਾਂ ਕਦੇ ਵੀ ਸਿਗਰਟ ਨਹੀਂ ਪੀਤੀ ਅਤੇ ਸਿਰਫ 36% ਨੇ ਹੀ ਸਿਗਰਟ ਪੀਣ ਦੀ ਕੋਸ਼ਿਸ਼ ਕੀਤੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਲਗਭਗ 52% ਸਕੂਲੀ ਬੱਚਿਆਂ ਨੇ ਡਿਸਪੋਸੇਬਲ ਈ-ਸਿਗਰੇਟ ਦੀ ਵਰਤੋਂ ਕੀਤੀ, ਜੋ ਕਿ 2020 ਵਿੱਚ 7% ਸੀ। ਜੇਕਰ ਪਿਛਲੇ ਦੋ ਤਿੰਨ ਸਾਲਾਂ ਦੀ ਹੀ ਘੋਖ ਪੜਤਾਲ ਕੀਤੀ ਜਾਵੇ ਤਾਂ ਸਕੂਲੀ ਵਿਦਿਆਰਥੀਆਂ ਵਿੱਚ ਈ-ਸਿਗਰਟ ਦੀ ਲਤ ਵਿਕਰਾਲ ਰੂਪ ਧਾਰਨ ਕਰਦੀ ਨਜ਼ਰ ਆ ਰਹੀ ਹੈ। ਜੇਕਰ ਇਸ ਸੰਬੰਧੀ ਠੋਸ ਕਦਮ ਜਲਦੀ ਨਾ ਚੁੱਕੇ ਗਏ ਤਾਂ ਆਉਣ ਵਾਲੇ ਸਮੇਂ ਵਿੱਚ ਬਹੁਤ ਹੀ ਭਿਆਨਕ ਨਤੀਜੇ ਦੇਖਣ ਨੂੰ ਮਿਲਣਗੇ।

# ਨਵੀਂ ਸਰਕਾਰ ਦੇ ਸਿੱਖਿਆ ਸੁਧਾਰ ਲਈ ਦਰਜਾ ਚਾਰ ਕਰਮਚਾਰੀਆਂ ਦੀ ਭਰਤੀ ਦਾ ਮੁੱਦਾ



ਮੇਜਰ ਸਿੰਘ ਨਾਭਾ
91-94635-53962

ਹਰੇਕ ਸਾਲ ਛੁੱਟੀਆਂ ਤੋਂ ਬਾਅਦ ਸਕੂ.ਲ ਖੁਲ੍ਹਣ ਨਾਲ ਹੀ ਜਿਨ੍ਹਾਂ ਸਕੂਲਾਂ 'ਚ ਦਰਜਾ ਚਾਰ ਕਰਮਚਾਰੀ ਨਹੀਂ, ਉਥੇ ਅਧਿਆਪਕਾਂ ਨੂੰ ਸਾਫ ਸਫਾਈ ਅਤੇ ਹੋਰ ਕੰਮ ਕਰਵਾਉਣੇ ਹੁੰਦੇ ਹਨ ਕਿਉਂਕਿ ਘਾਹ ਆਦਿ ਦਾ ਵੱਧ ਜਾਣਾ , ਆਲੇ ਦੁਆਲੇ ਦਰੱਖਤਾਂ ਦੇ ਪਤੇ ਆਦਿ , ਮੀਂਹਾਂ ,ਹਨੇਰ੍ਹੀਆਂ ਨਾਲ ਸਕੂਲ ਦੇ ਅਹਾਤੇ ਦਾ ਗੰਦਾ ਹੋ ਜਾਣਾ , ਇਹ ਸਾਰੇ ਕੰਮਾਂ ਦੇ ਨਿਪਟਾਰੇ ਕਿਸ ਤਰ੍ਹਾਂ ਹੋਣੇ ਹਨ ਇਹ ਜਰੂਰ ਅਧਿਆਪਕਾਂ ਲਈ ਸਿਰਦਰਦੀ ਦਾ ਕਾਰਨ ਬਣ ਸਕਦਾ ਹੈ।ਇਨ੍ਹਾਂ ਦਰਜਾ ਚਾਰ ਦੀਆਂ ਖਾਲੀ ਪੋਸਟਾਂ ਤੇ ਕਈ ਦਹਾਕਿਆਂ ਤੋਂ ਕਦੇ ਨਵੀਂ ਨਿਯੁਕਤੀ ਨਹੀਂ ਕੀਤੀ ਗਈ ਸਿਰਫ ਦਰਜਾ ਚਾਰ ਕਰਮਚਾਰੀਆਂ ਦੀ ਸਰਵਿਸ ਦੌਰਾਨ ਮੌਤ ਹੋਣ ਤੇ ਪਰਿਵਾਰਕ ਮੈਂਬਰਾਂ ਦੀਆਂ ਤਰਸ ਦੇ ਆਧਾਰ ਤੇ ਹੀ ਨਿਯੁਕਤੀਆਂ ਕੀਤੀਆਂ ਜਾਂਦੀਆਂ ਹਨ,ਜਿਨ੍ਹਾਂ 'ਚੋਂ ਕਈ ਵੱਧ ਯੋਗਤਾ ਕਾਰਨ ਹੋਰ ਆਸਾਮੀ ਤੇ ਨਿਯੁਕਤ ਹੋ ਜਾਂਦੇ ਹਨ।ਇਸ ਤਰ੍ਹਾਂ ਇਨ੍ਹਾਂ ਕੇਸਾਂ 'ਚ ਵੀ ਆਸਾਮੀ ਬਰਕਰਾਰ ਰਹਿਣ ਦੀ ਸੰਭਾਵਨਾ ਘੱਟ ਹੁੰਦੀ ਹੈ।

ਹੁਣ ਤੱਕ ਸਕੂਲਾਂ 'ਚ ਦਰਜਾ ਚਾਰ ਕਰਮਚਾਰੀਆਂ ਦੀਆਂ ਡਿਊਟੀਆਂ ਨੂੰ ਸਿੱਖਿਆ ਵਿਭਾਗ ਅੱਖੋਂ ਪਰੋਖੇ ਕਿਉਂ ਕਰਦਾ ਆ ਰਿਹਾ ਹੈ ਜਦੋਂ ਕਿ ਮਹਿਕਮੇ 'ਚ ਸਿੱਖਿਆ ਸੁਧਾਰਾਂ ਦੇ ਨਾਂ ਤੇ ਬਹੁਤ ਕੁਝ ਨਵਾਂ ਕੀਤਾ ਜਾ ਰਿਹਾ ਹੈ।ਹੁਣ ਨਵੀਂ ਸਰਕਾਰ ਦਾ ਮੁੱਖ ਫੋਕਸ ਸਿੱਖਿਆ ਅਤੇ ਸਿਹਤ ਉੱਪਰ ਹੈ ਜਿਵੇਂ ਕਿ ਨਵੀਂ ਦਿੱਲੀ ਵਿੱਚ ਇਹ ਮੁੱਦਿਆਂ ਨੂੰ ਉਭਾਰਿਆ ਗਿਆ ਹੈ , ਆਸ ਸੀ ਨਵੀਂ ਤਬਦੀਲੀ ਜਲਦੀ ਸਾਹਮਣੇ ਆਵੇਗੀ ਪਰ ਅਜੇ ਤੱਕ ਤਾਂ ਇਸ ਸਬੰਧੀ ਨਵੀਂ ਸਰਕਾਰ ਦਾ ਕੋਈ ਬਿਆਨ ਨਹੀਂ ਆਇਆ ਜੋ ਕਿ ਕਹਿਣੀ ਅਤੇ ਕਰਨੀ ਦੇ ਕਥਨ ਨੂੰ ਝੁਠਲਾਉਂਦਾ ਹੀ ਨਜ਼ਰ ਆਉਂਦਾ ਹੈ ।

ਪੰਜਾਬ ਦੇ ਸਕੂਲਾਂ ਅੰਦਰ ਲੰਬੇ ਸਮੇਂ ਤੋਂ ਦਰਜਾ-ਚਾਰ ਕਰਮਚਾਰੀਆਂ ਦੀਆਂ ਪੋਸਟਾਂ ਹੀ ਨਹੀਂ ਭਰੀਆਂ ਗਈਆਂ।ਅਧਿਆਪਕਾਂ ਨੂੰ ਆਪ ਹੀ ਕਈ ਸਕੂ.ਲਾਂ 'ਚ ਤਾਂ ਸਾਰਾ ਕੁਝ ਹੀ ਕਰਨਾ ਪੈਂਦਾ ਹੈ।ਬਹੁਤੇ ਸਕੂਲਾਂ 'ਚ ਸਕੂਲ ਮੁੱਖੀਆਂ ਵਲੋਂ ਕਿਵੇਂ ਨਾ ਕਿਵੇਂ ਸਟਾਫ ,ਮਨੇਜਮੈਂਟ ਕਮੇਟੀ ਜਾਂ ਪਿੰਡ ਦੀ ਪੰਚਾਇਤ ਦੇ ਸਹਿਯੋਗ ਨਾਲ ਪੈਸੇ ਦਾ ਪ੍ਰਬੰਧ ਕਰਕੇ ਆਰਜ਼ੀ ਤੌਰ ਤੇ ਦਰਜਾ ਚਾਰ ਦੇ ਕੰਮ ਲਈ ਬੰਦਾ ਰੱਖ ਲਿਆ ਜਾਂਦਾ ਹੈ,ਉਹ ਕਈ ਤਰ੍ਹਾਂ ਦੀਆਂ ਡਿਊਟੀਆਂ, ਜਿਵੇਂ ਮਾਲੀ ਦਾ ਕੰਮ , ਘੰਟੀ ਵਜਾਉਣਾ ,ਦਫਤਰੀ ਕੰਮ ਕਰਨੇ, ਚੌਕੀਦਾਰੀ ਕਰਨੀ ਆਦਿ ਕੰਮ ਉਸ ਤੋਂ ਲਏ ਜਾਂਦੇ ਹਨ।ਉਸ ਦੀ ਤਨਖਾਹ ਬਾਰੇ ਅੰਦਾਜ਼ਾ ਤੁਸੀਂ ਆਪ ਹੀ ਲਗਾ ਸਕਦੇ ਹੋ ਕਿ ਕਿੰਨੀ ਕੁ ਹੋਵੇਗੀ।

ਇਹ ਕੋਈ ਜਿਆਦਾ ਨਹੀਂ ਹੁੰਦੀ ਜੋ ਉਸ ਦੇ ਘਰ ਦੇ ਖਰਚਿਆਂ ਲਈ ਕਾਫੀ ਹੋਵੇਗੀ। ਇਸ ਲਈ ਉਸ ਨੂੰ ਹੋਰ ਕੰਮ ਵੀ ਕਰਨੇ ਪੈ ਸਕਦੇ ਹਨ,ਉਸ ਦਾ ਦਿਮਾਗ ਭਟਕਨਾ 'ਚ ਜਰੂਰ ਰਹੇਗਾ।ਇਨ੍ਹਾਂ ਬੰਦਿਆਂ ਦੀ ਜ਼ਿੰਮੇਵਾਰੀ ਕਿੰਨੀ ਕੁ ਨਿਸਚਤ ਕੀਤੀ ਜਾ ਸਕਦੀ ਹੈ,ਇਹ ਵੀ ਸਵਾਲੀਆ ਚਿੰਨ੍ਹ ਹੀ ਹੈ।ਸਕੂਲਾਂ 'ਚ ਚੋਰੀ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ ਇਨ੍ਹਾਂ ਨੂੰ ਰੋਕਣ ਲਈ ਰੈਗੂਲਰ ਚੌਕੀਦਾਰ ਦਾ ਹੋਣਾ ਜਰੂਰੀ ਹੈ।


ਸਮਾਰਟ ਸਕੂਲਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਦੀ ਮੇਨਟੀਨੇਂਸ ਰੱਖਣ ਲਈ ਦਰਜਾ-ਚਾਰ ਕਰਮਚਾਰੀਆਂ ਦਾ ਹੋਣਾ ਬਹੁਤ ਜਰੂਰੀ ਹੈ ਪਰ ਬਹੁਤ ਘੱਟ ਸਕੂਲਾਂ 'ਚ ਚੌਕੀਦਾਰ, ਮਾਲੀ, ਚਪੜਾਸੀ ਆਦਿ ਪੂਰੇ ਤਾਂ ਸਾਇਦ ਨਾ ਹੀ ਮਿਲਣ , ਟਾਵੀਂ ਟਾਵੀਂ ਪੋਸਟ ਭਾਵੇਂ ਭਰੀ ਮਿਲ ਜਾਵੇ।ਸਕੂਲ ਮੁੱਖੀ ਸਾਰੇ ਸਕੂਲ ਦੀ ਸਾਂਭ ਸੰਭਾਲ, ਬਿਨ੍ਹਾਂ ਚੌਥਾ ਦਰਜਾ ਕਰਮਚਾਰੀਆਂ ਦੇ , ਕਰਕੇ ਸਮਾਰਟ ਸਕੂਲ ਦੇ ਠੱਪੇ ਨੂੰ ਕਿਵੇਂ , ਕਿੰਨਾ ਕੁ ਚਿਰ ਬਰਕਰਾਰ ਰੱਖ ਸਕੇਗਾ ?

ਇਹ ਅੰਦਾਜ਼ਾ ਤੁਸੀਂ ਆਪ ਹੀ ਲਾ ਸਕਦੇ ਹੋ।ਸਕੂਲਾਂ ਦੀ ਬਾਹਰਲੀ ਪੋਚਾ ਪੋਚੀ ਕਰਕੇ ਬਣਾਏ ਬਹੁਤੇ ਸਕੂਲਾਂ ਦੀ ਅੰਦਰਲੀ ਸਥਿਤੀ ਮਾੜੀ ਹੋਣ ਦੇ ਆਮ ਆਦਮੀ ਪਾਰਟੀ ਨੇ ਦੋਸ਼ ਲਗਾਏ ਸਨ ਜਦੋਂ ਕਿ ਕਾਗਜ਼ੀ ਅੰਕੜਿਆਂ ਮੁਤਾਬਕ ਉਸ ਸਮੇਂ ਦੀ ਪੰਜਾਬ ਸਰਕਾਰ ਨੇ ਰਾਜ ਵਲੋਂ ਵਧੀਆ ਸਿੱਖਿਆ ਦੇਣ ਲਈ ਪ੍ਰਧਾਨ ਮੰਤਰੀ ਪਾਸੋਂ ਅਵਾਰਡ ਪ੍ਰਾਪਤ ਕੀਤਾ ਸੀ, ਇਸ ਦਾ ਅਧਿਆਪਕ ਜਥੇਬੰਦੀਆਂ ਵਲੋਂ ਵੀ ਫਰਜ਼ੀ ਅੰਕੜਿਆਂ ਕਰਕੇ ਨਿੰਦਾ ਕੀਤੀ ਗਈ ਸੀ। ਹੁਣ ਪੰਜਾਬ 'ਚ 'ਆਪ' ਦੀ ਸਰਕਾਰ ਲਈ ਉਹੀ ਮੁੱਦੇ ਸਾਹਮਣੇ ਖੜ੍ਹੇ ਹਨ ।ਸਕੂਲਾਂ 'ਚ ਹੋ ਰਹੀਆਂ ਸਾਰੀਆਂ ਐਕਟੀਵਿਟੀਜ਼ ਨੂੰ ਮੁੜ ਵਿਚਾਰ ਕੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੀ ਪਹਿ-ਲਕਦਮੀ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ । ਅਧਿਆਪਕਾਂ ਨੂੰ ਦਿੱਲੀ ਦੇ ਸਕੂਲਾਂ ਦੀ ਯਾਤਰਾ ਕਰਾਉਣ ਨਾਲ ਕੁਝ ਨਹੀਂ ਸੰਵਰੇਗਾ ਜੇ ਕਰ ਸਰਕਾਰ ਖਾਲੀ ਆਸਾਮੀਆਂ ਭਰਨ ਲਈ ਪਹਿਲ ਕਦਮੀ ਨਹੀਂ ਕਰਦੀ ।

ਇਥੇ ਤਾਂ ਅਸਲੀਅਤ ਕੁਝ ਹੋਰ ਹੀ ਹੈ ਵੱਡੀਆਂ ਵੱਡੀਆਂ ਡੀਂਗਾਂ ਤਾਂ ਮਾਰੀਆਂ ਜਾਂਦੀਆਂ ਰਹੀਆਂ ਹਨ ਪਰ ਹੇਠਲੇ ਪੱਧਰ ਤੇ ਨੀਂਹ ਨੂੰ ਮਜਬੂਤ ਕਰਨ ਲਈ ਅੱਖਾਂ ਮੀਚ ਕੇ ਡੰਗ ਟਪਾਉਣ ਦੀ ਰੀਤ ਨੂੰ ਸਾਇਦ ਇਹ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਂਗ ਅਪਣਾਉਂਦੀ ਨਜ਼ਰ ਆਵੇ । ਜਿਵੇਂ ਇਸ ਸਰਕਾਰ ਨੇ ਸਿਹਤ ਅਤੇ ਸਿੱਖਿਆ ਦੇ ਸੁਧਾਰ ਨੂੰ ਪਹਿਲ ਦੇ ਆਧਾਰ ਤੇ ਵੱਡੇ ਸੁਧਾਰ ਕਰਕੇ ਭਾਰਤ 'ਚ ਨਮੂਨੇ ਦਾ ਰਾਜ ਬਣਾਉਣ ਦਾ ਅਹਿਦ ਲਿਆ ਹੈ ।

ਸੋ ਸਾਰੇ ਸਕੂਲਾਂ ਦੀ ਸਾਂਭ ਸੰਭਾਲ ਅਤੇ ਠੀਕ ਢੰਗ ਨਾਲ ਸਕੂਲ ਚਲਾਉਣ ਲਈ ਚੌਥਾ-ਦਰਜਾ ਕਰਮਚਾਰੀਆਂ ਦੀਆਂ ਸਕੂ.ਲਾਂ 'ਚ ਖਾਲੀ ਪਈਆਂ ਪੋਸਟਾਂ ਭਰਨ ਲਈ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ, ਬਾਕੀ ਖਾਲੀ ਪੋਸਟਾਂ ਵੀ ਭਰ ਕੇ ਨਵਾਂ ਬਦਲਾਅ ਲੋਕਾਂ ਸਾਹਮਣੇ ਪੇਸ਼ ਕਰੇ ਤਾਂ ਹੀ ਸਕੂਲਾਂ ਤੇ ਲੱਖਾਂ ਰੁਪਏ ਦੀਆਂ ਲਗਾਈਆਂ ਗ੍ਰਾਂਟਾਂ ਦੀ ਕੀਤੀ ਵਰਤੋਂ ਨਾਲ ਕੀਤੇ ਕੰਮਾਂ ਨੂੰ ਠੀਕ ਢੰਗ ਨਾਲ ਬਰਕਰਾਰ ਰੱਖਿਆ ਜਾ ਸਕੇਗਾ ਅਤੇ ਅਧਿਆਪਕਾਂ ਦਾ ਮਨ ਵੀ ਇਕਾਗਰਚਿੱਤ ਹੋ ਕੇ ਬੱਚਿਆਂ ਨੂੰ ਪੜ੍ਹਾਉਣ ਲਈ ਬੇਹਤਰ ਯਤਨ ਕਰੇਗਾ ।ਸਕੂਲਾਂ ਦੇ ਸੁਧਾਰ ਲਈ ਯਤਨਾਂ ਨੂੰ ਪਹਿਲ ਦੇ ਆਧਾਰ ਤੇ ਆਰੰਭਣਾ ਚਾਹੀਦਾ ਹੈ। ਜਿਸ ਨਾਲ ਸਰਕਾਰ ਦਾ ਵਾਅਦਾ ਵੀ ਪੂਰਾ ਹੋਵੇਗਾ।

# ਜੇਰੇਮੀ ਨੇ ਜਿੱਤਿਆ ਸੋਨੇ ਦਾ ਤਮਗਾ



**ਬਰਮਿੰਘਮ**-ਰਾਸ਼ਟਰਮੰਡਲ ਖੇਡਾਂ ਦੇ ਤੀਜੇ ਦਿਨ ਐਤਵਾਰ ਭਾਰਤ ਦੇ ਵੇਟਲਿਫਟਰ ਲਾਲਰਿਨੁੰਗਾ ਜੇਰੇਮੀ ਨੇ 67 ਕਿੱਲੋ ਵਰਗ ਵਿਚ ਰਿਕਾਰਡ ਭਾਰ ਚੁੱਕ ਕੇ ਸੋਨੇ ਦਾ ਤਮਗਾ ਜਿੱਤਿਆ। ਸਨੈਚ ਵਿਚ ਉਸਨੇ 140 ਕਿੱਲੋ ਚੁੱਕ ਕੇ ਨਵਾਂ ਰਿਕਾਰਡ ਬਣਾਇਆ ਜਦਕਿ ਕਲੀਨ ਤੇ ਜਰਕ ਵਿਚ 160 ਕਿੱਲੋ ਚੁੱਕ ਕੇ ਕੁਲ 300 ਕਿੱਲੋ ਦਾ ਰਿਕਾਰਡ ਕਾਇਮ ਕੀਤਾ । ਨੋਟ ਕਰਨ ਵਾਲੀ ਗੱਲ ਹੈ ਕਿ ਜੇਰੇਮੀ ਨੇ ਦੂਜੀ ਕੋਸ਼ਿਸ਼ ਵਿਚ ਪੈਰ ਫੱਟੜ ਹੋਣ ਦੇ ਬਾਵਜੂਦ 160 ਕਿੱਲੋ ਭਾਰ ਚੁੱਕ ਕੇ ਸਭ ਨੂੰ ਹੈਰਾਨ ਕਰ ਦਿੱਤਾ । ਇਸਤੋਂ ਬਾਅਦ ਉਹ ਗੋਡਿਆਂ ਪਰਨੇ ਬੈਠ ਗਿਆ ਪਰ ਉਸਦੇ ਚਿਹਰੇ 'ਤੇ ਏਨਾ ਭਾਰ ਚੁੱਕਣ ਦੀ ਖੁਸ਼ੀ ਝਲਕ ਰਹੀ ਸੀ । ਉਸਨੇ 165 ਕਿੱਲੋ ਚੁੱਕਣ ਲਈ ਤੀਜੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਹੀਂ ਹੋ ਸਕਿਆ । ਤੀਜੀ ਕੋਸ਼ਿਸ਼ ਵਿਚ ਉਸਦੀ ਖੱਬੀ ਬਾਂਹ ਨੂੰ ਵੀ ਝਟਕਾ ਲੱਗਾ । ਜੇਰੇਮੀ ਤੋਂ ਪਹਿਲਾਂ ਬਿੰਦੀਆ ਰਾਣੀ ਦੇਵੀ ਨੇ ਵੇਟਲਿਫਟਿੰਗ ਦੇ 55 ਕਿਲੋਗ੍ਰਾਮ ਵਰਗ 'ਚ ਚਾਂਦੀ ਦਾ ਤਮਗਾ ਜਿੱਤਿਆ । 23 ਸਾਲਾਂ ਦੀ ਬਿੰਦੀਆ ਰਾਣੀ ਨੇ ਕਲੀਨ ਐਂਡ ਜਰਕ 'ਚ 116 ਕਿਲੋਗ੍ਰਾਮ ਚੁੱਕ ਕੇ ਖੇਡਾਂ ਦਾ ਰਿਕਾਰਡ ਬਣਾਇਆ । ਉਸ ਨੇ ਸਨੈਚ 'ਚ 86 ਕਿੱਲੋ ਚੁੱਕ ਕੇ ਆਪਣਾ ਸਰਵੋਤਮ ਪ੍ਰਦਰਸ਼ਨ ਕੀਤਾ । ਮੀਰਾ ਬਾਈ ਚਾਨੂੰ ਨੇ ਵੇਟ ਲਿਫਟਿੰਗ ਵਿਚ ਸ਼ਨੀਵਾਰ ਸੋਨੇ ਦਾ ਤਮਗਾ ਜਿੱਤਿਆ ਸੀ।

# ਵੇਟਲਿਫਟਰ ਬਿੰਦਿਆਰਾਣੀ ਨੇ ਚਾਂਦੀ ਦਾ ਤਗ਼ਮਾ ਜਿੱਤਿਆ




**ਬਰਮਿੰਘਮ**-ਭਾਰਤ ਦੀ ਬਿੰਦਿਆਰਾਣੀ ਦੇਵੀ ਨੇ ਮਹਿਲਾਵਾਂ ਦੇ 55 ਕਿਲੋਗ੍ਰਾਮ ਵਰਗ ਵਿੱਚ ਚਾਂਦੀ ਦਾ ਤਗ਼ਮਾ ਜਿੱਤ ਕੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਦੇਸ਼ ਨੂੰ ਇੱਥੇ ਰਾਸ਼ਟਰਮੰਡਲ ਖੇਡਾਂ ਵਿੱਚ ਕਈ ਵਰਗਾਂ ਵਿੱਚ ਆਪਣਾ ਚੌਥਾ ਵੇਟਲਿਫਟਿੰਗ ਤਮਗਾ ਮਿਲਿਆ। ਬਿੰਦਿਆਰਾਣੀ ਦੇਵੀ ਨੇ 55 ਕਿਲੋ ਭਾਰ ਵਰਗ ਵਿੱਚ ਭਾਰਤ ਲਈ ਇਹ ਤਗ਼ਮਾ ਜਿੱਤਿਆ। ਇਸ ਤੋਂ ਪਹਿਲਾਂ ਮੀਰਾਬਾਈ ਚਾਨੂ ਨੇ ਸੋਨ ਤਗ਼ਮਾ ਜਿੱਤਿਆ ਸੀ। ਇਸ ਦੇ ਨਾਲ ਹੀ ਸੰਕੇਤ ਮਹਾਦੇਵ ਅਤੇ ਗੁਰੂਰਾਜਾ ਪੁਜਾਰੀ ਕ੍ਰਮਵਾਰ ਚਾਂਦੀ ਅਤੇ ਕਾਂਸੀ ਦੇ ਤਗਮੇ ਜਿੱਤਣ ਵਿੱਚ ਸਫਲ ਰਹੇ।

ਬਿੰਦਿਆਰਾਨੀ ਨੇ 55 ਕਿਲੋਗ੍ਰਾਮ ਵੇਟਲਿਫਟਰ ਵਰਗ ਵਿੱਚ ਭਾਰਤ ਲਈ ਚਾਂਦੀ ਦਾ ਤਗ਼ਮਾ ਜਿੱਤਿਆ। ਬਿੰਦਿਆਰਾਣੀ ਨੇ ਸਨੈਚ ਵਿੱਚ 86 ਦੌੜਾਂ ਬਣਾਈਆਂ, ਜਦਕਿ ਕਲੀਨ ਐਂਡ ਜਰਕ ਵਿੱਚ 116 ਦੌੜਾਂ ਬਣਾਈਆਂ। ਯਾਨੀ ਉਸ ਨੇ ਕੁੱਲ 202 ਕਿਲੋ ਭਾਰ ਚੁੱਕ ਕੇ ਚਾਂਦੀ ਦਾ ਤਗ਼ਮਾ ਜਿੱਤਿਆ ਹੈ। ਸਫਲਤਾ ਹਾਸਲ ਕਰਨ ਤੋਂ ਬਾਅਦ ਬਿੰਦਿਆਰਾਣੀ ਦੇਵੀ ਨੇ ਕਿਹਾ, 'ਮੈਂ ਪਹਿਲੀ ਵਾਰ ਰਾਸ਼ਟਰਮੰਡਲ 'ਚ ਖੇਡੀ ਅਤੇ ਮੈਂ ਚਾਂਦੀ ਦਾ ਤਗਮਾ ਜਿੱਤ ਕੇ ਬਹੁਤ ਖੁਸ਼ ਹਾਂ।' ਅੱਜ ਮੇਰੀ ਜ਼ਿੰਦਗੀ ਦਾ ਸਭ ਤੋਂ ਵਧੀਆ ਪ੍ਰਦਰਸ਼ਨ ਸੀ। ਪਰ, ਸੋਨਾ ਮੇਰੇ ਹੱਥੋਂ ਖਿਸਕ ਗਿਆ। ਜਦੋਂ ਮੈਂ ਮੰਚ 'ਤੇ ਸੀ, ਮੈਂ ਕੇਂਦਰ ਵਿਚ ਨਹੀਂ ਸੀ। ਮੈਂ ਅਗਲੀ ਵਾਰ ਬਿਹਤਰ ਕਰਨ ਦੀ ਕੋਸ਼ਿਸ਼ ਕਰਾਂਗੀ।"

# ਭਾਰਤ ਨੇ ਲਾਅਨ ਬਾਲ ਮੁਕਾਬਲੇ 'ਚ ਜਿੱਤਿਆ ਸੋਨ ਤਗਮਾ, ਟੇਬਲ ਟੈਨਿਸ 'ਚ ਵੀ ਸ਼ਾਨਦਾਰ ਸ਼ੁਰੂਆਤ

**ਨਵੀਂ ਦਿੱਲੀ –** ਰਾਸ਼ਟਰਮੰਡਲ ਖੇਡਾਂ ਦਾ 5ਵਾਂ ਦਿਨ ਭਾਰਤ ਲਈ ਬਹੁਤ ਖਾਸ ਹੋਣ ਵਾਲਾ ਹੈ। ਚੌਥੇ ਦਿਨ ਭਾਰਤ ਨੇ 3 ਤਗਮੇ ਜਿੱਤੇ ਅਤੇ ਤਮਗਿਆਂ ਦੀ ਗਿਣਤੀ 9 ਹੋ ਗਈ। ਚੌਥੇ ਦਿਨ ਭਾਰਤ ਨੇ ਜੂਡੋ ਵਿੱਚ ਇੱਕ ਚਾਂਦੀ ਅਤੇ ਇੱਕ ਕਾਂਸੀ ਅਤੇ ਵੇਟਲਿ-ਫਟਿੰਗ ਵਿੱਚ ਇੱਕ ਕਾਂਸੀ ਦਾ ਤਗ਼ਮਾ ਜਿੱਤਿਆ। ਇਸ ਤੋਂ ਇਲਾਵਾ ਭਾਰਤ ਨੇ ਚੌਥੇ ਦਿਨ ਪਹਿਲਾਂ ਹੀ ਬੈਡਮਿੰਟਨ, ਟੇਬਲ ਟੈਨਿਸ ਅਤੇ ਲਾਅਨ ਬਾਲ ਮੁਕਾਬਲਿਆਂ ਦੇ ਫਾਈਨਲ ਵਿੱਚ ਪਹੁੰਚ ਕੇ ਚਾਂਦੀ ਦਾ ਤਗਮਾ ਪੱਕਾ ਕਰ ਲਿਆ ਹੈ। ਰਾਸ਼ਟਰਮੰਡਲ ਖੇਡਾਂ ਦੇ ਪੰਜਵੇਂ ਦਿਨ ਉਹ ਤਮਗਿਆਂ ਦਾ ਰੰਗ ਬਦਲਣ ਦੇ ਇਰਾਦੇ ਨਾਲ ਇਨ੍ਹਾਂ ਮੁਕਾਬਲਿਆਂ ਵਿੱਚ ਉਤਰੇਗਾ। ਲਾਅਨ ਬਾਲ ਈਵੈਂਟ 'ਚ ਭਾਰਤ ਪਹਿਲੀ ਵਾਰ ਫਾਈਨਲ 'ਚ ਪਹੁੰਚਿਆ ਹੈ, ਜਦਕਿ ਬੈਡਮਿੰਟਨ ਦੇ ਮਿਕਸਡ ਈਵੈਂਟ 'ਚ ਭਾਰਤ ਕੋਲ ਇਕ ਵਾਰ ਫਿਰ ਗੋਲਡ ਜਿੱਤਣ ਦਾ ਮੌਕਾ ਹੈ। ਭਾਰਤ ਆਪਣੇ 5ਵੇਂ ਦਿਨ ਦੀ ਸ਼ੁਰੂਆਤ ਦੁਪਹਿਰ 1 ਵਜੇ ਲਾਅਨ ਬਾਲ ਈਵੈਂਟ ਨਾਲ ਕਰੇਗਾ ਜਿੱਥੇ ਭਾਰਤ ਅਤੇ ਨਿਊਜ਼ੀਲੈਂਡ ਮਹਿਲਾ ਜੋੜੀ ਅਤੇ ਟ੍ਰਿਪਲਜ਼ ਵਿੱਚ ਇੱਕ ਦੂਜੇ ਦੇ ਆਹਮੋ-ਸਾਹਮਣੇ ਹੋਣਗੇ।

ਅਥਲੈਟਿਕਸ- ਲੰਬੀ ਛਾਲ ਵਿੱਚ ਭਾਰਤ ਦੇ ਅਨੀਸ ਅਤੇ ਸ਼੍ਰੀਸ਼ੰਕਰ ਫਾਈਨਲ ਵਿੱਚ

ਵੇਟਲਿਫਟਿੰਗ- ਹਰਜਿੰਦਰ ਨੇ 71 ਕਿਲੋ ਭਾਰ ਵਰਗ ਵਿੱਚ ਕਾਂਸੀ ਦਾ ਤਗਮਾ ਪੱਕਾ ਕੀਤਾ

ਮਹਿਲਾ ਸ਼ਾਟਪੁੱਟ – ਮਨਪ੍ਰੀਤ ਫਾਈਨਲ 'ਚ ਪਹੁੰਚੀ

ਤੈਰਾਕੀ 1500 ਮੀਟਰ ਫ੍ਰੀਸਟਾਈਲ ਈਵੈਂਟ – ਕੁਸ਼ਾਗਰਾ ਰਾਵਤ ਅਤੇ ਅਦਵੈਤ ਫਾਈਨਲ ਵਿੱਚ ਪਹੁੰਚੇ

ਇੰਗਲੈਂਡ ਨੂੰ ਪਹਿਲੇ ਕੁਆਰਟਰ ਦੇ ਸ਼ੁਰੂ ਵਿੱਚ ਪੈਨਲਟੀ ਕਾਰਨਰ ਮਿ-ਲਿਆ ਅਤੇ ਅੰਸ਼ਲੇ ਨੇ ਸਫਲ ਗੋਲ ਕਰਕੇ ਆਪਣੀ ਟੀਮ ਨੂੰ 1-0 ਦੀ ਬੜ੍ਹਤ ਦਿਵਾਈ। ਖੇਡ ਦੇ ਪਹਿਲੇ ਕੁਆਰਟਰ ਦੇ ਅੰਤ ਤੱਕ ਭਾਰਤੀ ਟੀਮ ਗੋਲ ਨਹੀਂ ਕਰ ਸਕੀ ਅਤੇ ਉਸ ਨੂੰ ਨਿਰਾਸ਼ਾ ਹੱਥ ਲੱਗੀ ਅਤੇ ਇੰਗਲੈਂਡ ਦੀ ਬੜ੍ਹਤ 1-0 ਨਾਲ ਬਰਕਰਾਰ ਰਹੀ। ਕੁਆਰਟਰ ਦੋ 'ਚ ਭਾਰਤੀ ਮਹਿਲਾ ਟੀਮ ਨੇ ਕਾਫੀ ਬਿਹਤਰ ਪ੍ਰਦਰਸ਼ਨ ਕੀਤਾ ਅਤੇ ਇੰਗਲੈਂਡ ਨੂੰ ਇਕ ਵੀ ਗੋਲ ਨਹੀਂ ਕਰਨ ਦਿੱਤਾ ਪਰ ਇਹ ਟੀਮ ਵੀ ਗੋਲ ਨਹੀਂ ਕਰ ਸਕੀ ਅਤੇ ਇਸ ਕੁਆਰਟਰ ਦੀ ਖੇਡ ਖਤਮ ਹੋਣ ਤੋਂ ਬਾਅਦ ਵੀ ਇੰਗਲੈਂਡ ਦਾ ਸਕੋਰ 1-0 ਰਿਹਾ।

ਹਾਰਵਰਡ ਨੇ ਤੀਜੇ ਕੁਆਰਟਰ ਵਿੱਚ ਇੰਗਲੈਂਡ ਲਈ ਸ਼ਾਨਦਾਰ ਗੋਲ ਕੀਤਾ ਅਤੇ ਭਾਰਤੀ ਮਹਿਲਾ ਗੋਲਕੀਪਰ ਸਵਿਤਾ ਕੋਲ ਕੋਈ ਜਵਾਬ ਨਹੀਂ ਸੀ ਕਿਉਂਕਿ ਇੰਗਲੈਂਡ ਨੇ 2-0 ਦੀ ਬੜ੍ਹਤ ਬਣਾ ਲਈ ਸੀ।

ਭਾਰਤ ਨੇ ਲਾਅਨ ਬਾਲ ਮੈਚ ਵਿੱਚ ਇਤਿਹਾਸ ਰਚ ਦਿੱਤਾ ਹੈ। ਭਾਰਤ ਨੇ ਦੱਖਣੀ ਅਫਰੀਕਾ ਦੀ ਟੀਮ ਨੂੰ 17-10 ਨਾਲ ਹਰਾਇਆ। ਨਯਨਮੋਨੀ ਸੈਕੀਆ, ਪਿੰਕੀ, ਲਵਲੀ ਚੌਬੇ ਅਤੇ ਰੂਪਾ ਰਾਣੀ ਟਿਰਕੀ ਨੇ ਇਤਿਹਾਸ ਰਚਿਆ। ਭਾਰਤੀ ਟੀਮ ਨੇ ਫਾਈਨਲ 'ਚ ਦੱਖਣੀ ਅਫਰੀਕਾ ਨੂੰ ਹਰਾ ਕੇ ਸੋਨ ਤਮਗਾ ਜਿੱਤਿਆ ਸੀ। ਇਸ ਖੇਡ



ਵਿੱਚ ਭਾਰਤ ਦਾ ਇਹ ਪਹਿਲਾ ਤਮਗਾ ਹੈ।

# ਮੋਦੀ ਸਰਕਾਰ ਬਣਾਵੇਗੀ ਡਿਜੀਟਲ ਸਕੂਲ, ਨਹੀਂ ਹੋਵੇਗੀ ਅਧਿਆਪਕਾਂ ਦੀ ਲੋੜ

**ਨਵੀਂ ਦਿੱਲੀ –** ਡਿਜੀਟਲ ਈ-ਲਰਨਿੰਗ ਸਕੂਲ: ਮੋਦੀ ਸਰਕਾਰ ਡਿਜੀਟਲ ਇੰਡੀਆ ਨੂੰ ਲਗਾਤਾਰ ਉਤਸ਼ਾਹਿਤ ਕਰ ਰਹੀ ਹੈ। ਇਸੇ ਕੜੀ ਵਿੱਚ ਹੁਣ ਕੇਂਦਰ ਸਰਕਾਰ ਡਿਜੀਟਲ ਸਕੂਲ ਦਾ ਸੰਕਲਪ ਲਿਆ ਰਹੀ ਹੈ, ਜਿੱਥੇ ਬੱਚੇ ਬਿਨਾਂ ਅਧਿਆਪਕ ਦੇ ਪੜ੍ਹ ਸਕਣਗੇ। ਛੱਛ ਯਾਨੀ ਕਾਮਨ ਸਰਵਿਸ ਸੈਂਟਰ ਦੀ ਮਦਦ ਨਾਲ ਡਿਜੀਟਲ ਸਕੂਲ ਖੋਲ੍ਹੇ ਜਾਣਗੇ। ਸੀਐਸਸੀ ਈ-ਗਵਰਨੈਂਸ ਸਰਵਿਸਿਜ਼ ਇੰਡੀਆ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਡਾ: ਦਿਨੇਸ਼ ਤਿਆਗੀ ਨੇ ਕਿਹਾ ਕਿ ਭਾਰਤ ਸਰਕਾਰ ਹਰ ਪਿੰਡ ਵਿੱਚ ਡਿਜੀਟਲ ਸਕੂਲ ਖੋਲ੍ਹਣ ਦੀ ਕੋਸ਼ਿਸ਼ ਕਰ ਰਹੀ ਹੈ, ਜਿੱਥੇ ਅਧਿਆਪਕਾਂ ਤੋਂ ਬਿਨਾਂ ਸਕੂਲ ਹੋਣਗੇ।

ਡਾਕਟਰ ਦਿਨੇਸ਼ ਤਿਆਗੀ ਅਨੁਸਾਰ ਦੇਸ਼ ਵਿੱਚ ਜਲਦੀ ਹੀ ਡਿਜੀਟਲ ਸਕੂਲ ਖੋਲ੍ਹੇ ਜਾਣਗੇ। ਇਸ ਸਕੂਲ ਵਿੱਚ ਈ-ਲਰਨਿੰਗ ਕੋਰਸ ਦੀ ਸਹੂਲਤ ਉਪਲਬਧ ਹੋਵੇਗੀ। ਇਨ੍ਹਾਂ ਸਕੂਲਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਔਗਮੈਂਟੇਡ ਰਿਐ-ਲਿਟੀ ਦੀ ਮਦਦ ਨਾਲ ਈ-ਲਰਨਿੰਗ ਕੋਰਸ ਤਿਆਰ ਕੀਤੇ ਜਾਣਗੇ। ਜਿੱਥੇ ਡਿਜੀਟਲ ਡਿਵਾਇਸ ਦੀ ਮਦਦ ਨਾਲ ਬੱਚੇ ਸਵਾਲ ਪੁੱਛ ਸਕਣਗੇ, ਜਿਨ੍ਹਾਂ ਦੇ ਜਵਾਬ ਰਿਅਰ ਟਾਈਮ ਮਿਲ ਜਾਣਗੇ। ਈ-ਲਰਨਿੰਗ ਕੋਰਸ 'ਚ ਜੇਕਰ ਬੱਚੇ. ੋਰ .ੇਨਿ ਕਹਿਣਗੇ ਤਾਂ ਸ਼ੇਅਰ ਸਕਰੀਨ 'ਤੇ ਦਿਖਾਈ ਦੇਵੇਗਾ। ਇਸੇ ਤਰ੍ਹਾਂ ਜਦੋਂ ਐਪਲ ਦੀ ਗੱਲ ਕੀਤੀ ਜਾਵੇ ਤਾਂ ਸੇਬ ਸਾਹਮਣੇ ਆ ਜਾਵੇਗਾ। ਤਿਆਗੀ ਅਨੁਸਾਰ ਇਸ ਨਾਲ ਬੱਚਿਆਂ ਵਿੱਚ ਸਿੱਖਿਆ ਪ੍ਰਤੀ ਜਾਗਰੂਕਤਾ ਵਧੇਗੀ। ਨਾਲ ਹੀ, ਬਹੁਤ ਸਾਰੇ ਬੱਚੇ ਅੰਤਰਮੁਖੀ ਹੁੰਦੇ ਹਨ, ਜੋ ਟੀਜ਼ਰਾਂ ਦੇ ਡਰ ਕਾਰਨ ਸਵਾਲ ਨਹੀਂ ਪੁੱਛਦੇ, ਅਜਿਹੇ ਬੱਚਿਆਂ ਲਈ ਡਿਜੀਟਲ ਸਕੂਲ ਬਹੁਤ ਮਦਦਗਾਰ ਸਾਬਤ ਹੋ ਸਕਦੇ ਹਨ।

ਡਾ ਦਿਨੇਸ਼ ਤਿਆਗੀ ਨੇ ਦੱਸਿਆ ਕਿ ਉਨ੍ਹਾਂ ਦੀ ਇੱਛਾ ਹੈ ਕਿ ਹਰਿਦੁਆਰ ਵਿੱਚ ਪਹਿਲਾ ਡਿਜੀਟਲ ਸਕੂਲ ਖੋਲ੍ਹਿਆ ਜਾਵੇ। ਤਿਆਗੀ ਨੇ ਕਿਹਾ ਕਿ 5ਜੀ ਦੇ ਸ਼ੁਰੂ



ਹੋਣ ਤੋਂ ਬਾਅਦ ਡਿਜੀਟਲ ਸਕੂਲ ਖੋਲ੍ਹਣ ਦੀ ਗਿਣਤੀ ਤੇਜ਼ੀ ਨਾਲ ਵਧ ਸਕਦੀ ਹੈ। ਉਹੀ ਤਕਨੀਕੀ ਸਟਾਰਟਅੱਪ ਸ਼ੂਗਰਬਾਕਸ ਸਰਕਾਰ ਨੂੰ ਡਿਜੀਟਲ ਸਕੂਲ ਖੋਲ੍ਹਣ ਵਿੱਚ ਮਦਦ ਕਰ ਸਕਦਾ ਹੈ। ਦੱਸ ਦੇਈਏ ਕਿ ਸ਼ੂਗਰਬਾਕਸ ਪੇਂਡੂ ਖੇਤਰਾਂ ਵਿੱਚ ਮੁਫਤ ਇੰਟਰਨੈਟ ਕਨੈਕਟੀਵਿਟੀ ਦੀ ਪੇਸ਼ਕਸ਼ ਕਰ ਰਿਹਾ ਹੈ, ਜੋ ਇੰਟਰਨੈਟ ਕਨੈਕਟੀਵਿਟੀ ਤੋਂ ਬਿਨਾਂ ਖੇਤਰਾਂ ਵਿੱਚ ਈ-ਲਰਨਿੰਗ ਦੀ ਸਹੂਲਤ ਪ੍ਰਦਾਨ ਕਰੇਗਾ, ਜੋ ਪੀਐਮ ਮੋਦੀ ਦੇ ਡਿਜੀਟਲ ਇੰਡੀਆ ਦੇ ਰਾਹ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗਾ। ਨਾਲ ਹੀ, ਸਕੂਲ ਛੱਡਣ ਵਾਲਿਆਂ ਦੀ ਗਿਣਤੀ ਵੀ ਘੱਟ ਜਾਵੇਗੀ।

# ਸ਼ਹੀਦ ਉਧਮ ਸਿੰਘ ਸੁਨਾਮ ਨੂੰ ਬਸਪਾ ਆਗੂਆਂ ਨੇ ਕੀਤੀ ਸ਼ਰਧਾਂਜਲੀ ਭੇਂਟ

## ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਮਿਲੀ ਆਜ਼ਾਦੀ ਅੱਜ ਖ਼ਤਰੇ ਵਿਚ - ਪ੍ਰਵੀਨ ਬੰਗਾ

**ਫਗਵਾੜਾ 1 ਅਗਸਤ (ਬੀ ਕੇ ਰੱਤੂ)–** ਪਿੰਡ ਕਟਾਰੀਆਂ ਵਿਖੇ ਸ਼ਹੀਦ ਉਧਮ ਸਿੰਘ ਸੁਨਾਮ ਜੀ ਦੀ ਯਾਦ ਵਿੱਚ ਬਣੇ ਪਾਰਕ ਵਿੱਚ ਸ਼ਹੀਦ ਉਧਮ ਸਿੰਘ ਸੁਨਾਮ ਦੇ ਸਟੈਚੂ ਤੇ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ । ਇਸ ਮੌਕੇ ਤੇ ਬਸਪਾ ਵਲੋਂ ਪਾਰਟੀ ਦੇ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਦੀ ਅਗਵਾਈ ਵਿਚ ਐਨ ਆਰ ਆਈ ਰਣਜੀਤ ਕਲਸੀ ਸੀਨੀਅਰ ਆਗੂ ਬੀਐਸਪੀ ਸਪੋਟਰਸ ਅਸਟ੍ਰੇਲੀਆ, ਹਲਕਾ ਪ੍ਰਧਾਨ ਜੈ ਪਾਲ ਸੁੰਡਾ, ਜ਼ਿਲਾ ਸਕੱਤਰ ਵਿਜੇ ਕੁਮਾਰ ਗੁਣਾਚੌਰ, ਜ਼ਿਲਾ ਸਕੱਤਰ ਕੇਹਰ ਚੰਦ ਫਰਾਲਾ'ਸੈਕਟਰ ਪ੍ਰਧਾਨ ਮਹਿੰਦਰ ਪਾਲ ਪਟਵਾਰੀ ਤੇ ਸਮਰਥਕ ਸ਼ਰਧਾਂਜਲੀ ਭੇਂਟ ਕਰਨ ਪੁੱਜੇ। ਸ਼ਹੀਦ ਉਧਮ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਬਸਪਾ ਆਗੂ ਪ੍ਰਵੀਨ ਬੰਗਾ ਨੇ ਆਖਿਆ ਅਪ੍ਰੈਲ 1919 ਨੂੰ ਜ਼ਿਲਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਦਾ ਬਦਲਾ ਲੈਣ ਦੀ ਕਸਮ ਖਾਣ ਵਾਲੇ ਸ਼ਹੀਦ ਉਧਮ ਸਿੰਘ ਜੀ ਨੇ 21ਸਾਲ ਬਾਅਦ 13 ਮਾਰਚ 1940 ਨੂੰ ਲੰਡਨ ਦੇ ਕਲੈਸਟਨ ਹਾਲ ਜ਼ਿਲਿਆਂ ਵਾਲੇ ਬਾਗ ਦੇ ਦੋਸ਼ੀ ਮਾਇਕਲ ਉਡਵਾਇਰ ਨੂੰ ਗੋਲੀਆਂ ਮਾਰ ਕੇ ਬਦਲਾ ਲਿਆ ਤੇ ਸੂਰਮਾ ਭਜਿਆ ਨਹੀਂ ਸੀ, ਗ੍ਰਿਫਤਾਰੀ ਤੋਂ ਬਾਅਦ 31ਜੁਲਾਈ 1940 ਨੂੰ ਲੰਡਨ ਵਿਚ ਫਾਂਸੀ ਦੇ ਕੇ ਸ਼ਹੀਦ ਕੀਤਾ ਸੀ। ਅੱਜ



ਉਨ੍ਹਾਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਆਖਿਆ ਜਿਨਾਂ ਸ਼ਹੀਦਾਂ ਦੀ ਬਦੌਲਤ ਸਾਨੂੰ ਆਜ਼ਾਦੀ ਮਿਲੀ ਸੀ। 75 ਸਾਲ ਹੋਣ ਤੋਂ ਬਾਅਦ ਵੀ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਨਹੀਂ ਕੀਤਾ। ਦੇਸ਼ ਦੇ ਹਾਲਾਤ ਅਜਿਹੇ ਹਨ ਆਮ ਲੋਕਾਂ ਦੀ ਰਾਜਨੀਤਕ, ਸਮਾਜਿਕ ਤੇ ਸੰਵਿਧਾਨਕ ਅਜ਼ਾਦੀ ਖ਼ਤਰੇ ਵਿਚ ਹੈ। ਸ੍ਰੀ ਪ੍ਰਵੀਨ ਬੰਗਾ ਨੇ ਆਖਿਆ ਸਭ ਤੋਂ ਵੱਡੇ ਉਤਰ ਪ੍ਰਦੇਸ਼ ਸੂਬੇ ਵਿਚ 1996 ਵਿਚ ਰੁਦਰਪੁਰ ਤਹਿਸੀਲ ਨੂੰ ਸ਼ਹੀਦ ਉਧਮ ਸਿੰਘ ਦੇ ਨਾਂ ਤੇ ਜ਼ਿਲ੍ਹਾ ਬਣਾਕੇ ਉਸ ਵੇਲੇ ਦੇ ਮੁੱਖ ਮੰਤਰੀ ਭੈਣ ਕੁਮਾਰੀ ਮਾਇਆਵਤੀ ਨੇ ਉਨ੍ਹਾਂ ਦਾ ਬਣਦਾ ਸਨਮਾਨ ਦੇਣ ਦੀ ਇਤਿਹਾਸਕ ਕੋਸ਼ਿਸ਼ ਕੀਤੀ ਸੀ।

ਇਸ ਮੌਕੇ ਤੇ ਐਡਵੋਕੇਟ ਬਲਵੰਤ ਸਿੰਘ ਲਾਦੀਆ, ਸੀਨੀਅਰ ਆਗੂ ਸ਼੍ਰੋਮਣੀ ਅਕਾਲੀ ਦਲ ਬਾਦਲ ਸਰਪੰਚ ਪ੍ਰੇਮ ਲਾਲ ਕਟਾਰੀਆਂ,ਪਲਵਿੰਦਰ ਸਿੰਘ ਕਲਸੀ,ਜੀਤ ਰਾਮ ਕਲਸੀ, ਪ੍ਰਕਾਸ਼ ਫਰਾਲਾ, ਮੈਡਮ ਪਰਮਿੰਦਰ ਕੌਰ ਕੰਗਰੋੜ, ਪ੍ਰੇਮ ਸਿੰਘ ਕਲਸੀ, ਮਨਜਿੰਦਰ ਸਿੰਘ,ਹਰਿੰਦਰ ਕੁਮਾਰ, ਦੇਵ ਰਾਜ ਕੰਗਰੋੜ,ਅਮਰ ਸਿੰਘ ਸਾਬਕਾ ਸਰਪੰਚ, ਨਰਜੰਣ ਦਾਸ, ਉਂਕਾਰ ਚੰਦ, ਗੁਰਮੇਲ ਰਾਮ, ਸੁਖਦੇਵ ਕੁਮਾਰ, ਵਿਜੇ ਕੁਮਾਰ ਚੇਤਾਂ,ਅਨੂਪ ਕੁਮਾਰ ਮੁੰਨਾ, ਅਮਰਜੀਤ ਸਿੰਘ ਆਤਮਾ ਰਾਮ ਜੀ, ਸਦੀਕ ਚੰਦ, ਸੋਨੂੰ ਭਰੋਮਜਾਰਾ ਤੋਂ ਇਲਾਵਾ ਸ਼ਹੀਦੀ ਦਿਹਾੜੇ ਤੇ ਵਿਸ਼ੇਸ਼ ਤੌਰ ਤੇ ਸ਼ਹੀਦ ਊਧਮ ਸਿੰਘ ਪਬਲਿਕ ਸਕੂਲ ਦੇ ਪ੍ਰਿੰਸੀਪਲ ਰਾਜਵਿੰਦਰ ਸਿੰਘ ਦੀ ਅਗਵਾਈ ਵਿਚ ਸਕੂਲ ਸਟਾਫ ਤੇ ਬਚਿਆਂ ਵਲੋਂ ਸ਼ਹੀਦ ਉਧਮ ਸਿੰਘ ਸੁਨਾਮ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਤੇ ਰਾਸ਼ਟਰੀ ਗੀਤ ਪੇਸ਼ ਕੀਤਾ।

# ਪੰਜਾਬ ਰਾਜ ਰਿਜਰਵੇਸ਼ਨ ਐਕਟ 2006 ਲਾਗੂ ਕਰਨ ਹਿੱਤ ਬਹੁਜਨ ਸਮਾਜ ਪਾਰਟੀ ਵਫ਼ਦ ਗਵਰਨਰ ਨੂੰ ਮਿਲਿਆ

**ਚੰਡੀਗੜ (ਲਾਲ ਸਿੰਘ ਸੁਲਹਾਣੀ)–** ਬਹੁਜਨ ਸਮਾਜ ਪਾਰਟੀ ਦੇ ਵਫਦ ਨੇ ਅੱਜ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਵਿੱਚ ਪੰਜਾਬ ਰਾਜ ਗਰਵਨਰ ਸ਼੍ਰੀ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕੀਤੀ। ਅੱਜ ਚਾਰ ਮੈਂਬਰੀ ਵਫਦ ਜਿਸ ਵਿਚ ਬਸਪਾ ਦੇ ਇਕਲੌਤੇ ਵਿਧਾਇਕ ਡਾ ਨੱਛਤਰ ਪਾਲ, ਸ਼੍ਰੀ ਅਜੀਤ ਸਿੰਘ ਭੈਣੀ ਇੰਚਾਰਜ ਬਸਪਾ ਪੰਜਾਬ, ਸ਼੍ਰੀ ਲਾਲ ਸਿੰਘ ਸੁਲਹਾਣੀ ਜਨਰਲ ਸਕੱਤਰ ਬਸਪਾ ਪੰਜਾਬ ਸ਼ਾਮਿਲ ਸਨ। ਇਸ ਮੌਕੇ ਸ। ਗੜ੍ਹੀ ਅਤੇ ਡਾ ਨੱਛਤਰ ਨੇ ਵਿਸਥਾਰ ਨਾਲ ਗਵਰਨਰ ਸਾਹਿਬ ਨਾਲ ਜਾਣਕਾਰੀ ਸਾਂਝੀ ਕੀਤੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਅਨੁਸੂਚਿਤ ਜਾਤੀਆਂ, ਪਛੜੇ ਵਰਗਾਂ ਤੇ ਘੱਟ ਗਿਣਤੀਆਂ ਵਰਗ ਦੇ ਸੰਵਿਧਾਨਿਕ ਅਧਿਕਾਰਾਂ ਨਾਲ ਲਗਾਤਾਰ ਧੱਕਾ ਕਰ ਰਹੀ ਹੈ। ਜਿਸ ਤਹਿਤ 178 ਲਾਅ ਅਫਸਰਾਂ ਦੀਆਂ ਪੋਸਟਾਂ, ਪੰਜਾਬ ਸਰਕਾਰ ਨੇ ਬਹੁਜਨ ਸਮਾਜ ਲਈ ਅਸਮਰੱਥ ਤੇ ਅ-ਕਾਰਜਕੁਸ਼ਲ ਸਬਦ ਦੀ ਵਰਤੋਂ, ਮੁਹੱਲਾ ਕਲੀਨਿਕ ਵਿਚ ਰਾਖਵਾਂਕਰਨ, ਮੰਡਲ ਕਮਿਸ਼ਨ ਰਿਪੋਰਟ,



ਪੰਚਾਇਤੀ ਜਮੀਨਾਂ ਵਿਚ ਇਕ ਤਿਹਾਈ ਹਿੱਸਾ, ਪੰਜਾਬ ਪੁਲਿਸ ਦੀ ਮੈਰਿਟ ਸੂਚੀ ਵਿਚ ਆਏ ਦਲਿਤ ਵਿਦਿਆਰਥੀਆਂ ਦੀ ਅਣਦੇਖੀ, 85ਵੀ ਸੰਵਿਧਾਨਿਕ ਸੋਧ, ਕੱਚੇ ਮੁਲਾਜ਼ਿਮ ਪੱਕੇ ਕਰਨ ਸਬੰਧੀ, ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਾਗੂ ਕਰਨ ਹਿਤ, ਬੈਕਲਾਗ ਭਰਤੀ ਆਦਿ ਹਰ ਜ਼ਿਲ੍ਹੇ ਵਿੱਚ ਬਸਪਾ ਨੇ 14 ਜੁਲਾਈ ਨੂੰ ਸਾਰੇ ਪੰਜਾਬ ਦੇ 23 ਜ਼ਿਲ੍ਹਿਆ ਵਿਚ ਡਿਪਟੀ ਕਮਿਸ਼ਨਰਾਂ ਰਾਹੀਂ ਮੈਮੋਰੰਡਮ ਵੀ ਗਵਰਨਰ ਸਾਹਿਬ ਨੂੰ ਭੇਜੇ ਸਨ। ਬਾਅਦ ਵਿਚ ਪ੍ਰੈਸ ਨੂੰ ਸੰਬੋਧਨ ਕਰਦਿਆ ਬਸਪਾ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਕੇਂਦਰ ਦੀ ਭਰਤੀ ਜਨਤਾ ਪਾਰਟੀ ਦੀ ਸਰਕਾਰ ਪੰਜਾਬ ਧਾਰਮਿਕ ਸਥਾਨਾਂ ਦੀ ਸਰਾਵਾਂ ਉਪਰ ਜੀ ਐਸ ਟੀ ਭਗਵਾਂ ਸੋਚ ਨਾਲ ਲਗਾ ਰਹੀ ਜਿਸ ਪਿੱਛੇ ਸਿੱਖਾਂ ਤੇ ਹਿੰਦੂਆਂ ਵਿੱਚ ਭਾਈਚਾਰਿਕ ਸਾਂਝ ਨੂੰ ਤੋੜਨ ਵਾਲੀ ਗੰਗੂਵਾਦੀ ਸੋਚ ਕੰਮ ਰਹੀ ਹੈ। ਇਹ ਭਾਜਪਾ ਦੀ ਸੂਬੇ ਵਿਚ ਫਿਰਕੂ ਮਾਹੌਲ ਪੈਦਾਂ ਕਰਨ ਦੀ ਕੁਚਾਲ ਹੈ, ਜਿਸਦੀ ਬਸਪਾ ਨਿੰਦਾ ਕਰਦੀ ਹੈ।

# ਲੁੱਟੇਪੁੱਟੇ, ਬੇਇੱਜ਼ਤ ਕੀਤੇ ਮਨੁੱਖ ਦੇ ਦਰਦ ਭਰੇ ਸ਼ਬਦਾਂ ਦੀ ਅਵਾਜ਼ ਵਿੱਚ ਫੁੱਲਾਂ ਦੀ ਵਰਖਾ ਨਹੀਂ ਹੋ ਸਕਦੀ

ਇੱਕ ਵਾਰੀ ਫੂਲਣ ਦੇਵੀ, ਆਪਣੀ ਕੈਦ ਕੱਟ ਕੇ ਰਿਹਾਅ ਹੋ ਕੇ, ਮੈਂਬਰ ਪਾਰਲੀਮੈਂਟ ਬਣ ਕੇ ਚੰਡੀਗੜ੍ਹ ਫੇਰੀ 'ਤੇ ਆਈ। ਪੱਤਰਕਾਰਾਂ ਨਾਲ ਸਵਾਲ ਜਵਾਬ ਕਰਦਿਆਂ ਉਹ ਅਕਸਰ ਗਾਲਾਂ ਕੱਢ ਦਿੰਦੀ ਸੀ। ਉਸ ਨੇ ਕਈ ਵਾਰੀ ਜਦੋਂ ਕੌੜੇ ਬੋਲ ਬੋਲੇ, ਗਾਲਾਂ ਕੱਢੀਆਂ ਤਾਂ ਇੱਕ ਪੱਤਰਕਾਰ ਨੇ ਮੋੜਵਾਂ ਸਵਾਲ ਕਰ ਕੇ ਪੁੱਛਿਆ, ''ਬੀਬੀ ਜੀ ਤੁਸੀਂ ਭਾਸ਼ਾ ਬਹੁਤ ਅਸੱਭਿਆ ਵਰਤਦੇ ਹੋ, ਗਾਲਾਂ ਕੱਢਦੇ ਹੋ, ਜ਼ਰਾ ਸਲੀਕੇ ਨਾਲ ਗੱਲ ਕਰੋ। ਕੀ ਤੁਸੀਂ ਇਸ ਨੂੰ ਠੀਕ ਸਮਝਦੇ ਹੋ?''

ਫੂਲਣ ਦੇਵੀ ਸ਼ੇਰਨੀ ਵਾਂਗ ਗੁਰਰਾਈ, ਤੇ ਗਰਜ ਕੇ ਆਖਣ ਲੱਗੀ, ''ਪੱਤਰਕਾਰੋ ਤੁਸੀਂ ਕਿਸ ਦੁਨੀਆਂ ਵਿੱਚ, ਕਿਸ ਧਰਤੀ 'ਤੇ ਰਹਿੰਦੇ ਹੋ? ਜਦੋਂ ਪਿੰਡ ਦੇ ਵੀਹ ਚੌਧਰੀਆਂ ਨੇ ਇਕੱਠੇ ਹੋ ਕੇ, ਬਿਨਾਂ ਕਾਰਨ ਮੇਰੇ ਪਿਤਾ ਨੂੰ ਕਤਲ ਕੀਤਾ। ਮੇਰਾ ਭਰਾ ਮਾਰਿਆ, ਸਾਰੇ ਪਿੰਡ ਦੇ 'ਇੱਜ਼ਤਦਾਰ ਚੌਧਰੀਆਂ' ਨੇ ਸ਼ਰੇਆਮ ਮੇਰੀ ਇੱਜ਼ਤ ਲੁੱਟੀ। ਮੈਨੂੰ ਬੇਪਤ ਕਰ ਕੇ ਸਾਰੇ ਪਿੰਡ ਵਿੱਚ ਨੰਗੀ ਘੁਮਾਇਆ। ਮੈਂ ਦਿਲ 'ਤੇ ਪੱਥਰ ਰੱਖ ਕੇ, ਖ਼ੂਨ ਦੇ ਹੰਝੂ ਕੇਰਦੀ ਡਾਕੂਆਂ ਦੇ ਟੋਲੇ ਵਿੱਚ ਸ਼ਾਮਲ ਹੋ ਗਈ। ਉਸ ਜੰਗਲੀ ਜੀਵਨ ਦੇ ਦੁੱਖ ਪ੍ਰਵਾਨ ਕੀਤੇ। ਹਥਿਆਰ ਚਲਾਉਣੇ ਸਿੱਖੇ, ਡਾਕੇ ਮਾਰੇ। ਫਿਰ ਮੌਕਾ-ਮੇਲ ਬਣਾ ਕੇ ਉਨ੍ਹਾਂ ਪਾਪੀ ਬਲਾਤਕਾਰੀਆਂ, ਆਪਣੇ ਪਿੰਡ ਦੇ ਵੀਹ ਚੌਧਰੀਆਂ, ਨੂੰ ਸਦਾ ਦੀ ਨੀਂਦੇ ਸੁਲਾ ਦਿੱਤਾ। ਗ੍ਰਿਫ਼ਤਾਰੀ ਦਿੱਤੀ, ਲੰਮੀ ਕੈਦ ਕੱਟੀ...। ਜੋ ਕੁੱਝ ਮੇਰੇ ਨਾਲ ਵਾਪਰਿਆ ਉਹਦਾ ਕਾਫ਼ੀ ਹਿੱਸਾ



ਅਖ਼ਬਾਰਾਂ ਵਿੱਚ ਛਪਦਾ ਰਿਹਾ ਹੈ। ਮੈਨੂੰ ਸੱਭਿਅਤਾ ਸਿਖਾਉਣ ਵਾਲੇ ਪੱਤਰਕਾਰੋ ਜ਼ਰਾ ਦੱਸੋ। ਤੁਹਾਡੇ ਚੌਧਰੀਆਂ ਨੇ ਮੇਰੇ ਨਾਲ ਕਿੰਨਾ ਸੱਭਿਅਕ ਸਲੂਕ ਕੀਤਾ ਸੀ? ਮੇਰੇ ਵਰਗਾ ਨਰਕੀ ਜੀਵਨ ਜਿਉਂ ਕੇ, ਕੀ ਕੋਈ ਸੱਭਿਅਕ ਰਹਿ ਸਕਦਾ ਹੈ? ਇਹ ਸੱਭਿਅਤਾ ਦਾ ਪਾਠ ਕੀਹਨੂੰ ਪੜ੍ਹਾ ਰਹੇ ਹੋ...?''

ਫੂਲਣ ਦੇਵੀ ਦਾ ਜਵਾਬ ਸੁਣ ਕੇ ਪੱਤਰਕਾਰਾਂ ਦੀ ਜ਼ਬਾਨ ਤਾਲੂ ਨਾਲ ਲੱਗ ਗਈ। ਮੁੜ ਸਵਾਲ ਪੁੱਛਣ ਦੀ ਹਿੰਮਤ ਨਾ ਪਈ। ਬੀਬੀ ਇਸੇ ਤਰਾਂ ਗਰਜਦੀ ਹੋਈ ਥਾਂ-ਥਾਂ ਸਰਕਾਰ ਵਿਰੁੱਧ ਬੋਲ ਰਹੀ ਸੀ। ਵਾਜਪਾਈ ਸਰਕਾਰ ਵੇਲੇ 'ਅਣਪਛਾਤੇ ਵਿਅਕਤੀਆਂ' ਨੇ ਫੂਲਾਂ ਰਾਣੀ 'ਤੇ ਮਸ਼ੀਨ ਗੰਨਾਂ ਨਾਲ ਹਮਲਾ ਕਰ ਦਿੱਤਾ। ਉਸ ਦੀ ਅਗਨ ਬਾਣ ਵਰਗੀ ਜ਼ਬਾਨ ਸਦਾ ਲਈ ਬੰਦ ਕਰ ਦਿੱਤੀ ਗਈ। ਉਸ ਨਾਲ ਬਾਡੀਗਾਰਡ ਭੀ ਸਨ, ਪਰ ਉਨ੍ਹਾਂ ਨੇ ਹਮਲੇ ਵਕਤ ਕਾਤਲਾਂ ਦਾ ਕੋਈ ਮੁਕਾ-ਬਲਾ ਨਾ ਕੀਤਾ। ਫੂਲਣ ਦੇਵੀ ਦਾ ਕਾਤਲ ਦੇਰ ਮਗਰੋਂ ਫੜਿਆ, ਪਰ ਤਿਹਾੜ ਜੇਲ੍ਹ ਵਿੱਚੋਂ ਫਿਰ ਦੌੜ ਗਿਆ। ਇਹ ਸ਼ੇਰ ਸਿੰਘ ਨਾਮੀ ਬੰਦਾ ਅਪ੍ਰੈਲ 2006 ਵਿੱਚ ਦੁਬਾਰਾ ਗ੍ਰਿਫ਼ਤਾਰ ਤਾਂ ਕੀਤਾ ਹੈ, ਸਜ਼ਾ ਸ਼ਾਇਦ ਨਾ ਮਿਲੇ, ਕਿਉਂਕਿ ਫੂਲਣ ਦੇਵੀ 'ਅਛੂਤ' ਸੀ। ਜੇ 'ਸਵਰਨ' ਹੁੰਦੀ ਤਾਂ ਕਾਨੂੰਨ ਹੋਰ ਹੋਣਾ ਸੀ। ਅਖ਼ੀਰ ਉਹ ਦਹਿਕਦੀ ਜਵਾਲਾ ਠੰਢੀ ਕਰ ਦਿੱਤੀ ਗਈ।

ਬਸ ਫ਼ਰਕ ਏਨਾ ਹੀ ਸੀ ਕਿ ਆਮ ਔਰਤਾਂ ਜ਼ੁਲਮ ਅੱਗੇ ਸਿਰ ਝੁਕਾ ਦਿੰਦੀਆਂ ਹਨ। ਉਸ ਸ਼ੇਰ ਬੀਬੀ ਨੇ ਆਪਣੇ ਨਾਲ ਹੋਏ ਦਿਲ ਕੰਬਾਊ ਹਾਦਸੇ ਨੂੰ 'ਕਿਸਮਤ ਵਿੱਚ ਲਿਖਿਆ ਹੋਇਆ' ਪ੍ਰਵਾਨ ਨਾ ਕੀਤਾ। ਸਗੋਂ ਵੀਹ ਬਲਾਤਕਾਰੀ ਹੈਸ਼ਿਆਰਿਆਂ ਦੀ ਕਿਸਮਤ ਵਿੱਚ 'ਮੌਤ ਲਿਖ ਦਿੱਤੀ'। ਅਫ਼ਸੋਸਨਾਕ ਪਹਿਲੂ ਇਹ ਹੈ ਕਿ ਭਾਰਤ ਦੀਆਂ ਔਰਤਾਂ ਨੇ ਫੂਲਾਂ ਰਾਣੀ ਨੂੰ ਆਪਣੀ ਨਾਇਕਾ ਨਹੀਂ ਬਣ-ਾਇਆ। ਉਸ ਦੇ ਹੱਕ ਵਿੱਚ ਕੋਈ ਰੋਸ ਪ੍ਰਗਟ ਨਾ ਕੀਤਾ। ਜ਼ੁਲਮ ਦਾ ਸ਼ਿਕਾਰ ਹੋ ਰਹੀਆਂ ਜ਼ਨਾਨੀਆਂ ਦੇ ਮਨਾਂ ਅੰਦਰ ਰੋਹ ਦੀ ਜਵਾਲਾ ਨਾ ਭੜਕੀ, ਕਿਉਂਕਿ ਇੱਥੋਂ ਦੀਆਂ ਨਾਇਕਾਵਾਂ ਰੂਪਮਤੀਆਂ ਤੇ ਨਾਜ਼ੁਕ ਅਭਿਨੇਤਰੀਆਂ ਹਨ।

**ਇੰਜੀ ਹਰਦੀਪ ਸਿੰਘ ਚੁੰਬਰ**
**9463601616**

# ਨੈਸ਼ਨਲ ਹੈਰਾਲਡ ਦੇ ਦਫਤਰ ਸਮੇਤ 12 ਟਿਕਾਣਿਆਂ 'ਤੇ ਈਡੀ ਨੇ ਛਾਪੇਮਾਰੀ

**ਨਵੀਂ ਦਿੱਲੀ –** ਈਡੀ ਨੇ ਨੈਸ਼ਨਲ ਹੈਰਾਲਡ ਮਾਮਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਇਹ ਕਾਰਵਾਈ ਕੀਤੀ ਹੈ। ਈਡੀ ਦੀ ਟੀਮ ਨੈਸ਼ਨਲ ਹੈਰਾਲਡ ਦੇ ਦਫ਼ਤਰ 'ਤੇ ਛਾਪੇਮਾਰੀ ਕਰ ਰਹੀ ਹੈ। ਦੱਸ ਦੇਈਏ ਕਿ ਈਡੀ ਦੀ ਟੀਮ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਪਾਰਟੀ ਨੇਤਾ ਰਾਹੁਲ ਗਾਂਧੀ ਤੋਂ ਪੁੱਛਗਿੱਛ ਕੀਤੀ ਹੈ।

ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਈਡੀ ਨੇ ਨੈਸ਼ਨਲ ਹੈਰਾਲਡ ਦੇ ਦਫਤਰ ਦੇ ਨਾਲ-ਨਾਲ 12 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਹੈ। ਇਸ ਤੋਂ ਇਲਾਵਾ ਈਡੀ ਇਸ ਮਾਮਲੇ ਨੂੰ ਲੈ ਕੇ ਮੁੰਬਈ 'ਚ ਵੀ ਛਾਪੇਮਾਰੀ ਕਰ ਰਹੀ ਹੈ। ਦੂਜੇ ਪਾਸੇ ਈਡੀ ਦੀ ਛਾਪੇਮਾਰੀ ਤੋਂ ਬਾਅਦ ਕਾਂਗਰਸ ਨੇਤਾ ਜੈਰਾਮ ਰਮੇਸ਼ ਨੇ ਟਵੀਟ ਕਰਕੇ ਕੇਂਦਰ 'ਤੇ ਨਿਸ਼ਾਨਾ ਸਾਧਿਆ ਹੈ। ਜੈਰਾਮ ਨੇ ਕਿਹਾ ਕਿ ਭਾਰਤ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਵਿਰੁੱਧ ਚੱਲ ਰਹੇ ਹਮਲੇ ਦੇ ਹਿੱਸੇ ਵਜੋਂ ਬਹਾਦਰ ਸ਼ਾਹ ਜ਼ਫਰ ਮਾਰਗ 'ਤੇ ਸਥਿਤ ਹੇਰਾਲਡ ਹਾਊਸ 'ਤੇ ਛਾਪੇਮਾਰੀ ਕੀਤੀ ਗਈ। ਅਸੀਂ ਮੋਦੀ ਸਰਕਾਰ ਵਿਰੁੱਧ ਉੱਠੀ ਹਰ ਅਵਾਜ਼ ਵਿਰੁੱਧ ਬਦਲਾਖੋਰੀ ਦੀ ਰਾਜਨੀਤੀ ਦੀ ਸਖ਼ਤ ਨਿਖੇਧੀ ਕਰਦੇ ਹਾਂ। ਤੁਸੀਂ ਸਾਨੂੰ ਚੁੱਪ ਨਹੀਂ ਕਰ ਸਕਦੇ!

ਜ਼ਿਕਰਯੋਗ ਹੈ ਕਿ ਈਡੀ ਨੇ ਹਾਲ ਹੀ 'ਚ ਸੋਨੀਆ ਗਾਂਧੀ ਤੋਂ ਤਿੰਨ ਦਿਨ ਪੁੱਛਗਿੱਛ ਕੀਤੀ ਸੀ। ਤਿੰਨ ਦਿਨਾਂ ਦੀ ਪੁੱਛਗਿੱਛ ਵਿੱਚ ਈਡੀ ਨੇ ਸੋਨੀਆ ਤੋਂ 100 ਤੋਂ ਵੱਧ ਸਵਾਲ ਪੁੱਛੇ ਸਨ। ਪੁੱਛਗਿੱਛ ਦੌਰਾਨ ਪ੍ਰਿਅੰਕਾ ਗਾਂਧੀ ਵੀ ਉਨ੍ਹਾਂ ਨਾਲ ਮੌਜੂਦ ਸੀ। ਸੋਨੀਆ ਗਾਂਧੀ ਤੋਂ ਪੁੱਛਗਿੱਛ ਦੀ ਪ੍ਰਕਿਰਿਆ 18 ਅਗਸਤ ਨੂੰ ਸ਼ੁਰੂ ਹੋਈ ਸੀ। ਉਸ ਦਿਨ ਉਸ ਤੋਂ ਕਰੀਬ ਦੋ ਘੰਟੇ ਪੁੱਛਗਿੱਛ ਕੀਤੀ ਗਈ। ਫਿਰ ਉਸ ਨੂੰ 27-28 ਸਵਾਲ ਪੁੱਛੇ ਗਏ। ਇਹ ਸਵਾਲ ਏਜੇਐਲ ਦੀ ਵਿਗੜਦੀ ਵਿੱਤੀ ਹਾਲਤ, ਕਾਂਗਰਸ ਵੱਲੋਂ 90 ਕਰੋੜ ਰੁਪਏ ਦਾ ਲੈਣ-ਦੇਣ ਕਰਨ ਦੇ ਫੈਸਲੇ ਨਾਲ ਸਬੰਧਤ ਸਨ।

# ਦੇਬੀ ਮਕਸੂਸਪੁਰੀ ਦੀ ਫਰਿਜਨੋ ਵਿਚਲੀ ਮਹਿਫ਼ਲ ਯਾਦਗਾਰੀ ਹੋ ਨਿੱਬੜੀ





**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)–** ਮਸ਼ਹੂਰ ਸ਼ਾਇਰ ਤੇ ਗਾਇਕ ਦੇਬੀ ਮਕਸੂਸਪੁਰੀ ਅੱਜਕੱਲ ਆਪਣੀ ਅਮਰੀਕਾ ਫੇਰੀ ਤੇ ਹਨ, ਅਤੇ ਇਸੇ ਕੜੀ ਤਹਿਤ ਉਹ ਆਪਣੇ ਚਹੁੰਣ ਵਾਲ਼ਿਆ ਦੇ ਸੱਦੇ ਤੇ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਆਪਣੀਆਂ ਮਹਿਫ਼ਲਾਂ ਵੀ ਲਾ ਰਹੇ ਹਨ। ਲੰਘੇ ਸ਼ਨੀਵਾਰ ਇਸੇ ਤਰਾਂ ਦੀ ਇੱਕ ਪਰਿਵਾਰਕ ਮਹਿਫ਼ਲ ਦਾ ਪ੍ਰਬੰਧ ਫਰਿਜਨੋ ਦੀ ਅਜ਼ਾਦ ਸਪੋਰਟਸ ਐਂਡ ਕਲਚਰਲ ਕਲੱਬ ਵੱਲੋ ਸਥਾਨਕ ਨੌਰਥ ਪੁਆਇੰਟ ਈਵੈਂਟ ਸੈਂਟਰ ਵਿੱਚ ਕੀਤਾ ਗਿਆ, ਜਿੱਥੇ ਦਰਸ਼ਕਾਂ ਨਾਲ ਖਚਾਖਚ ਭਰੇ ਹਾਲ ਅੰਦਰ ਦੇਬੀ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਐਸੀ ਝੜੀ ਲਾਈ ਕਿ ਲੋਕ ਦੇਬੀ ਦੇ ਹਰ ਸ਼ੇਅਰ, ਹਰ ਗੀਤ ਤੇ ਤਾੜੀਆਂ ਦੀ ਦਾਦ ਦੇ ਰਹੇ ਸਨ। ਇਸ ਮੌਕੇ ਅਜ਼ਾਦ ਸਪੋਰਟਸ ਐਂਡ ਕਲਚਰਲ ਕਲੱਬ ਦੇ ਸਮੂੰਹ ਮੈਂਬਰਾਂ ਨੇ ਸ਼ਾਨਦਾਰ ਪ੍ਰਬੰਧ ਕਰਕੇ ਸਭਨਾਂ ਦਾ ਮਨ ਜਿੱਤ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਇਸ ਮੌਕੇ ਗਾਇਕ ਕਮਲਜੀਤ ਸਿੰਘ ਬੈਨੀਪਾਲ ਅਤੇ ਧਰਮਵੀਰ ਥਾਂਦੀ ਨੇ ਵੀ ਆਪਣੇ ਇੱਕ-ਇੱਕ ਗੀਤ ਨਾਲ ਹਜ਼ਾਰੀ ਭਰੀ। ਕਮੇਡੀਅਨ ਵਿਜੇ ਨੇ ਆਪਣੇ ਟੋਟਕਿਆਂ ਨਾਲ ਹਸਾ ਹਸਾਕੇ ਦਰਸ਼ਕਾਂ ਦੇ ਢਿੱਡੀ ਪੀੜਾਂ ਪਾ ਦਿੱਤੀਆਂ। ਬੱਗਾ-ਸੋਨੂੰ ਮਿਊਜ਼ੀਕਲ ਗਰੁੱਪ ਦੀ ਟੀਮ ਦੇ ਸ਼ਾਨਦਾਰ ਸੰਗੀਤ ਨੇ ਮਹਿਫ਼ਲ ਨੂੰ ਹੋਰ ਵੀ ਚਾਰ ਚੰਨ ਲਾਏ।

ਅਖੀਰ ਦਰਸ਼ਕਾਂ ਨੇ ਨੱਚ ਨੱਚਕੇ ਅੰਬਰੀ ਧੂੜ ਚੜ੍ਹਾ ਦਿੱਤੀ। ਅੰਤ ਕਰੀ ਹਾਊਸ ਰੈਸਟੋਰੈਂਟ ਦੇ ਰਾਤਰੀ ਦੇ ਭੋਜਨ ਨਾਲ ਅਮਿੱਟ ਪੈੜ੍ਹਾ ਛੱਡਦੀ ਇਹ ਮਹਿਫ਼ਲ ਯਾਦਗਾਰੀ ਹੋ ਨਿਬੜੀ।

# ਵੱਡੇ ਪਰਦੇ ਤੇ ਨਜਰ ਆਵੇਗੀ ਫਿਲਮ 'ਖੰਡ ਮਿਸ਼ਰੀ'





ਇਕ ਰੋਮੈਂਟਿਕ ਤੇ ਕਾਮੇਡੀ ਫਿਲਮ ਬਣਾਉਣ ਤੋਂ ਪਹਿਲਾਂ ਸ਼੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਆਏ ਡਾਇਰੈਕਟਰ ਪਵਿੱਤਰ ਸਿੰਘ ਲਾਲਵਾ ਨੇ ਫਿਲਮ ਦੀ ਚੜ੍ਹਦੀਕਲਾ ਲਈ ਸ਼੍ਰੀ ਵਾਹਿਗੁਰੂ ਜੀ ਅੱਗੇ ਅਰਦਾਸ ਕਰਨ ਤੋਂ ਬਾਅਦ ਪ੍ਰੈਸ ਕਾਨਫਰੰਸ ਦਿੰਦੇ ਹੋਏ ਦੱਸਿਆ ਕਿ ਫ਼ਿਲਮ 'ਖੰਡ ਮਿਸ਼ਰੀ'' ਇਕ ਰੋਮੈਂਟਿਕ ਤੇ ਕਾਮੇਡੀ ਫਿਲਮ ਹੈ ਅਤੇ ਇਸ ਵਿਚ ਐਕਟਰ ਦਾ ਰੋਲ ਮਨਪ੍ਰੀਤ ਸ਼ੇਰਗਿੱਲ ਤੇ ਐਕਟਰਸ ਅਸ਼ੀਮਾ ਸ਼ਰਮਾ ਤੇ ਜੀ ਗੁਲਜ਼ਾਰ ਨਿਭਾਉਣਗੇ।

ਉਨ੍ਹਾਂ ਕਿਹਾ ਕਿ ਜਲਦ ਹੀ ਫਿਲਮ ਦੀ ਸ਼ੂਟਿੰਗ ਵੀ ਸ਼ੁਰੂ ਕਰ ਦਿੱਤੀ ਜਾਵੇਗੀ ਅਤੇ ਸ਼ੂਟਿੰਗ ਪੰਜਾਬ ਦੇ ਵੱਖ-ਵੱਖ ਜ਼ਿਲਿਆ ਦੇ ਨਾਲ-ਨਾਲ ਯੂਕੇ ਵਿਚ ਵੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਫ਼ਿਲਮ ਦੀ ਸਟੋਰੀ ਨਾਸੀਰ ਨੇ ਲਿੱਖੀ ਹੈ ਤੇ ਫਿਲਮ ਦੇ ਪ੍ਰਡਿਊਸਰ ਪਰਦੀਪ ਸਿੰਘ, ਐਕਸਿਕੁਟਿਵ ਪ੍ਰਡਿਊਸਰ ਅਰਸ਼ਦੀਪ ਸਿੰਘ ਹਨ। ਉਨ੍ਹਾਂ ਦੱਸਿਆ ਕਿ ਇਹ ਫ਼ਿਲਮ ਪਰਿਵਾਰ ਵਿਚ ਬੈਠ ਕੇ ਦੇਖਣ ਵਾਲੀ ਹੈ ਤੇ ਇਸ ਫ਼ਿਲਮ ਰਾਹੀਂ ਅੱਜ ਦੀ ਨੌਜਵਾਨ ਪੀੜੀ ਨੂੰ ਆਪਣੇ ਵੱਡਿਆਂ ਦਾ ਸਤਿਕਾਰ ਕਰਨ ਦੇ ਨਾਲ-ਨਾਲ ਆਪਣੇ ਵਿਰਸੇ ਨਾਲ ਜੁੜਨ ਦਾ ਸੰਦੇਸ਼ ਦੇਵੇਗੀ ਅਤੇ ਉਨ੍ਹਾਂ ਦਾ ਫਿਲਮ ਬਣਾਉਣ ਦਾ ਮੁੱਖ ਮਕਸਦ ਅੱਜ ਦੇ ਮੌਜੂਦਾ ਹਾਲਾਤਾਂ ਵਿਚ ਫਸਦੇ ਜਾ ਰਹੇ ਲੋਕਾਂ ਨੂੰ ਕੁਝ ਸਮੇਂ ਲਈ ਸਾਰੀਆਂ ਪ੍ਰੇਸ਼ਾਨੀਆਂ ਤੋਂ ਦੂਰ ਕਰਨਾ ਹੈ, ਤਾਂ ਜੋ ਲੋਕ ਕਾਮੇਡੀ ਫਿਲਮਾਂ ਦੇਖ ਕੇ ਕੁਝ ਸਮਾਂ ਆਪਣੇ ਪਰਿਵਾਰਾਂ ਨਾਲ ਬਿਤਾ ਸਕਣ।

# ਵੈਨਕੂਵਰ ਕੈਨੇਡਾ 'ਚ ਪੰਜਾਬੀ ਮੇਲਾ ਸੁਸਾਇਟੀ ਵੱਲੋਂ "ਬਚਾ ਲਓ ਵਾਤਾਵਰਨ" ਟ੍ਰੈਕ ਦਾ ਪੋਸਟਰ ਪ੍ਰਮੋਸ਼ਨ , ਨਿਰਵੈਲ ਮਾਲੂਪੁਰੀ

**ਵੈਨਕੂਵਰ, 1 ਅਗਸਤ (ਰਾਜ ਗੋਗਨਾ)—** ਕੈਨੇਡਾ ਦੇ ਵੈਨਕੂਵਰ ਪੰਜਾਬੀ ਮੇਲਾ ਸੁਸਾਇਟੀ ਵੱਲੋਂ ਬੀਤੇ ਦਿਨੀਂ ਪੰਜਾਬੀ ਇਹ ਮੇਲਾ ਇਸ ਵਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ, ਅਤੇ ਇਸ ਵਿਸ਼ਾਲ ਮੇਲੇ ਵਿੱਚ ਪੰਜਾਬ ਦੇ ਮਸ਼ਹੂਰ ਦੋਗਾਣਾ ਜੋੜੀ ਆਤਮਾ ਬੁੱਢੇਵਾਲੀਆ ਤੇ ਅਮਨ ਰੋਜ਼ੀ, ਗਾਇਕ ਕੰਠ ਕਲੇਰ, ਗਾਇਕ ਸ਼ੀਰਾ ਜਸਵੀਰ, ਮਨਰਾਜ ਹਸਨ, ਸਿਮਰਨ, ਜੋਤਿਕਾ ਅਤੇ ਪੰਮਾ ਸੁਨੜ ਨੇ ਹਾਜ਼ਰੀ ਭਰੀ ਅਤੇ ਲੋਕਾਂ ਦਾ ਭਰਭੂਰ ਮਨੋਰੰਜਨ ਕੀਤਾ। ਇਸ ਮੇਲੇ ਦੋਰਾਨ ਪ੍ਰਸਿੱਧ ਗੀਤਕਾਰ ਨਿਰਵੈਲ ਮਾਲੂਪੂਰੀ ਨੇ ਵੀ ਸ਼ਿਰਕਤ ਕੀਤੀ। ਇਸ ਮੋਕੇ ਜਾਣਕਾਰੀ ਸਾਂਝੀ ਕਰਦਿਆਂ ਮੇਲਾ ਪ੍ਰੋਮੋਟਰ ਸਤਨਾਮ ਸਿੰਘ ਸਰੋਆ ਅਤੇ ਸੁਸਾਇਟੀ ਵੱਲੋਂ ਵਾਤਾਵਰਨ ਪ੍ਰਸਿੱਧ ਗਾਇਕ ਬਲਵੀਰ ਸ਼ੇਰਪੁਰੀ ਦੇ ਨਵੇਂ ਟਰੈਕ ''ਬਚਾ ਲਓ ਵਾਤਾਵਰਨ''ਦਾ ਪੋਸਟਰ ਪ੍ਰਮੋਸ਼ਨ ਕੀਤਾ ਗਿਆ। ਜਿਸ ਗੀਤ ਨੂੰ



ਨਿਰਵੈਲ ਮਾਲੂਪੂਰੀ ਨੇ ਬਹੁਤ ਹੀ ਵਧੀਆ ਢੰਗ ਨਾਲ ਲਿਖਿਆ ਅਤੇ ਸਾਂਝਾ ਟੀਵੀ ਵੱਲੋਂ ਯੂ ਟਿਊਬ ਸੋਸ਼ਲ ਮੀਡੀਆ ਤੇ ਰੀਲੀਜ਼ ਕੀਤਾ ਗਿਆ ਹੈ। ਜਿਸ ਦੀ ਵੀਡੀਉ ਐਡੀਟਰ ਡਾਇਰੈਕਟਰ ਕੁਲਦੀਪ ਸਿੰਘ ਵੱਲੋਂ ਬਹੁਤ ਹੀ ਵਧੀਆ ਤਿਆਰ ਕੀਤੀ ਗਈ। ਅਤੇ ਹਰੀ ਅਮਿਤ ਦੇ ਮਿਊਜ਼ਿਕ ਨਾਲ ਇਸ ਨੂੰ ਸਿੰਗਾਰਿਆ ਹੋਇਆ ਹੈ।

ਪੋਸਟਰ ਪ੍ਰਮੋਸ਼ਨ ਕਰਦੇ ਹੋਏ ਉੱਘੇ ਗਾਇਕ ਗਾਇਕ ਕੰਠ ਕਲੇਰ, ਪ੍ਰੋਮੋਟਰ ਸਤਨਾਮ ਸਰੋਆ, ਗੋਪਾਲ ਲੋਹੀਆ, ਰਾਣਾ ਗਿੱਲ, ਕਸ਼ਮੀਰ ਧਾਲੀਵਾਲ, ਹਰਜਿੰਦਰ ਜੱਸਲ ਅਤੇ ਗੀਤਕਾਰ ਨਿਰਵੈਲ ਮਾਲੂਪੂਰੀ ਨੇ ਬਲਵੀਰ ਸ਼ੇਰਪੁਰੀ ਦੀ ਸਾਰੀ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਬਹੁਤ ਹੀ ਮਹੱਤਵਪੂਰਨ ਅਤੇ ਲੋੜੀਂਦਾ ਕਾਰਜ ਹੈ। ਸਾਨੂੰ ਅਜਿਹੇ ਗੀਤਾਂ ਨੂੰ ਵੱਧ ਤੋਂ ਵੱਧ ਪ੍ਰਮੋਟ ਕਰਨਾ ਚਾਹੀਦਾ ਹੈ।

# ਖੁੱਲ੍ਹੇਗੀ ਕਿਸਮਤ: ਭਾਵੇਂ ਰੈਜ਼ੀਡੈਂਟ-21 ਵੀਜ਼ਾ ਸ਼੍ਰੇਣੀ ਵਾਲਾ ਬੂਹਾ ਹੋਇਆ ਬੰਦ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਇਮੀਗ੍ਰੇਸ਼ਨ ਨਿਊਜ਼ੀਲੈਂਡ '2021 ਰੈਜ਼ੀਡੈਂਟ ਵੀਜ਼ਾ' ਸ਼੍ਰੇਣੀ ਤਹਿਤ 1 ਦਸੰਬਰ ਤੋਂ 2021 ਤੋਂ ਅਰਜ਼ੀਆਂ ਲੈਣੀਆਂ ਸ਼ੁਰੂ ਕੀਤੀਆਂ ਸਨ ਅਤੇ ਪਹਿਲਾ ਵੀਜ਼ਾ 6 ਦਸੰਬਰ ਨੂੰ ਲਾ ਕੇ ਰੈਜ਼ੀਡੈਂਟ ਵੀਜ਼ਿਆਂ ਦੀਆਂ ਮੋਹਰਾਂ ਦੀ ਸ਼ਿਆਹੀ ਭਰ ਕੇ ਸਾਹਮਣੇ ਰੱਖ ਲਈਆਂ ਸਨ। 2021 ਦੀ ਕ੍ਰਿਸਮਸ ਤੋਂ ਪਹਿਲਾਂ ਹੀ 1500 ਦੇ ਕਰੀਬ ਲੋਕਾਂ ਨੂੰ ਰੈਜ਼ੀਡੈਂਟ ਵੀਜ਼ਾ ਮਿਲ ਗਿਆ ਸੀ ਅਤੇ ਇਸ ਵਾਰ ਆ ਰਹੀ ਕ੍ਰਿਸਮਸ ਤੋਂ ਪਹਿਲਾਂ ਲਗਪਗ 1 ਲੱਖ 33 ਹਜ਼ਾਰ ਹੋਰ ਲੋਕਾਂ ਨੂੰ ਇਹ ਵੀਜ਼ਾ ਮਿਲ ਜਾਵੇਗਾ। 31 ਜੁਲਾਈ ਨੂੰ ਇਹ ਵੀਜ਼ਾ ਸ਼੍ਰੇਣੀ ਰਾਹੀਂ ਦਾਖਲ ਹੋਣ ਲਈ ਗੇੜ ਦੂਸਰੇ ਵਾਲੇ ਖੁੱਲ੍ਹੇ ਬੂਹੇ ਹੁਣ ਬੰਦ ਕਰ ਦਿੱਤੇ ਗਏ ਹਨ। 25 ਜੁਲਾਈ ਤੱਕ ਜਾਰੀ ਅੰਕੜਿਆਂ ਅਨੁਸਾਰ ਹੁਣ ਤੱਕ 104,293 ਅਰਜ਼ੀਆਂ ਪ੍ਰਾਪਤ ਕੀਤੀਆਂ ਗਈਆਂ ਹਨ ਜਿਨ੍ਹਾਂ ਦੇ ਵਿਚ 40,332 ਅਰਜ਼ੀਆਂ ਪਾਸ ਕਰ ਦਿੱਤੀਆਂ ਗਈਆਂ ਹਨ ਅਤੇ 77,678 ਤੋਂ ਵੱਧ ਲੋਕ ਰੈਜੀਡੈਂਟ




ਵੀਜ਼ਾ ਪ੍ਰਾਪਤ ਕਰ ਚੁੱਕੇ ਹਨ। ਕੁੱਲ ਪ੍ਰਾਪਤ ਅਰਜ਼ੀਆਂ ਦੇ ਵਿਚ 2,10,730 ਤੋਂ ਵੱਧ ਲੋਕ ਸ਼ਾਮਿਲ ਨੇ ਜਿਨ੍ਹਾਂ ਨੇ ਰੈਜੀਡੈਂਟ ਵੀਜ਼ੇ ਪ੍ਰਾਪਤ ਕਰਨੇ ਹਨ। 65 ਦੇ ਕਰੀਬ ਅਰਜ਼ੀਆਂ ਅਯੋਗ ਵੀ ਪਾਈਆਂ ਗਈਆਂ ਹਨ। ਇਹ ਸਾਰਾ ਕੁਝ ਇਮੀਗ੍ਰੇਸ਼ਨ ਨੇ 18 ਮਹੀਨਿਆਂ ਦੇ ਵਿਚ ਨਿਬੇੜਨਾ ਹੈ ਅਤੇ ਦਸੰਬਰ ਤੱਕ ਬਹੁਤਿਆਂ ਦੇ ਵੀਜ਼ੇ ਲੱਗ ਸਕਦੇ ਹਨ।

**ਵਿਜ਼ਟਰ ਵੀਜ਼ੇ ਖੁੱਲ੍ਹੇ:** ਕਰੋਨਾ ਬਾਅਦ ਸਰਹੱਦਾਂ ਦੇ ਬੰਦ ਸਾਰੇ ਗੇਟ ਹੁਣ ਲੱਗਪਗ ਖੱਲ੍ਹ ਗਏ ਹਨ। ਵਿਜ਼ਟਰ ਵੀਜ਼ਾ ਸ਼੍ਰੇਣੀ ਵੀ ਬੀਤੀ ਅੱਧੀ ਰਾਤ ਤੋਂ ਖੋਲ੍ਹ ਦਿੱਤੀ ਗਈ ਹੈ। 31 ਜੁਲਾਈ ਦੀ ਰਾਤ ਨੂੰ ਸੈਂਕੜੇ ਲੋਕਾਂ ਨੇ ਆਨ ਲਾਈਨ ਅਪਲਾਈ ਵੀ ਕਰ ਦਿੱਤਾ ਹੈ। ਸਪਾਂਸਰਸ਼ਿੱਪਾਂ ਤਸਦੀਕ ਕਰਵਾਉਣ ਵਾਲਿਆਂ ਦਾ ਵੀ ਜ਼ੋਰ ਰਿਹਾ। ਬਹੁਤ ਸਾਰੇ ਲੋਕ ਟ੍ਰੈਵਲ ਇੰਸ਼ੋਰੈਂਸ ਸਬੰਧੀ ਵੀ ਕੁਟੇਸ਼ਨਾਂ ਲੈਂਦੇ ਰਹੇ। ਮੈਡੀਕਲ ਇੰਸ਼ੋਰੈਂਸ ਲਈ ਸਿਫਾਰਸ਼ ਕੀਤੀ ਗਈ ਹੈ। 9 ਮਹੀਨਿਆਂ ਦੇ ਠਹਿਰਾਓ ਤੱਕ ਦਾ ਇਹ ਵੀਜ਼ਾ ਹੁਣ ਅਪਲਾਈ ਕੀਤਾ ਜਾ ਸਕਦਾ ਹੈ। ਸਪਾਂਸਰਸ਼ਿੱਪ ਫਾਰਮ 1025 ਅਪ੍ਰੈਲ-2022 ਵਾਲਾ ਭਰਿਆ ਜਾਣ ਲੱਗਿਆ ਹੈ। ਸ਼ਰਤਾਂ ਦੇ ਵਿਚ ਕਈ ਗੱਲਾਂ ਜ਼ਰੂਰੀ ਕੀਤੀਆਂ ਗਈਆਂ ਹਨ ਜਿਨ੍ਹਾਂ ਨੂੰ ਵੈਬਸਾਈਟ ਉਤੇ ਜਾ ਕੇ ਵੇਖਿਆ ਜਾ ਸਕਦਾ ਹੈ। 246 ਡਾਲਰ ਫੀਸ ਪ੍ਰਤੀ ਅਰਜ਼ੀ ਰੱਖੀ ਗਈ ਹੈ ਅਤੇ ਪਾਸਪੋਰਟ ਭੇਜਣ ਵਾਲੇ ਵਿਚੋਲੇ (iVsa Appilcaiton Centre (VAC) to recieve and handle your passport.) 1010 ਰੁਪਏ ਵੱਖਰੇ ਪ੍ਰਤੀ ਅਰਜ਼ੀ ਲੈਣਗੇ। 5 ਮਹੀਨਿਆਂ ਦਾ ਸਮਾਂ ਵੀ ਲਗ ਸਕਦਾ ਹੈ ਵੀਜ਼ਾ ਜਾਰੀ ਕਰਨ ਲਈ ਪਰ ਜਲਦੀ ਵੀ ਹੋ ਸਕਦਾ ਹੈ।

# ਪਾਕਿ ਨੇ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੀ ਫੀਸ ਮਾਫੀ ਦੀ ਬੇਨਤੀ ਠੁਕਰਾਈ

**ਇਸਲਾਮਾਬਾਦ**–ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਨੂੰ ਲੈ ਕੇ ਸੰਗਤਾਂ ਤੋਂ ਵਸੂਲੀ ਜਾਣ ਫੀਸ ਦਾ ਮਾਮਲਾ ਭੱਖ ਗਿਆ ਹੈ। ਪਾਕਿਸਤਾਨ ਭਾਰਤੀਆਂ ਤੋਂ ਵਸੂਲੀ ਜਾਣ ਵਾਲੀ 20 ਅਮਰੀਕੀ ਡਾਲਰ ਦੀ ਸੇਵਾ ਫੀਸ ਨੂੰ ਮੁਆਫ ਕਰਨ ਤੋਂ ਇਨਕਾਰ ਕਰ ਰਿਹਾ ਹੈ।ਦਰਅਸਲ, ਪਾਕਿਸਤਾਨ ਸਰਕਾਰ ਪਾਕਿਸਤਾਨ ਸਥਿਤ ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਇੱਕ ਦਿਨ ਦੀ ਸੇਵਾ ਫੀਸ ਮੁਆਫ ਕਰਨ ਦੀ ਭਾਰਤ ਦੀ ਬੇਨਤੀ ਕਰ ਰਹੀ ਹੈ। 9 ਨਵੰਬਰ 2019 ਨੂੰ ਕਰਤਾਰਪੁਰ ਲਾਂਘਾ ਖੁੱਲ੍ਹਣ ਤੋਂ ਲੈ ਕੇ ਹੁਣ ਤੱਕ 1,10,670 ਤੋਂ ਵੱਧ ਸ਼ਰਧਾਲੂਆਂ ਨੇ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਵਿਖੇ ਇੰਟੈਗਰੇਟਿਡ ਚੈੱਕ ਪੋਸਟ ਤੋਂ ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਸਾਹਿਬ ਵਿਖੇ ਮੱਥਾ ਟੇਕਿਆ ਹੈ। ਪਾਕਿਸਤਾਨ ਨੇ ਆਤਮ ਸਮਰਪਣ ਕਰਨ ਲਈ ਲਗਭਗ 2213400 ਅਮ-ਰੀਕੀ ਡਾਲਰ ਇਕੱਠੇ ਕੀਤੇ ਹਨ ਜੋ ਲਗਭਗ 17।56 ਕਰੋੜ ਰੁਪਏ ਹਨ। ਵਿਦੇਸ਼ ਰਾਜ ਮੰਤਰੀ ਵੀ। ਮੁਰਲੀਧਰਨ ਨੇ ਸ਼ੁੱਕਰਵਾਰ ਨੂੰ ਲੋਕ ਸਭਾ ਵਿੱਚ ਕਿਹਾ ਕਿ 1,10,670 ਤੋਂ ਵੱਧ ਭਾਰਤੀ ਅਤੇ ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ (ਓਸੀਆਈ) ਕਾਰਡਧਾਰਕਾਂ ਨੇ ਹੁਣ ਤੱਕ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਇਸ ਦੀ ਵਰਤੋਂ ਕੀਤੀ ਹੈ।



ਸ਼੍ਰੋਮਣੀ ਅਕਾਲੀ ਦਲ (ਅ) ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਵੱਲੋਂ ਕਰਤਾਰਪੁਰ ਲਾਂਘੇ ਰਾਹੀਂ ਕਰਤਾਰਪੁਰ ਸਾਹਿਬ ਦੀ ਯਾਤਰਾ ਨੂੰ ਹਫ਼ਤੇ ਦੇ ਸੱਤੇ ਦਿਨ ਪਾ-ਸਪੋਰਟ-ਮੁਕਤ ਕਰਨ ਲਈ ਸਰਕਾਰ ਵੱਲੋਂ ਚੁੱਕੇ ਗਏ ਉਪਰਾਲਿਆਂ ਬਾਰੇ ਲੋਕ ਸਭਾ ਵਿੱਚ ਪੁੱਛੇ ਗਏ ਇੱਕ ਸਵਾਲ ਦਾ ਜਵਾਬ। 2014, ਮੰਤਰੀ ਨੇ ਜਵਾਬ ਦਿੱਤਾ ਕਿ ਦੋਵਾਂ ਦੇਸ਼ਾਂ ਨੇ 24 ਅਕਤੂਬਰ 2019 ਨੂੰ ਇੱਕ ਸਮਝੌਤੇ ‘ਤੇ ਹਸਤਾਖਰ ਕੀਤੇ ਸਨ ਜਿਸ ਦੇ ਤਹਿਤ ਭਾਰਤੀ ਨਾਗਰਿਕ, ਓਸੀਆਈ ਕਾਰਡ ਧਾਰਕ, ਸਾਲ ਭਰ ਵਿੱਚ ਰੋਜ਼ਾਨਾ ਅਧਾਰ ‘ਤੇ ਵੀਜ਼ਾ ਮੁਕਤ ਸਰਹੱਦ ਪਾਰ ਕਰ ਸਕਦੇ ਹਨ।

ਮੰਤਰੀ ਨੇ ਦੱਸਿਆ ਕਿ ਹਾਲਾਂਕਿ, ਭਾਰਤ ਅਤੇ ਪਾਕਿਸਤਾਨ ਵਿਚਾਲੇ ਹੋਏ ਦੁਵੱਲੇ ਸਮਝੌਤੇ ‘ਚ ਕਿਹਾ ਗਿਆ ਹੈ ਕਿ ਸ਼ਰਧਾਲੂ ਵੈਧ ਪਾਸਪੋਰਟ ‘ਤੇ ਯਾਤਰਾ ਕਰਨਗੇ।ਹਰਸਿਮਰਤ ਕੌਰ ਨੇ ਇਹ ਸਵਾਲ ਵੀ ਉਠਾਇਆ ਕਿ ਕੀ ਸਰਕਾਰ ਇਸ ਗੱਲ ਤੋਂ ਜਾਣੂ ਸੀ ਕਿ ਪਾਕਿਸਤਾਨ ਜਾਣਾ ਅਮਰੀਕਾ ਆਦਿ ਦੇਸ਼ਾਂ ਲਈ ਵੀਜ਼ਾ ਅਯੋਗ ਮੰਨਿਆ ਜਾਂਦਾ ਹੈ।ਮਦਨ ਲਾਲ ਨੇ ਕਿਹਾ ਕਿ ਖੁੱਲ੍ਹੇ ਦਰਸ਼ਨ (ਮੁਫਤ ਪਹੁੰਚ) ਤੋਂ ਇਲਾਵਾ, ਕਰਤਾਰਪੁਰ ਲਾਂਘੇ ਦਾ ਇੱਕ ਉਦੇਸ਼ ਪਾਕਿਸਤਾਨ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਬਿਨਾਂ ਕਿਸੇ ਫੀਸ ਆਦਿ ਦੇ ਘੱਟ ਸਹੂਲਤ ਪ੍ਰਦਾਨ ਕਰਨਾ ਸੀ, ਪਰ ਅਜਿਹਾ ਨਹੀਂ ਹੋ ਰਿਹਾ, ਮਦਨ ਲਾਲ ਨੇ ਕਿਹਾ।

ਦੱਸ ਦਈਏ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 9 ਨਵੰਬਰ, 2019 ਨੂੰ ਆਈਸੀਪੀ ਡੇਰਾ ਬਾਬਾ ਨਾਨਕ ਦਾ ਉ-ਦਘਾਟਨ ਕੀਤਾ ਸੀ ਅਤੇ ਨਵੇਂ ਬਣੇ ਕਰਤਾਰਪੁਰ ਲਾਂਘੇ ਰਾਹੀਂ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੇ ਪਹਿਲੇ ਜਥੇ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਸੀ, ਜਦੋਂ ਕਿ ਦੂਜੇ ਜੱਥਾ ਸਰਹੱਦ ਦੇ ਪਾਕਿਸਤਾਨ ਵਾਲੇ ਪਾਸੇ ਸੀ। ਕਰਤਾਰਪੁਰ ਲਾਂਘੇ ਦਾ ਉਦਘਾਟਨ ਪਾਕਿਸਤਾਨ ਦੇ ਤਤਕਾਲੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕੀਤਾ ਸੀ।

# ਸ਼੍ਰੋਮਣੀ ਕਮੇਟੀ ਚੋਣਾਂ ਦੀਆਂ ਸਰਗਰਮੀਆਂ ਤੇਜ਼, ਗੁਰਦੁਆਰਾ ਚੋਣ ਕਮਿਸ਼ਨਰ ਨੂੰ ਚੰਡੀਗੜ੍ਹ ਦਫ਼ਤਰ ਅਲਾਟ

**ਜਲੰਧਰ (ਜੇ ਸਿੰਘ ‘ਭਡਿਆਰ’)**– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਰਤ ’ਚ ਸਿੱਖਾਂ ਦੇ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਅਤੇ ਦੇਖਭਾਲ ਕਰਨ ਵਾਲੀ ਇਕ ਸੰਸਥਾ ਹੈ, ਜੋ 101 ਸਾਲ ਤੋਂ ਵੱਧ ਪੁਰਾਣੀ ਹੈ। ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ’ਚ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਗੁਰਦੁਆਰਾ ਕਮੇਟੀ ਜ਼ਿੰਮੇਵਾਰ ਹੈ। ਅੰਮ੍ਰਿਤਸਰ ਸਥਿਤ ਸ੍ਰੀ ਹਰਿਮੰਦਰ ਸਾਹਿਬ ਨੂੰ ਸ਼੍ਰੋਮਣੀ ਕਮੇਟੀ ਸੰਚਾਲਿਤ ਕਰਦੀ ਹੈ। ਕਮੇਟੀ ਗੁਰਦੁਆਰਿਆਂ ਦੀ ਸੁਰੱਖਿਆ, ਵਿੱਤੀ ਸਹੂਲਤਾਂ, ਸੇਵਾ ਸੰਭਾਲ ਅਤੇ ਧਾਰਮਿਕ ਪਹਿਲੂਆਂ ਦਾ ਪ੍ਰਬੰਧ ਕਰਦੀ ਹੈ। ਆਜ਼ਾਦ ਭਾਰਤ ਦੇ ਇਤਿਹਾਸ ’ਚ ਹੁਣ ਤੱਕ ਅਤੇ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਇਕ ਵਾਰ ਵੀ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਸਮੇਂ ਸਿਰ ਨਹੀਂ ਹੋਈਆਂ। ਬਰਤਾਨਵੀ ਰਾਜ ’ਚ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦਾ ਕਾਰਜਕਾਲ ਤਿੰਨ ਸਾਲ ਦਾ ਹੁੰਦਾ ਸੀ। ਚੋਣਾਂ ਸਮੇਂ ਸਿਰ ਕਰਵਾਈਆਂ ਜਾਂਦੀਆਂ ਸਨ ਪਰ ਬਾਅਦ ’ਚ ਚੋਣਾਂ ਵਿਚ ਰੁਕਾਵਟਾਂ ਆਈਆਂ। ਬ੍ਰਿਟਿਸ਼ ਰਾਜ ਦੌਰਾਨ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ 21 ਸਾਲਾਂ ’ਚ ਸੱਤ ਵਾਰ ਹੋਈਆਂ ਪਰ ਆਜ਼ਾਦ ਭਾਰਤ ਦੇ 75 ਸਾਲਾਂ ਦੇ ਇਤਿਹਾਸ ’ਚ ਇਹ ਚੋਣਾਂ ਸਿਰਫ਼ ਪੰਜ ਵਾਰ ਹੀ ਹੋਈਆਂ ਹਨ।

ਲੰਬੇ ਸਮੇਂ ਤੋਂ ਲਟਕ ਰਹੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਹਲਚਲ ਸ਼ੁਰੂ ਹੋ ਗਈ ਹੈ। ਗੁਰਦੁਆਰਾ ਚੋਣ ਕਮਿਸ਼ਨਰ ਸੁਰਿੰਦਰ ਸਿੰਘ ਸਾਰੋਂ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਸੈਕਟਰ-17 ਵਿੱਚ ਦਫ਼ਤਰ ਅਲਾਟ ਕੀਤਾ ਗਿਆ ਹੈ।

ਇਸ ਦੇ ਨਾਲ ਹੀ ਕੇਂਦਰ ਤੋਂ ਲੈ ਕੇ ਪੰਜਾਬ ਸਰਕਾਰ ਤਕ ਸ਼੍ਰੋਮਣੀ ਕਮੇਟੀ ਚੋਣਾਂ ਨੂੰ ਲੈ ਕੇ ਸਰਗਰਮ ਨਜ਼ਰ ਆ ਰਹੀ ਹੈ। ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਇਸ ਵਾਰ ਦੋ ਵੱਡੇ ਬਦਲਾਅ ਦੇਖਣ ਨੂੰ ਮਿਲ ਸਕਦੇ ਹਨ। ਇਕ ਤਾਂ ਵੋਟਰ ਦੀ ਉਮਰ ਘਟਾ ਕੇ 18 ਸਾਲ ਕਰ ਦਿੱਤੀ ਜਾਵੇਗੀ ਅਤੇ ਦੂਜਾ, ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰ ਚੋਣ ਨਹੀਂ ਲੜ ਸਕਣਗੇ। ਗੁਰਦੁਆਰਾ ਚੋਣ ਕਮਿਸ਼ਨਰ ਸੇਵਾਮੁਕਤ ਜਸਟਿਸ ਐੱਸਐੱਸ ਸਾਰੋਂ ਨੇ ਦੱਸਿਆ ਕਿ ਆਮ ਚੋਣਾਂ ਵਿੱਚ ਵੋਟ ਪਾਉਣ ਲਈ ਵੋਟਰ ਦੀ ਉਮਰ 18 ਸਾਲ ਹੈ ਪਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਵੋਟਰ ਦੀ ਉਮਰ 21 ਸਾਲ ਹੈ। ਵੋਟਰ ਦੀ ਉਮਰ ਵਧਾ ਕੇ 18 ਸਾਲ ਕਰਨ ਲਈ ਕੇਂਦਰ ਸਰਕਾਰ ਨੂੰ ਲਿਖਿਆ ਜਾਵੇਗਾ, ਕਿਉਂਕਿ ਇਸ ਨਾਲ ਦੇਸ਼ ਭਰ ਵਿੱਚ ਆਮ ਵੋਟਿੰਗ ਦੀ ਉਮਰ ਹੋ ਜਾਵੇਗੀ।




ਇਸ ਦੇ ਨਾਲ ਹੀ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਨ ਤੋਂ ਵੀ ਰੋਕਿਆ ਜਾਵੇਗਾ। ਇਸ ਲਈ ਉਮੀਦਵਾਰ ਤੋਂ ਉਸਦੇ ਅਪਰਾਧਿਕ ਰਿਕਾਰਡ ਦਾ ਵੇਰਵਾ ਲਿਆ ਜਾਵੇਗਾ। ਜਿਵੇਂ ਆਮ ਚੋਣਾਂ ਵਿੱਚ ਹੋ ਰਿਹਾ ਹੈ। ਹਾਲਾਂਕਿ ਇਨ੍ਹਾਂ ਦੋਵਾਂ ਤਬਦੀਲੀਆਂ ਨੂੰ ਕੇਂਦਰ ਸਰਕਾਰ ਵੱਲੋਂ ਮਨਜ਼ੂਰੀ ਮਿਲਣੀ ਬਾਕੀ ਹੈ।

ਦੱਸ ਦੇਈਏ ਕਿ ਸ਼੍ਰੋਮਣੀ ਕਮੇਟੀ ਲਈ 170 ਮੈਂਬਰ ਚੁਣੇ ਜਾਂਦੇ ਹਨ, ਜੋ ਲੰਬੇ ਸਮੇਂ ਤੋਂ ਪੈਂਡਿੰਗ ਹਨ। ਇਨ੍ਹਾਂ ਵਿੱਚੋਂ 110 ਸੀਟਾਂ ਪੰਜਾਬ ਵਿੱਚ ਅਤੇ 8 ਸੀਟਾਂ ਹਰਿਆਣਾ ਵਿੱਚ ਹਨ, ਜਦੋਂ ਕਿ 1-1 ਸੀਟ ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਵਿੱਚ ਹੈ। ਹਾਲਾਂਕਿ ਇਸ ਵਿੱਚ ਇੱਕ ਪੇਚ ਇਹ ਵੀ ਹੈ ਕਿ ਹ-ਰਆਣਾ ਨੇ ਆਪਣੀ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਲਈ ਹੈ। ਹਾਲਾਂਕਿ ਇਹ ਮਾਮਲਾ ਹਾਈ ਕੋਰਟ ਵਿੱਚ ਵਿਚਾਰ ਅਧੀਨ ਹੈ। ਸ਼੍ਰੋਮਣੀ ਕਮੇਟੀ ਚੋਣਾਂ ਭਾਵੇਂ ਧਾਰਮਿਕ ਚੋਣਾਂ ਹੋਣ ਪਰ ਸਾਰੀਆਂ ਸਿਆਸੀ ਪਾਰਟੀਆਂ ਦੀਆਂ ਨਜ਼ਰਾਂ ਇਸ 'ਤੇ ਟਿਕੀਆਂ ਹੋਈਆਂ ਹਨ। ਚੋਣਾਂ ਨੂੰ ਲੈ ਕੇ ਲੰਬੇ ਸਮੇਂ ਤੋਂ ਵਿਵਾਦ ਚੱਲ ਰਿਹਾ ਹੈ। 2021 ਵਿੱਚ, ਕੇਂਦਰ ਸਰਕਾਰ ਨੇ ਹਾਈ ਕੋਰਟ ਦੇ ਸਾਬਕਾ ਸੇਵਾਮੁਕਤ ਜਸਟਿਸ ਨੂੰ ਗੁਰਦੁਆਰਾ ਚੋਣਾਂ ਦਾ ਮੁੱਖ ਕਮਿਸ਼ਨਰ ਨਿਯੁਕਤ ਕੀਤਾ।

SKY TRANSPORT SOLUTIONS
STRIVE FOR MORE



ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਹੱਕਾਂ ਦੀ ਆਵਾਜ਼-ਪਟੀਸ਼ਨ ਤੋਂ ਪਾਰਲੀਮੈਂਟ ਤੱਕ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਮਾਈਗ੍ਰਾਂਟ ਯੂਨਾਈਟਿਡ ਕੌਂਸਿਲ ਦੇ ਬਾਨੀ ਸ੍ਰੀ ਰਾਜੀਵ ਬਾਜਵਾ ਨੇ ਫਰਵਰੀ ਮਹੀਨੇ ਇਕ ਜਨਤਕ ਪਟੀਸ਼ਨ ਪਾ ਕੇ ਲੋਕਾਂ ਦੇ ਦਸਤਖਤਾਂ ਦੀ ਮੰਗ ਕਰਕੇ ਸਰਕਾਰ ਸਾਹਮਣੇ ਇਹ ਗੱਲ ਰੱਖੀ ਸੀ ਕਿ ਜਿਹੜੇ ਲੋਕ ਕਰੋਨਾ ਕਾਲ ਦੌਰਾਨ ਦੇਸ਼ ਦੀਆਂ ਸਰਹੱਦਾਂ ਬੰਦ ਹੋਣ ਕਾਰਨ ਬਾਹਰ ਫਸ ਕੇ ਰਹਿ ਗਏ ਸਨ ਅਤੇ ਉਨ੍ਹਾਂ ਦੇ ਵੀਜਿਆਂ ਦੀ ਮਿਆਦ ਸ਼ਰਤਾਂ ਕਾਰਨ ਪੁੱਗ ਗਈ ਸੀ, ਦੇ ਵੀਜ਼ਿਆਂ ਨੂੰ ਆਪਣੇ ਆਪ ਵੈਧ ਮੰਨਿਆ ਜਾਣਾ ਚਾਹੀਦਾ ਹੈ। ਕਾਨੂੰਨੀ ਮੱਦਾਂ ਦੇ ਅਧਾਰਿਤ ਇਸ ਪਟੀਸ਼ਨ ਨੂੰ ਵਧੀਆ ਹੁੰਗਾਰਾ ਮਿਲਿਆ ਅਤੇ ਹੁਣ ਇਹ ਪਟੀਸ਼ਨ



ਰੋਟੋਰੂਆ ਦੇ ਸਾਂਸਦ ਤੇ ਸਿਲੈਕਟ ਕਮੇਟੀ ਮੈਂਬਰ ਵਿਦੇਸ਼ੀ ਮਾਮਲੇ, ਡਿਫੈਂਸ ਅਤੇ ਟ੍ਰੇਡ ਸ੍ਰੀ ਟੌਡ ਮੈਕਲੇ ਦੇ ਰਾਹੀਂ ਸੰਸਦ ਤੱਕ ਪੁੱਜਦੀ ਕੀਤੀ ਗਈ। ਪਟੀਸ਼ਨ ਤੋਂ ਬਾਅਦ ਇਹ ਪਾਰਲੀਮੈਂਟ ਤੱਕ ਪਹੁੰਚ ਹੋ ਜਾਏ ਤਾਂ ਗੱਲ ਕਿਸੇ ਰਾਹ ਲਗ ਸਕਦੀ ਹੈ। ਇਸ ਪਟੀਸ਼ਨ ਦੇ ਸਮਰਥਨ ਵਿਚ ਟਾਪੂ ਦੀ ਸਾਂਸਦ ਮੈਡਮ ਲੂਈਸ ਅਪਸਟਨ, ਸ। ਕੰਵਲਜੀਤ ਸਿੰਘ ਬਖਸ਼ੀ (ਸਾਬਕਾ ਸਾਂਸਦ), ਵਲਿੰਗਟਨ ਤੋਂ ਸ।ਪਰਮਜੀਤ ਸਿੰਘ ਅਤੇ ਸ੍ਰੀ ਅਤੇ ਸ੍ਰੀਮਤੀ ਵੇਨੂ ਆਦਿ ਵੀ ਪਾਰਲੀਮੈਂਟ ਦੇ ਵਿਚ ਅੱਜ ਪਹੁੰਚੇ। ਹਮਿਲਟਨ ਵੈਸਟ ਤੋਂ ਲੇਬਰ ਸਾਂਸਦ ਡਾ। ਗੌਰਵ ਸ਼ਰਮਾ ਨੇ ਵੀ ਇਸ ਪਟੀਸ਼ਨ ਦੇ ਹੱਕ ਵਿਚ ਭੁਗਤਣ ਦਾ ਵਾਅਦਾ ਕੀਤਾ ਤੇ ਆਸ ਪ੍ਰਗਟ ਕੀਤੀ ਕਿ ਇਮੀਗ੍ਰੇਸ਼ਨ ਮੰਤਰੀ ਮਾਣਯੋਗ ਮਾਈਕਲ ਵੁੱਡ ਕੋਈ ਚੰਗਾ ਫੈਸਲਾ ਲੈਣਗੇ। ਸੋ ਹੱਕਾਂ ਦੀ ਆਵਾਜ਼ ਪਾਰਲੀਮੈਂਟ ਤੱਕ ਪਹੁੰਚਾਉਣ ਵੀ ਆਪਣੇ ਆਪ ਵਿਚ ਇਕ ਪ੍ਰਾਪਤੀ ਹੈ ਅਤੇ ਇਸ ਉਤੇ ਜੇਕਰ ਗੰਭੀਰਤਾ ਨਾਲ ਵਿਚਾਰ ਹੋ ਜਾਂਦੀ ਹੈ ਤਾਂ ਸਕਾਰਾਤਮਿਕ ਨਤੀਜਾ ਆ ਸਕਦਾ ਹੈ। ਵਰਨਣਯੋਗ ਹੈ ਕਿ ਬਹੁਤ ਸਾਰੇ ਭਾਰਤੀ ਲੋਕ ਕਰੋਨਾ ਕਾਲ ਦੌਰਾਨ ਭਾਰਤ ਖਾਸ ਕਰ ਪੰਜਾਬ ਦੇ ਵਿਚ ਫਸ ਕੇ ਰਹਿ ਗਏ ਸਨ, ਉਨ੍ਹਾਂ ਦਾ ਇਥੇ ਸਾਮਾਨ ਪਿਆ ਹੈ, ਕਾਗਜ਼ਾਤ ਰਹਿ ਗਏ ਹਨ, ਗੱਡੀਆਂ ਰਹਿ ਗਈਆਂ ਅਤੇ ਹੋਰ ਕਾਫੀ ਕੁਝ ਜੋ ਇਥੇ ਰਹਿਣ ਵਾਸਤੇ ਬਣਾਇਆ ਗਿਆ ਸੀ, ਉਹ ਰਹਿ ਗਿਆ ਹੈ। ਬਹੁਤ ਸਾਰੇ ਵਰਕ ਪਰਮਿਟ ਵਾਲੇ ਸਨ। ਇਨ੍ਹਾਂ ਲੋਕਾਂ ਨੇ ਚੰਡੀਗੜ, ਦਿੱਲੀ ਸਥਿਤ ਨਿਊਜ਼ੀਲੈਂਡ ਹਾਈ ਕਮਿਸ਼ਨ ਦੇ ਬਾਹਰ ਵੀ ਰੋਸ ਪ੍ਰਦਰਸ਼ਨ ਕੀਤਾ, ਪਰ ਸਰਕਾਰ ਟੱਸ ਤੋਂ ਮਸ ਨਹੀਂ ਹੋਈ, ਜਿਸ ਕਰਕੇ ਉਨ੍ਹਾਂ ਦੇ ਮਨਾਂ ਵਿਚ ਮਣਾਂ ਮੂੰਹੀ ਰੋਸ ਚੱਲ ਰਿਹਾ ਹੈ, ਕਿਉਂਕਿ ਵੀਜ਼ੇ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਦਾਖਲ ਨਹੀਂ ਹੋਣ

# ਪੰਜਾਬੀ ਡਿਵੈਲਪਰਾਂ ਤੇ ਬੋਰਡ ਮੈਂਬਰ ਡਾ ਅਸ਼ਰਫ ਚੌਧਰੀ ਨੇ ਗਲੀ ਦਾ ਨਾਂਅ ਰੱਖਵਾ ਦਿੱਤਾ 'ਵਾਹਿਗੁਰੂ ਲੇਨ'

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਨਿਊਜ਼ੀਲੈਂਡ ਦੇ ਰਾਸ਼ਟਰੀ ਗੀਤ ਵਾਲੀ ਕਵਿਤਾ 'ਗੌਡ ਡਿਫੈਂਡ ਨਿਊਜ਼ੀਲੈਂਡ' ਇਕ ਇਰਸ਼ ਜਨਮੇ ਕਵੀ ਥੌਮਸ ਬ੍ਰੈਕੇਨ ਨੇ 1870 ਵਿਚ ਲਿਖੀ ਸੀ ਅਤੇ 1876 ਦੇ ਵਿਚ ਇਸ ਦੀ ਸੰਗੀਤਮਈ ਤਰਜ਼ ਮੈਲਬੌਰਨ ਦੇ ਤਿੰਨ ਸੰਗੀਤਕਾਰਾਂ ਨੇ ਬਣਾਈ ਸੀ ਅਤੇ ਵੱਡਾ ਇਨਾਮ ਜਿੱਤਿਆ ਸੀ। ਇਸ ਦੇਸ਼ ਦਾ ਈਸ਼ਵਰ ਦੇ ਵਿਚ ਵਿਸ਼ਵਾਸ਼ ਰੱਖਣਾ ਹੀ ਇਸ ਕਵਿਤਾ ਨੂੰ ਰਾਸ਼ਟਰੀ ਗੀਤ ਵਜੋਂ ਮਾਨਤਾ ਦੇ ਗਿਆ। ਅੱਜ ਨਿਊਜ਼ੀਲੈਂਡ ਬਹੁ-ਕੌਮੀ ਦੇਸ਼ ਹੈ ਅਤੇ ਇਥੇ ਬਾਕੀ ਭਾਈਚਾਰੇ ਦੇ ਨਾਲ-ਨਾਲ ਸਿੱਖਾਂ ਦੀ ਆਬਾਦੀ ਵੀ ਕਾਫੀ ਹੈ। 2018 ਦੀ ਜਨਗਣਨਾ ਅਨੁਸਾਰ 40,908 ਸਿੱਖ ਸਨ, ਪਰ ਹੁਣ ਗਿਣਤੀ ਕਿਤੇ ਵੱਧ ਹੈ। 30 ਤੋਂ ਵੱਧ ਗੁਰਦੁਆਰਾ ਸਾਹਿਬ ਵੱਖ-ਵੱਖ ਥਾਵਾਂ ਉਤੇ ਸਥਾਪਿਤ ਹਨ ਅਤੇ ਜਿੱਥੇ 'ਵਾਹਿਗੁਰੂ' ਦਾ ਨਾਮ ਸਵੇਰੇ ਸ਼ਾਮ ਜਪਿਆ ਜਾਂਦਾ ਹੈ । 'ਵਾਹਿਗੁਰੂ' ਸ਼ਬਦ ਸਿੱਖ ਧਰਮ ਦਾ ਅਹਿਮ ਸ਼ਬਦ ਹੈ। ਔਕਲੈਂਡ ਵਿਖੇ ਘਰ ਵਿਕਸਤ ਕਰਨ ਵਾਲੀ ਵਾਲੀ ਪੰਜਾਬੀਆਂ ਦੀ ਇਕ ਕੰਪਨੀ 'ਸ਼ਨਸ਼ਾਈਨ ਹੋਮਜ਼ ਲਿਮਟਿਡ' ਵਾਲਿਆਂ ਨੇ ਜਦੋਂ ਔਕਲੈਂਡ ਦੇ ਮਹ-ਤਵਪੂਰਨ ਸ਼ਹਿਰ ਮੈਨੁਕਾਓ ਲਾਗੇ ਰੀਡਾਊਟ ਰੋਡ ਉਤੇ ਤਿੰਨ ਵੱਡੇ ਪਲਾਟ ਲੈ ਕੇ 19 ਨਵੇਂ ਘਰ ਬਨਾਉਣੇ ਸੀ ਤਾਂ ਉਨ੍ਹਾਂ ਉਥੇ ਬਣਨ ਵਾਲੀ ਨਵੀਂ ਗਲੀ ਦਾ ਨਾਂਅ ਰੱਖਣ ਲਈ ਤਿੰਨ ਨਾਂਅ ਪੇਸ਼ ਕੀਤੇ ਸੀ, ਜਿਹੜੇ ਕਿਤੇ ਨਾ ਕਿਤੇ ਜਾ ਕੇ ਉਸ ਇਕ ਵਾਹਿਗੁਰੂ ਦੀ ਯਾਦ ਦਿਵਾਉਂਦੇ ਸਨ ਅਤੇ ਸੁਨੇਹਾ ਛੱਡਦੇ ਸਨ ਕਿ ਪ੍ਰਮਾਤਮਾ ਇਕ ਹੈ। ਨਵੰਬਰ 2021 ਦੇ ਵਿਚ ਨਾਂਅ ਰੱਖਣ ਦੀ ਕੌਂਸਿਲ ਦੇ ਨਾਲ ਗੱਲ ਚੱਲੀ ਸੀ।

ਵਰਨਣਯੋਗ ਹੈ ਕਿ ਨਵੀਂਆਂ ਗਲੀਆਂ ਅਤੇ ਬਣ ਰਹੀਆਂ ਸੜਕਾਂ ਨੂੰ ਨਾਂਅ ਦੇਣ ਦਾ ਅਧਿਕਾਰ ਸਥਾਨਕ ਕੌਂਸਲ ਕੋਲ ਹੁੰਦਾ ਹੈ ਤੇ ਸਥਾਨਕ ਲੋਕਲ ਬੋਰਡ ਮੁੱਖ ਭੂਮਿਕਾ ਅਦਾ ਕਰਦੇ ਹਨ। ਆਕਲੈਂਡ ਵਿੱਚ 21 ਲੋਕਲ ਬੋਰਡ ਹਨ, ਅਤੇ ਉਹਨਾਂ ਨੂੰ ਅਜਿਹੀਆਂ ਨਵੀਆਂ ਸੜਕਾਂ ਅਤੇ ਗਲੀ ਦੇ ਨਾਮ ਨੂੰ ਮਨਜ਼ੂਰੀ ਦੇਣ ਦਾ ਅੰਤਮ ਅਧਿਕਾਰ ਦਿੱਤਾ ਗਿਆ ਹੈ। ਪਾਕਿਸਤਾਨੀ ਮੂਲ ਦੇ ਪੰਜਾਬੀ ਅਤੇ ਸਾਬਕਾ ਸਾਂਸਦ ਡਾ: ਅਸ਼ਰਫ਼ ਚੌਧਰੀ, ਜੋ ਓਟਾਰਾ-ਪਾਪਾਟੋਏਟੋਏ ਦੇ ਲੋਕਲ ਬੋਰਡ ਮੈਂਬਰ ਹਨ, ਨੇ ਇਸ ਗਲੀ ਦਾ ਨਾਂਅ ਮੰਜ਼ੂਰ ਕਰਾਉਣ ਦੇ ਵਿਚ ਅਹਿਮ ਭੂਮਿਕਾ ਨਿਭਾਈ ਅਤੇ ਮੰਜ਼ੂਰੀ ਦਿਵਾਈ। ਇਸ ਗਲੀ ਦੇ ਵਿਚ ਬਣੇ ਨਵੇਂ 19 ਘਰ ਹੁਣ 'ਹਾਊਸਿੰਗ ਨਿਊਜ਼ੀਲੈਂਡ' ਦੇ ਕੋਲ ਹਨ ਅਤੇ ਉਥੇ ਵੱਖ-ਵੱਖ ਕੌਮਾਂ ਦੇ ਲੋਕ ਰਹਿੰਦੇ ਹਨ।

ਇਹ ਇੱਕ ਮਾਣ ਵਾਲੀ ਗੱਲ ਹੈ ਕਿ ਲੋਕਲ ਬੋਰਡ ਵਿੱਚ ਡਾ। ਅਸ਼ਰਫ਼ ਚੌਧਰੀ ਨੇ ਪਿਛਲੇ ਦੋ ਕਾਰ-ਜਕਾਲਾਂ ਦੌਰਾਨ ਪਾਪਾਟੋਏਟੋਏ ਵਿੱਚ ਨਵੀਆਂ ਗਲੀਆਂ/ਸੜਕਾਂ ਲਈ ਘੱਟੋ-ਘੱਟ ਅੱਧੀ ਦਰਜਨ ਭਾਰਤੀ ਮੂਲ ਦੇ ਨਾਵਾਂ ਨੂੰ ਮਨਜ਼ੂਰੀ ਦਿਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਨ੍ਹਾਂ ਵਿੱਚ ਦੀਵਾਨ ਲੇਨ, ਸ਼ਾਹਕੋਟ ਵੇਅ ਅਤੇ ਦੀਪਕ ਲੇਨ ਵਰਗੇ ਨਾਂਅ ਸ਼ਾਮਲ ਹਨ। ਸਭ ਤੋਂ ਤਾਜ਼ਾ ਉਦਾਹਰਣ ਰੀਡਾਊਟ ਰੋਡ ਤੋਂ ਮੁੜਦੀ ਨਵੀਂ ਗਲੀ ਦਾ ਨਾਂਅ 'ਵਾਹਿਗੁਰੂ ਲੇਨ' ਰਖਵਾਉਣ ਦੀ ਹੈ।



ਡਾ: ਅਸ਼ਰਫ਼ ਚੌਧਰੀ

ਡਾ: ਚੌਧਰੀ ਦਾ ਕਹਿਣਾ ਹੈ ਕਿ ਇਹ ਬਹੁਤ ਮਹੱਤਵਪੂਰਨ ਹੈ ਕਿ ਇਹ ਨਵੀਆਂ ਗਲੀਆਂ ਅਤੇ ਉਪਨਗਰ ਸਾਡੇ ਭਾਈਚਾਰੇ ਦੀ ਵਿਆਪਕ ਜਨਸੰਖਿਆ ਦੀਆਂ ਇੱਛਾਵਾਂ ਨੂੰ ਦਰਸਾਉਂਦੀਆਂ ਹੋਣੀਆਂ ਚਾਹੀਦੀਆਂ ਹਨ। ਬਿਲਡਿੰਗ ਉਦਯੋਗ ਵਿੱਚ ਹੁਣ ਏਸ਼ੀਆਈ ਪਿਛੋਕੜ ਵਾਲੇ ਬਹੁਤ ਸਾਰੇ ਮਾਹਿਰ ਲੋਕ ਸ਼ਾਮਿਲ ਹਨ ਉਹਨਾਂ ਨੂੰ ਇਸ ਗੱਲ 'ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਨਿਊਜ਼ੀਲੈਂਡ ਵਿੱਚ ਉਹਨਾਂ ਦੀ ਵਿਰਾਸਤ ਅਤੇ ਯੋਗਦਾਨ ਨੂੰ ਦਰਸਾਉਣ ਅਤੇ ਮਨਾਉਣ ਲਈ ਨਵੀਆਂ ਗਲੀਆਂ ਅਤੇ ਉਪਨਗਰਾਂ ਦੇ ਨਾਮ ਰੱਖੇ ਜਾਣ। ਇਸ ਲਈ, ਮੈਂ ਪ੍ਰਸਤਾਵਿਤ ਕਰਦਾ ਹਾਂ ਕਿ ਜਦੋਂ ਕੋਈ ਨਵਾਂ ਵਿਕਾਸ ਕੀਤਾ ਜਾਵੇ, ਤਾਂ ਅਜਿਹੀ ਮਾਨਤਾ ਲਈ ਆਪਣੇ ਲੋਕਲ ਬੋਰਡ ਨੂੰ ਜਰੂਰ ਪੁੱਛੋ। 'ਵਾਹਿਗੁਰੂ ਲੇਨ' ਨਾਂਅ ਰੱਖਣ ਉਤੇ ਉਨ੍ਹਾਂ ਪੰਜਾਬੀ ਨੌਜਵਾਨਾਂ ਤੇ ਕਮਿਊਨਿਟੀ ਨੂੰ ਵਧਾਈ ਦਿਤੀ ਹੈ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834

# ਮੋਰਚਾ ਗੁਰੂ ਕਾ ਬਾਗ- 8 ਅਗਸਤ 1922



ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਹਮੇਸ਼ਾ ਚਰਚਾ ਦੇ ਵਿਸ਼ੇ ਰਹੇ ਹਨ, ਜਿਸਨੇ ਸਦਾ ਹੀ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ। ਸਿੱਖ ਧਰਮ ਮੂਲ ਰੂਪ ਵਿਚ ਇਕ ਸਮਾਜ ਸੁਧਾਰ ਲਹਿਰ ਹੈ। ਇਕ ਮਾਨਵਵਾਦੀ ਧਰਮ ਹੈ। ਮੁਗਲਾਂ ਦੇ ਜ਼ੁਲਮਾਂ ਦਾ ਟਾਕਰਾ ਕਰਦੇ, ਮਨੁੱਖੀ ਕਦਰਾਂ ਕੀਮਤਾਂ, ਹੱਕ-ਸੱਚ, ਨਿਆਂ ਸਵੈਮਾਣ ਅਤੇ ਸਵੈ ਰੱਖਿਆ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ ਲਈ ਫੌਜੀ ਖਾਲਸਾ ਤਿਆਰ ਹੋਇਆ। ਜਿਸਨੇ ਹਮੇਸ਼ਾ ਜ਼ੁਲਮ ਸਹਿੰਦੇ ਵੀ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਅਖੀਰ ਆਪਣਾ ਖਾਲਸਾ ਰਾਜ ਸਥਾਪਤ ਕੀਤਾ। ਅੰਗਰੇਜ਼ੀ ਹਕੂਮਤ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾ ਕੇ ਸਿੱਖੀ ਨੂੰ ਢਾਅ ਲਾਉਣ ਦੀ ਸਾਜ਼ਿਸ਼ ਰਚ ਲਈ, ਜਿਸ ਵਿਚ ਮਹੰਤਾਂ ਨੂੰ ਆਪਣੇ ਨਾਲ ਰਲਾ ਲਿਆ। ਗੁਰਦੁਆਰਿਆਂ ਤੇ ਮਹੰਤਾਂ ਦਾ ਕਬਜ਼ਾ ਕਰਵਾ ਲਿਆ, ਜਿਹਨਾਂ ਨੇ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਕੇ ਅਯਾਸ਼ੀ ਦੇ ਅੱਡੇ ਬਣਾ ਲਏ। ਪਾਵਨ ਇਤਿਹਾਸਕ ਗੁਰਧਾਮਾਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਵਿਚ ਆਜ਼ਾਦ ਕਰਵਾਉਣ ਲਈ ਚੱਲੀ ਗੁਰਦੁਆਰਾ ਸੁਧਾਰ ਲਹਿਰ ਹੇਠ ਇਕ ਤੋਂ ਬਾਅਦ ਇਕ ਮੋਰਚਾ ਅੰਗਰੇਜ਼ੀ ਹਕੂਮਤ ਵਿਰੁੱਧ ਲਾਉਣਾ ਪਿਆ। ਫਿਰ ਭਾਵੇਂ ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ, ਤਰਨਤਾਰਨ, ਜੈਤੋਂ, ਮੋਰਚਾ ਗੁਰੂ ਕਾ ਬਾਗ ਹੋਵੇ। ਇਸ ਜਨਤਕ ਸ਼ਾਂਤਮਈ ਸੰਘਰਸ਼ ਵਿਚ ਸਿੱਖਾਂ ਨੇ ਬੜੇ ਜੋਸ਼ ਨਾਲ ਵੱਧ ਚੜ੍ਹ ਕੇ ਹਿੱਸਾ ਲਿਆ। ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਗੁਰਦੁਆਰਿਆਂ ਵਿਚੋਂ ਦੁਰਾਚਾਰੀ ਮਹੰਤਾਂ ਨੂੰ ਕੱਢ ਕੇ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਪ੍ਰਬੰਧ ਸੰਗਤਾਂ ਦੇ ਹੱਥ ਸੌਂਪਿਆ। ਇਹਨਾਂ ਸਾਰੇ ਮੋਰਚਿਆਂ ਨੇ ਅੱਗੇ ਜਾ ਕੇ ਜਨਤਕ ਅੰਦੋਲਨਾਂ ਦਾ ਰਾਹ ਖੋਲ੍ਹਿਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਇਹਨਾਂ ਮੋਰਚਿਆਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁਕੇਵਾਲੀ, ਸੰਹਿਸਰਾਂ ਆਦਿ ਦੇ ਵਿਚਕਾਰ ਸਥਿਤ ਗੁਰਦੁਆਰਾ 'ਗੁਰੂ ਕਾ ਬਾਗ' ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਹੈ। ਅੰਮ੍ਰਿਤਸਰ ਤੋਂ 13 ਕੁ ਮੀਲ ਦੀ ਦੂਰੀ ਤੇ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਗੁਰਦੁਆਰਾ ਸਥਾਪਤ ਹਨ। ਇਹਨਾਂ ਗੁਰਧਾਮਾਂ ਦੇ ਨਾਂ ਕਾਫੀ ਜ਼ਮੀਨ ਸੀ। ਮਹੰਤ ਸੁੰਦਰਦਾਸ ਦਾ ਕਬਜ਼ਾ ਸੀ, ਜੋ ਇਕ ਦੁਰਾਚਾਰੀ ਅਤੇ ਅਯਾਸ਼ੀ ਸੀ। ਉਸਨੂੰ ਅੰਗਰੇਜ਼ਾਂ ਵੱਲੋਂ ਸਿੱਖਾਂ ਦੇ ਵਿਰੁੱਧ ਵਰਤਿਆ ਜਾ ਰਿਹਾ ਸੀ। ਮਹੰਤਾਂ ਨਾਲ ਸਰਕਾਰੀ ਮਿਲੀਭੁਗਤ ਨਾਲ ਹੀ 20 ਫਰਵਰੀ 1921 ਨੂੰ ਵਾਪਰੇ ਨਨਕਾਣਾ ਸਾਹਿਬ ਦੇ ਖੂਨੀ ਸਾਕੇ ਤੋਂ ਬਾਅਦ 8 ਅਗਸਤ 1922 ਈ. ਨੂੰ ਸਾਕਾ ਗੁਰੂ ਕਾ ਬਾਗ ਵਾਪਰਿਆ। ਜੋ ਸਿੱਖ ਕੌਮ ਦੀ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਦੀ ਮੂੰਹ ਬੋਲਦੀ ਤਸਵੀਰ ਹੈ। ਇਕ ਦਿਨ ਗੁਰੂ ਕਾ ਬਾਗ ਦੀ ਜ਼ਮੀਨ ਤੋਂ ਲੰਗਰਾਂ ਦੀ ਸੇਵਾ ਵਾਸਤੇ ਬਾਲਣ ਲੈਣ ਗਏ ਪੰਜ ਸਿੰਘਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੰਘਾਂ ਨੂੰ 6 ਮਹੀਨੇ ਦੀ ਕੈਦ ਅਤੇ ਜ਼ੁਰਮਾਨਾ ਕਰ ਦਿੱਤਾ। ਇਸ ਘਟਨਾ ਦੇ ਨਾਲ ਹੀ 'ਮੋਰਚਾ ਗੁਰੂ ਕਾ ਬਾਗ' ਆਰੰਭ ਹੁੰਦਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਪੁਰਅਮਨ ਸੰਘਰਸ਼ ਕਰਨ ਲਈ, ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ। ਰੋਸ ਵਜੋਂ 5 ਸਿੰਘਾਂ ਦਾ ਜਥਾ ਗ੍ਰਿਫਤਾਰੀ ਲਈ ਭੇਜਿਆ ਜਾਣ ਲੱਗਾ। ਜਿਸਨੂੰ ਪੁਲਿਸ ਫੜ ਕੇ ਦੂਰ-ਦੁਰਾਡੇ ਛੱਡ ਆਉਂਦੀ। ਜਦੋਂ ਗ੍ਰਿਫਤਾਰੀਆਂ ਦੀ ਗਿਣਤੀ ਵਧਦੀ ਗਈ ਤਾਂ ਪੁਲਿਸ ਦੀ ਸਖ਼ਤੀ ਵੀ ਵਧਦੀ ਗਈ। ਫਿਰ 31 ਅਗਸਤ 1922 ਨੂੰ 200 ਅਕਾਲੀਆਂ ਦਾ ਜਥਾ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਭੇਜਿਆ ਗਿਆ। ਪਿੰਡ ਸੰਹਿਸਰਾ, ਘੁਕੇਵਾਲੀ, ਲਸ਼ਕਰੀ, ਨੰਗਲ, ਜਗਦੇਵ ਕਲਾਂ ਵਿਚ ਸਿੱਖਾਂ ਦੀ ਕਾਫੀ ਕੁੱਟਮਾਰ ਕੀਤੀ ਗਈ। ਭੇਜੇ ਜਾ ਰਹੇ ਜਥਿਆਂ ਦੀ ਵੀ ਕੁੱਟਮਾਰ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਬੈਠੇ ਸਿੰਘਾਂ ਨੂੰ ਕੇਸਾਂ ਤੋਂ ਧੂ ਕੇ ਬਾਹਰ ਸੁੱਟਿਆ। ਬੰਦੂਕਾਂ ਦੇ ਦਸਤੇ ਅਤੇ ਡਾਂਗਾਂ ਨਾਲ ਵੀ ਭਾਰੀ ਕੁੱਟਮਾਰ ਕੀਤੀ ਗਈ। ਮੁੱਖ ਆਗੂਆਂ ਦੀ ਗ੍ਰਿਫਤਾਰੀ ਦੇ ਵੀ ਸੰਮਨ ਜਾਰੀ ਹੋ ਗਏ। ਅੰਮ੍ਰਿਤਸਰ ਤੋਂ ਪਹਿਲਾਂ 50 ਦਾ ਜਥਾ ਫਿਰ 100 ਦਾ ਜਥਾ ਭੇਜਿਆ ਜਾਣ ਲੱਗਾ। ਰੋਜ਼ਾਨਾ ਤੁਰਨ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸਾ ਸੋਧ ਕੇ ਸ਼ਾਂਤਮਈ ਗੁਰੂ ਕਾ ਬਾਗ ਮੋਰਚੇ ਲਈ ਕੁਰਬਾਨੀਆਂ ਦੇਣ ਲੱਗੇ। ਪੁਲਿਸ ਉਹਨਾਂ ਨੂੰ ਰੋਕਦੀ ਪਰ ਉਹ ਰੱਬ ਦੇ ਭਾਣੇ ਵਿਚ ਰਹਿ ਕੇ ਜਾਪ ਕਰਦੇ ਅੱਗੇ ਵਧੀ ਜਾਂਦੇ। ਪੁਲਿਸ ਉਹਨਾਂ ਤੇ ਲਾਠੀਆਂ ਵਰਸਾਉਂਦੀ। ਇਹ ਸਾਰਾ ਤਸ਼ੱਦਦ ਤਨ 'ਤੇ ਹੰਢਾਉਂਦੇ ਹੋਏ ਫੱਟੜ ਹੋ ਕੇ ਡਿੱਗ ਜਾਂਦੇ। ਹੌਸਲਾ ਕਰਕੇ ਫਿਰ ਉੱਠਦੇ ਮਾਰ ਖਾਣ ਲਈ ਛਾਤੀਆਂ ਤਾਣ ਦਿੰਦੇ। ਪੁਲਿਸ ਨੇ ਡਾਂਗਾਂ ਨਾਲ ਹੀ ਬੱਸ ਨਹੀਂ ਕੀਤੀ ਸਗੋਂ ਫੱਟੜ ਹੋ ਕੇ ਡਿੱਗੇ ਪਏ ਸਿੰਘਾਂ ਤੇ ਘੋੜੇ ਵੀ ਦੁੜਾਏ ਜਾਣ ਲੱਗੇ।

ਸੰਸਾਰ ਭਰ ਵਿਚ ਸਿੰਘਾਂ ਦੇ ਸਬਰ ਅਤੇ ਸ਼ਾਂਤਮਈ ਵਿਰੋਧ ਦੇ ਚਰਚੇ ਹੋਣ ਲੱਗੇ। ਅੰਗਰੇਜ਼ੀ ਹਕੂਮਤ ਦੇ ਵਹਿਸ਼ੀਪੁਣੇ, ਅਣਮਨੁੱਖੀ ਤਸ਼ੱਦਦ ਦੀ ਘੋਰ ਨਿਖੇਧੀ ਹੋਣ ਲੱਗੀ। ਭਾਰੀ ਗਿਣਤੀ ਵਿਚ ਜਨਤਾ ਅਤੇ ਨੇਤਾ ਗੁਰੂ ਕ ਬਾਗ ਪਹੁੰਚਣ ਲੱਗੇ। ਜਿਹਨਾਂ ਵਿਚ ਮਦਨ ਮੋਹਨ ਮਾਲਵੀਆ, ਸੀ. ਐਫ. ਐਂਡਰਿਊਜ਼, ਜੋਗਿੰਦਰ ਸਿੰਘ, ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ, ਲਾਲਾ ਦੂਨੀ ਚੰਦ, ਮਲਕ ਲਾਲ ਖਾਨ, ਸਯਦ ਅਤਾਉਲਾ ਸ਼ਾਹ, ਪ੍ਰੋ. ਰੁੱਚੀ ਰਾਮ ਸਾਹਲੀ, ਹਕੀਮ ਅਜਮਲ ਖਾਂ, ਸਵਾਮੀ ਸ਼ਰਧਾ ਨੰਦਾ, ਡਾ. ਅਨਸਾਰੀ, ਭਾਈ ਜੋਧ ਸਿੰਘ, ਸ਼ੰਕਰ ਅਚਾਰੀਆ, ਪੰਡਤ ਮੋਤੀ ਲਾਲ ਨਹਿਰੂ, ਸਰੋਜਨੀ ਨਾਇਡੂ ਆਦਿ ਤੋਂ ਇਲਾਵਾ ਅਖ਼ਬਾਰ ਨਵੀਸ ਸਨ। ਸਭ ਨੇ ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਦੀ ਘੋਰ ਨਿਖੇਧੀ ਕੀਤੀ। ਸਿੰਘਾਂ ਨੇ ਜਿਸ ਦ੍ਰਿੜ੍ਹਤਾ ਅਤੇ ਸਬਰ ਨਾਲ ਅਕਹਿ ਮੁਸੀਬਤਾਂ ਦਾ ਸਾਹਮਣਾ ਕੀਤਾ ਅਤੇ ਅਤਿ ਦੇ ਤਸ਼ੱਦਦ ਸਾਹਮਣੇ ਹੱਥ ਨਹੀਂ ਚੁੱਕੇ, ਸੀਅ ਨਾ ਕੀਤੀ। ਇਹ ਇਕ ਅਦੁੱਤੀ ਮਿਸਾਲ ਕਾਇਮ ਕੀਤੀ।

ਸੀ. ਐਫ. ਐਂਡਰਿਊਜ਼ ਜਿਸਨੇ ਇਕ ਮਸੀਹਾ ਸੂਲੀ ਚੜ੍ਹਦੇ ਸੁਣਿਆ ਸੀ, ਅੱਖਾਂ ਸਾਹਮਣੇ ਸੈਂਕੜੇ ਤਸੀਹੇ ਝੱਲ ਰਹੇ ਵੇਖ ਕੇ ਰੋ ਪਿਆ। ਉਸਨੇ ਅਖ਼ਬਾਰਾਂ ਨੂੰ ਰਿਪੋਰਟ ਭੇਜੀ ਕਿ ਇਹ ਅੰਗਰੇਜ਼ੀ ਸਰਕਾਰ ਦਾ ਅਣਮਨੁੱਖੀ ਤਸ਼ੱਦਦ ਹੈ। ਇਹ ਇਕ ਹਿਰਦੇਵੇਦਕ ਘਟਨਾ ਹੈ ਜੋ ਇਕ ਅੰਗਰੇਜ਼ ਤੋਂ ਵੀ ਨਹੀਂ ਵੇਖੀ ਜਾ ਸਕੀ। ਰੱਬ ਅਜਿਹਾ ਸਮਾਂ ਕਿਸੇ ਨੂੰ ਵੀ ਨਾ ਵਿਖਾਵੇ। ਅੰਗਰੇਜ਼ੀ ਫਿਲਮਸਾਜ਼ ਏ. ਐਲ. ਵਰਜਰ ਨੇ ਇਸ ਦਰਦਨਾਕ ਦ੍ਰਿਸ਼ ਦੀ ਫਿਲਮ ਵੀ ਬਣਾਈ। ਸਰ ਐਡਵਰਡ ਮੈਕਲਾਘਮ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਗੁਰੂ ਕਾ ਬਾਗ ਦਾ ਦੌਰਾ ਕੀਤਾ। ਉਸਦੇ ਦਖਲ ਨਾਲ ਸਿੰਘਾਂ ਤੇ ਡਾਂਗਾਂ ਵਰ੍ਹਨੀਆਂ ਤਾਂ ਬੰਦ ਹੋ ਗਈਆਂ ਪਰ ਗ੍ਰਿਫਤਾਰੀਆਂ ਦਾ ਦੌਰ 17 ਨਵੰਬਰ 1922 ਤੱਕ ਚੱਲਿਆ। ਅਕਤੂਬਰ ਦੇ ਪਹਿਲੇ ਹਫਤੇ ਗਵਰਨਰ ਜਨਰਲ ਲਾਰਡ ਰੀਡਿੰਗ ਨੇ ਪੰਜਾਬ ਦੇ ਗਵਰਨਰ ਨਾਲ ਇਸ ਮਸਲੇ ਦੇ ਹੱਲ ਲਈ ਗੱਲਬਾਤ ਕੀਤੀ। ਅਖੀਰ ਪੰਜਾਬ ਸਰਕਾਰ ਨੇ ਮਹੰਤ ਸੁੰਦਰਦਾਸ ਵੱਲੋਂ ਗੁਰਦੁਆਰਾ ਜ਼ਮੀਨ ਦਾ ਠੇਕਾ ਰਾਇ ਬਹਾਦਰ ਗੰਗਾ ਰਾਮ ਨੂੰ ਦਿਵਾ ਕੇ ਜ਼ਮੀਨ ਦਾ ਜਿੰਮਾ ਸੰਗਤਾਂ ਨੂੰ ਮਿਲ ਗਿਆ। ਅੰਤ 17 ਨਵੰਬਰ 1922 ਨੂੰ ਸਿੰਘ ਰਿਹਾ ਹੋ ਗਏ ਤੇ ਮੋਰਚਾ ਸਫਲ ਹੋਇਆ।

ਇਸ ਸ਼ਾਂਤਮਈ ਮੋਰਚੇ ਵਿਚ 839 ਸਿੰਘ ਜ਼ਖਮੀ ਅਤੇ 5605 ਸਿੰਘ ਗ੍ਰਿਫ਼ਤਾਰ ਹੋਏ ਸਨ, ਜਿਹਨਾਂ ਵਿਚ ਲਗਭਗ 35 ਸ਼੍ਰੋਮਣੀ ਕਮੇਟੀ ਮੈਂਬਰ ਅਤੇ 200 ਫੌਜੀ ਪੈਨਸ਼ਨੀਏ ਸਨ। ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ ਤੇ ਬਹਾਦਰੀ ਤੇ ਲੋਕਾਂ ਨੇ ਮਾਣ ਕੀਤਾ। ਸੂਰਬੀਰ ਸਿੰਘਾਂ ਨੇ ਅੰਗਰੇਜ਼ੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ, ਹੱਠ, ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ 'ਤੇ ਜਰਿਆ। ਗੁਰਧਾਮਾਂ ਦੀ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਵਿਰਸੇ ਨੂੰ ਸੁਰਜੀਤ ਕੀਤਾ। ਮੋਰਚੇ ਦੀ ਜਿੱਤ ਨਾਲ ਜਨਤਕ ਲਹਿਰਾਂ ਲਈ ਰਾਹ ਪੱਧਰਾ ਹੋਇਆ। ਲੋਕਾਂ ਵਿਚ ਜਨਤਕ ਤੌਰ ਤੇ ਇਨਕਲਾਬੀ ਉਤਸ਼ਾਹ ਆਇਆ ਕਿਉਂਕਿ ਇਹ ਮੋਰਚਾ ਸਿੱਧਾ ਹੀ ਅੰਗਰੇਜ਼ੀ ਹਕੂਮਤ ਦੇ ਖਿਲਾਫ ਸੀ। ਇਸ ਮੋਰਚੇ ਨੇ ਚੜ੍ਹਦੀ ਕਲਾ, ਸਰਬੱਤ ਦਾ ਭਲਾ ਦੇ ਸਿਧਾਂਤ ਨੂੰ ਪ੍ਰਫੁੱਲਿਤ ਕੀਤਾ। ਉਸ ਸਮੇਂ ਦੇ ਸਿੱਖ ਆਚਰਣ ਵਿਚ ਪ੍ਰਦਰਸ਼ਿਤ ਗੁਣਾਂ ਨੂੰ ਅਪਣਾਉਣ ਦੀ ਪ੍ਰੇਰਨਾ ਮਿਲਦੀ ਹੈ। ਇਹ ਇਕ ਗੌਰਵਮਈ ਸਫਲਤਾ ਇਤਿਹਾਸਕ ਮੋਰਚਾ ਹੋ ਨਿੱਬੜਿਆ।

## ਕਾਵਿ ਵਿਅੰਗ

## ਜੱਫਾ ਪ੍ਰਧਾਨਗੀ ਨੂੰ

ਮਾਣਮੱਤਾ ਸੀ 'ਦਲ' ਅਕਾਲੀਆਂ ਦਾ
ਇੱਕੋ ਟੱਬਰ ਨੇ ਕਰਿਆ ਮਲੰਗ ਭਾਈ।

ਪੁੱਤ-ਮੋਹ ਵਿੱਚ ਪਾਰਟੀ ਗਰਕ ਕਰਕੇ
'ਘਾਗ' ਲੀਡਰ ਨੂੰ ਆਈ ਨਾ ਸੰਗ ਭਾਈ।

'ਜੀ-ਹਜੂਰੀਏ' ਕਰਨ ਵਿਰੋਧ ਲਗ ਪਏ
ਤਾਨਾਸ਼ਾਹੀ ਤੋਂ ਕਹਿੰਦੇ ਹਾਂ ਤੰਗ ਭਾਈ।

ਜੇ ਹੁਣ ਮੰਗਣ ਮੁਆਫੀਆਂ ਕੌਮ ਕੋਲੋਂ
ਬੇੜੀ ਡੁੱਬਣ 'ਤੇ ਛੇੜੀ ਐ ਜੰਗ ਭਾਈ।

ਗੁਨਾਹਗਾਰਾਂ ਨੂੰ ਸਜਾ ਦੇ ਘਰੇ ਤੋਰਨ
ਹੈ ਸ਼ੁੱਭਚਿੰਤਕਾਂ ਦੀ ਇੱਕੋ ਮੰਗ ਭਾਈ।

ਪਾਈ ਰੱਖਣ ਲਈ ਜੱਫਾ ਪ੍ਰਧਾਨਗੀ ਨੂੰ
ਢਾਂਚਾ ਕਰ'ਤਾ 'ਭਰਦਾਨ' ਨੇ ਭੰਗ ਭਾਈ।



ਤਰਲੋਚਨ ਸਿੰਘ ਦੁਪਾਲ ਪੁਰ
001-408-915-1268

## ਗੁਰਦਿਆਂ ਵਾਲਾ ਬੰਦਾ

ਜੇ ਗੁਰਦਿਆਂ ਵਾਲਾ ਬੰਦਾ ਏ ਤੂੰ,
ਮੁੱਛ ਤੂੰ ਆਪਣੀ ਖੜ੍ਹੀ ਰੱਖ ।
ਚਮਚਾਗਿਰੀ-ਖੁਸ਼ਾਮਦ ਛੱਡ ਦੇ,
ਕੁੱਝ ਤਾਂ ਆਪਣੀ ਤੜੀ ਰੱਖ ।

1- ਖੁੰਝਿਆ ਵਕਤ ਮੁੜ ਨਹੀਂ ਆਉਂਦਾ,
ਫਿਰ ਐਵੇਂ ਨਾ ਪਛਤਾਵੀਂ ਤੂੰ ।
ਕਰ ਕਦਰ ਸਮੇਂ ਦੀ ਕੁੱਝ ਤੂੰ, ਹਮੇਸ਼ਾਂ
ਤੂੰ ਗੁੱਟ ਤੇ ਆਪਣੇ ਘੜੀ ਰੱਖ ।

2- ਜੇ ਰੱਬ ਦਾ ਦਿੱਤਾ ਸਭ ਕੁੱਝ ਹੈ,
ਦਾਨ ਪੁੰਨ ਵੀ ਕਰਿਆ ਕਰ ।
ਛੱਡ ਕੰਜੂਸੀ 'ਤੇ ਖਰਚਾ ਕਰ ਲੈ,
ਤੂੰ ਕਾਰ ਤੇ ਕੋਠੀ ਬੜੀ ਰੱਖ ।

3- ਸ਼ੋਹਰਤ-ਦੌਲਤ ਇੱਕ ਪਰਿੰਦਾ,
ਸਮੇਂ ਨਾਲ ਇਹ ਉੱਡ ਜਾਂਦੀ ਏ,
ਹੀਰਾ ਕਿਰਦਾਰ ਹੈ ਹੁੰਦਾ, ਮੁੰਦਰੀ
ਵਿੱਚ ਤੂੰ ਆਪਣੀ ਜੜੀ ਰੱਖ ।

4- ਮਸਤ ਚਾਲ ਤੂੰ ਚਲਦਾ ਜਾ,
ਦੇਖ ਐਵੇਂ ਨਾ ਘਬਰਾਵੀਂ ਤੂੰ,
ਕੁੱਤਾ-ਬਿੱਲਾ ਜੇਕਰ ਭੌਂਕੇ,
ਹੱਥ ਵਿੱਚ ਆਪਣੇ ਛੜੀ ਰੱਖ ।

5- ਸੱਜਣ ਮਿੱਤਰ ਬਣਾਉਣੇ ਔਖੇ,
ਦੇਖੀਂ ਕੋਈ ਤੇਥੋਂ ਰੁੱਸ ਨਾ ਜਾਵੇ,
ਮਿੱਠਾ ਬੋਲ ਗਲਵਕੜੀ ਪਾ ਲੇ,
ਪਿਆਰ-ਮੁੱਹਬਤ ਦੀ ਕੜੀ ਰੱਖ ।

6- ਸੌੜਾ ਰਾਹ ਨਾ ਕਰ ਕਿਸੇ ਦਾ,
ਦੇਖੀਂ ਠੇਡਾ ਖਾ ਨਾ ਡਿੱਗੇ ਕੋਈ,
ਤੂੰ ਰੋੜਾ ਬੱਟਾ ਰਾਹ'ਚੋਂ ਚੁੱਕ ਲੈ,
ਛੋਟੀ ਤੂੰ ਆਪਣੀ ਥੜੀ ਰੱਖ ।

7- ਮਿਹਨਤ ਮੁਸ਼ੱਕਤ ਦਾ ਨਹੀਂ ਮਿਹਣਾ,
ਹਰ ਕੰਮ ਤੂੰ ਕਰੀ ਜਾ ।
ਤਦਬੀਰਾਂ ਨਾਲ ਮੰਜ਼ਿਲ ਮਿਲਦੀ,
ਗੁੱਡੀ ਤੂੰ ਆਪਣੀ ਚੜ੍ਹੀ ਰੱਖ ।

8- ਮੁਸ਼ਕਿਲ ਵਕਤ ਆਣ ਪਵੇ ਜੇ,
ਇੱਕੋ ਗੱਲ ਪੱਲੇ ਬੰਨ੍ਹ ਲਈਂ,
ਤੂੰ' 'ਮਨਜੀਤ' ਤੂਫ਼ਾਨੀ ਛੱਲਾਂ ਵਿੱਚ,
ਮੁਰਸ਼ਦ ਦੀ ਬਾਂਹ ਫੜੀ ਰੱਖ ।

– ਮਨਜੀਤ ਸਿੰਘ
91-98726-24833



## ਚੁੱਪ

ਵੇਖਿਆ ਚੁੱਪ ਦੇ ਵਿੱਚ ਆਨੰਦ ਬੜਾ,
ਸ਼ੋਰ ਦੁਨੀਆਂ ਦੇ ਬਹੁਤਾ ਸਤਾਉਂਦੇ ਨਹੀਓ।
ਆਪਣੇ ਆਪ ਨੂੰ ਲੱਭਣ ਦਾ ਸਮਾਂ ਮਿਲਿਆ,
ਅਸੀਂ ਲੱਭਦੇ ਹੁਣ ਸਮਾਂ ਗਵਾਉਂਦੇ ਨਹੀਓ।
ਛੱਡੇ ਦੁਨੀਆਂਦਾਰੀ ਦੇ ਬੋਝ ਸਾਰੇ,
ਗੱਲ ਗੱਲ ਤੇ ਆਪਾ ਰਵਾਉਂਦੇ ਨਹੀਓ।
ਕੀਤਾ ਸਾਡੇ ਜਜ਼ਬਾਤਾਂ ਦਾ ਕਤਲ ਸਭ ਨੇ ,
ਹੁਣ ਹਰ ਥਾਂ ਤੇ ਹੱਕ ਜਤਾਉਂਦੇ ਨਹੀਓ।
ਉਹਦੇ ਨਾਲ ਜੋੜ ਲਈਆਂ ਮੈਂ ਸਾਂਝਾਂ ਸੱਭੇ,
ਹੁਣ ਰੰਗ ਇਸ ਦੁਨੀਆਂ ਦੇ ਭਾਉਂਦੇ ਨਹੀਓ।
ਜਿੱਥੇ ਦੇਖਾਂ ਮੈਂ ਉਹਦਾ ਦੀਦਾਰ ਹੋਵੇ ,
ਉਸ ਬਾਝੋਂ ਹੁਣ ਅਸੀ ਕੁਝ ਚਾਹੁੰਦੇ ਨਹੀਓ।
ਉਹਦਾ ਰੰਗ ਲੱਗਾ ਤਾਂ ਹੀ ਸ਼ੀਤਲ ਹੋ ਗਏ,
ਰੰਗ ਦੂਜੇ ਹੁਣ ਕੰਵਲ ਨੂੰ ਭਾਉਂਦੇ ਨਹੀਓ।

– ਕੰਵਲਜੀਤ ਕੌਰ ਕੰਵਲ
91-99159-86343

## ਕਵਿਤਾ

ਦਾਦੀਆ ਨਾਲ ਕੀ ਰਿਸ਼ਤਾ ਹੁੰਦਾ,
ਚਲੀਆਂ ਜਾਂਣ ਤਾਂ ਪਤਾ ਹੈ ਲਗਦਾ।
ਆਪਣੇ ਘਰ ਨੂੰ ਘਰ ਨਾ ਸਮਝੇ,
ਫੂਕ ਮਾਰਕੇ ਅੱਗ ਹੈ ਲਾਵੇ।
ਰਿਸ਼ਤਿਆਂ ਦੀ ਪਹਿਚਾਣਨ ਕੋਈ ਨਾ,
ਮਾਸੀਆ-ਮਾਮੇ ਅਗੇ ਲਾਵੇ।
ਚਾਚੇ ਤਾਏ ਤੇ ਭੂਆ ਫੁੱਫੜ,
ਉਨਾਂ ਨੂੰ ਤਾਂ ਪਿੱਛੇ ਪਾਵੇ।
ਫੇਸ ਬੁੱਕ ਦਾ ਸਾਥ ਲੈਕੇ,
ਊੜ-ਪਤੰਗਾ ਪਾਈ ਜਾਵੇ।
ਹੱਸਦੇ ਫਿਰ ਲੋਕ ਨੇ 'ਰਾਜਨ'
ਝੂਠੋ-ਝੂਠ ਜਦੋਂ ਲਿਖਕੇ ਪਾਵੇ।

ਰਜਿੰਦਰ ਸਿੰਘ ਰਾਜਨ
ਪਠਾਨਕੋਟ
91-94174-27656

## ਵਜੂਦ

ਮੈਂ ਯਹਾਂ ਜਾਤਾ ਹੂੰ
ਵੋ ਮੇਰੇ ਪੀਛੇ ਪੀਛੇ ਆਤੇ ਹੈ
ਪੈਰੋ ਕੇ ਨਿਸ਼ਾਨ ਮਿਟਾਨੇ
ਤਾਂਕਿ ਵੋ ਕਹਿ ਸਕੇ
ਦੇਖੋ, ਇਸਕਾ ਤੋ ਕੋਈ ਵਜੂਦ ਹੀ
ਨਹੀਂ ।

ਦੋਸ਼ ਨਿਕਾਲ ਹੀ ਲੇਤੇ ਹੈ
ਮੇਰੇ ਹਰ ਕਾਮ ਮੇਂ , ਵੋ
ਉਨਕਾ ਮਾਨਨਾ ਹੈ ਕਿ
ਮੇਰਾ ਨਾਮ ਹੋਗਾ, ਤੋ
ਉਨਕਾ ਕਿਯਾ ਹੋਗਾ ?

ਕਿਉ ਫ਼ਿਕਰ ਹੈ ਇਤਨਾ, ਆਖਿਰ
ਮੇਰੀ ਬੁਰਾਈ ਕੇ ਲੀਏ
ਕਹੀ ਮਜ਼ਬੂਰ ਤੋ ਨਹੀਂ
ਆਪਨੀ ਭਲਾਈ ਕੇ ਲੀਏ।

ਚਲੋ, ਬਨਤੇ ਹੈ ਹਮਰਾਹੀ
ਮੇਰਾ ਕਹਾ ਮਤ ਮੋੜਨਾ
ਤੁਮ ਆਗੇ ਬੇਸ਼ਕ ਚਲੋ
ਕਾਂਟੇ ਪੀਛੇ ਮਤ ਛੋੜਨਾ
ਰਾਹ ਸੇ , ਜੋ ਚਾਹੋ ਲੇਤੇ ਚਲੋ
ਮਗਰ ਫੂਲ ਮਤ ਤੋੜਨਾ ।

ਦੇਖ ਲੇਤੇ ਹੈ ਤੁਮੇ
ਕਯਾ ਕਯਾ ਕਰਤੇ ਹੋ
ਮੰਜ਼ਿਲ ਸੇ ਪਹਿਲੇ ।

ਹਮ ਤੋ ਖਾਲੀ ਹੈ
ਪਹੁੰਚ ਹੀ ਜਾਏਗੇ, ਮੰਜ਼ਿਲ ਪਰ।
ਤੁਮ ਕਯਾ ਕਰੋਗੇ
ਜੋ ਉਠਾ ਰਖਾ ਹੈ
ਅਪਨਾ ਵਜੂਦ ।

– ਹਰਮੇਸ਼ ਜੱਸਲ



# 'ਮੈਂ ਨਾਸਤਿਕ ਕਿਉਂ ਹਾਂ'- ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ



ਪ੍ਰੋ. ਐਚ. ਐਲ. ਕਪੂਰ

ਭਾਰਤ ਜਦੋਂ ਵੀ ਆਪਣੇ ਆਜ਼ਾਦ ਹੋਣ ਤੇ ਮਾਣ ਮਹਿਸੂਸ ਕਰਦਾ ਹੈ ਤਾਂ ਉਸ ਦਾ ਸਿਰ ਹਮੇਸ਼ਾ ਉਹਨਾਂ ਮਹਾਂਪੁਰਸ਼ਾਂ ਅੱਗੇ ਝੁਕਦਾ ਹੈ, ਜਿਹਨਾਂ ਨੇ ਦੇਸ਼ ਪ੍ਰੇਮ ਦੇ ਰਾਹ ਤੇ ਚੱਲ ਕੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਹਜ਼ਾਰਾਂ ਇਸ ਤਰ੍ਹਾਂ ਦੇ ਨੌਜਵਾਨ ਵੀ ਸਨ, ਜਿਹਨਾਂ ਨੇ ਤਾਕਤ ਦੇ ਵੱਲ ਤੇ ਆਜ਼ਾਦੀ ਪ੍ਰਾਪਤੀ ਕਰਨ ਲਈ ਠਾਣੀ ਤੇ ਆਪਣੇ ਆਪ ਨੂੰ ਕ੍ਰਾਂਤੀਕਾਰੀ ਅਖਵਾਇਆ। ਭਾਰਤ ਵਿਚ ਜਦੋਂ ਵੀ ਕ੍ਰਾਂਤੀਕਾਰੀਆਂ ਦਾ ਨਾਮ ਲਿਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਨਾਮ ਹੀ ਲਿਆ ਜਾਂਦਾ ਹੈ।

ਸ਼ਹੀਦ ਭਗਤ ਸਿੰਘ ਨੇ ਹੀ ਦੇਸ਼ ਦੇ ਨੌਜਵਾਨਾਂ ਵਿਚ ਊਰਜਾ ਦਾ ਐਸਾ ਗਵਾਰ ਭਰਿਆ ਕਿ ਵਿਦੇਸ਼ੀ ਹਕੂਮਤ ਨੂੰ ਭਾਰਤ ਦੇ ਨੌਜਵਾਨਾਂ ਤੋਂ ਡਰ ਲੱਗਣ ਲੱਗ ਪਿਆ। ਹੱਥ ਜੋੜ ਕੇ ਬੇਨਤੀ ਕਰਨ ਦੀ ਥਾਂ, ਲੋਹੇ ਨਾਲ ਲੋਹਾ ਟਕਰਾ ਕੇ, ਅੱਗ ਨਾਲ ਆਜ਼ਾਦੀ ਦੀ ਲੜਾਈ ਲਈ ਕੁੱਦਣ ਵਾਲੇ ਭਗਤ ਸਿੰਘ ਦੀ ਦਲੇਰੀ ਦੀ ਕਹਾਣੀ ਅੱਜ ਵੀ ਸਾਡੇ ਅੰਦਰ ਦੇਸ਼ ਭਗਤੀ ਦੀ ਅੱਗ ਲਾਉਂਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਅਗਰ ਉਸ ਸਮੇਂ ਦੇਸ਼ ਦੇ ਵੱਡੇ ਨੇਤਾ ਵੀ ਭਗਤ ਸਿੰਘ ਤੇ ਉਹਨਾਂ ਦੇ ਕ੍ਰਾਂਤੀਕਾਰੀ ਸਾਥੀਆਂ ਦਾ ਸਹਿਯੋਗ ਦਿੰਦੇ ਤਾਂ ਦੇਸ਼ ਸਮੇਂ ਤੋਂ ਪਹਿਲਾਂ ਆਜ਼ਾਦ ਹੋ ਜਾਂਦਾ ਤੇ ਉਸ ਸਮੇਂ ਹੋਰ ਮਾਣ ਮਹਿਸੂਸ ਕਰਦੇ।

ਪ੍ਰੰਤੂ ਦੇਸ਼ ਦੇ ਇਕ ਨੌਜਵਾਨ ਕ੍ਰਾਂਤੀਕਾਰੀ ਨੂੰ ਫਾਂਸੀ ਦੇ ਦਿੱਤੀ ਲੇਕਿਨ ਮਰਨ ਤੋਂ ਬਾਅਦ ਵੀ ਭਗਤ ਸਿੰਘ ਨਹੀਂ ਮਰੇ। ਅੱਜ ਦੇ ਨੇਤਾਵਾਂ ਵਿਚ ਜਿੱਥੇ ਅਸੀਂ ਛੱਲ ਅਤੇ ਕਪਟ ਦੀ ਭਾਵਨਾ ਦੇਖਦੇ ਹਾਂ, ਜਿਹੜੇ ਬੰਬਈ ਹਮਲੇ ਤੋਂ ਬਾਅਦ ਵੀ ਆਪਣੇ ਸਵੈਮਾਣ ਅਤੇ ਗੁੱਸੇ ਨੂੰ ਤਾਕ ਤੇ ਰੱਖ ਕੇ ਬੈਠੇ ਹਨ, ਉਹਨਾਂ ਲਈ ਭਗਤ ਸਿੰਘ ਇਕ ਆਦਰਸ਼ ਸ਼ਖਸੀਅਤ ਹੈ, ਜਿਹਨਾਂ ਨੂੰ ਉਸ ਤੋਂ ਸਿੱਖਿਆ ਲੈਣੀ ਚਾਹੀਦੀ ਹੈ।

ਜੇਲ੍ਹ ਵਿਚ ਤਕਰੀਬਨ ਭਗਤ ਸਿੰਘ ਦੋ ਸਾਲ ਰਹੇ। ਇਸ ਦੌਰਾਨ ਉਹ ਆਪਣੇ ਲੇਖ ਲਿਖ ਕੇ ਆਪਣੇ ਕ੍ਰਾਂਤੀਕਾਰੀ ਵਿਚਾਰ ਪ੍ਰਗਟ ਕਰਦੇ ਰਹੇ। ਜੇਲ੍ਹ ਵਿਚ ਉਹਨਾਂ ਨੇ ਆਪਣਾ ਅਧਿਐਨ ਬਰਾਬਰ ਜਾਰੀ ਰੱਖਿਆ। ਉਸ ਸਮੇਂ ਦੇ ਲਿਖੇ ਗਏ ਲੇਖ ਤੇ ਆਪਣੇ ਸਕੇ-ਸਬੰਧੀਆਂ ਨੂੰ ਲਿਖੀਆਂ ਗਈਆਂ ਚਿੱਠੀਆਂ, ਅੱਜ ਵੀ ਉਹਨਾਂ ਦੀ ਵਿਚਾਰਧਾਰਾ ਦਾ ਦਰਪਣ ਹਨ। ਉਹਨਾਂ ਨੇ ਆਪਣੇ ਲਿਖੇ ਗਏ ਲੇਖਾਂ ਵਿਚ ਕਈ ਤਰ੍ਹਾਂ ਨਾਲ ਪੂੰਜੀਪਤੀਆਂ ਨੂੰ ਆਪਣਾ ਦੁਸ਼ਮਣ ਦੱਸਿਆ ਹੈ। ਉਹਨਾਂ ਵਿਚ ਉਹਨਾਂ ਨੇ ਲਿਖਿਆ ਹੈ ਕਿ ਜਿਹੜਾ ਵੀ ਵਿਅਕਤੀ ਮਜ਼ਦੂਰਾਂ ਦਾ ਸ਼ੋਸ਼ਣ ਕਰਦਾ ਹੈ, ਉਹ ਭਾਵੇਂ ਭਾਰਤੀ ਹੀ ਕਿਉਂ ਨਾ ਹੋਵੇ, ਉਹ ਸਾਡਾ ਦੁਸ਼ਮਣ ਹੈ। ਉਹਨਾਂ ਨੇ ਜੇਲ੍ਹ ਵਿਚ ਇਕ ਲੇਖ ਅੰਗਰੇਜ਼ੀ ਵਿਚ ਲਿਖਿਆ ਜਿਸ ਦਾ ਸਿਰਲੇਖ ਸੀ 'ਮੈਂ ਨਾਸਤਿਕ ਕਿਉਂ ਹਾਂ?'

ਇਸ ਲੇਖ ਵਿਚ ਮੈਂ ਪਾਠਕਾਂ ਸਾਹਮਣੇ ਸ. ਭਗਤ ਸਿੰਘ ਜੀ ਦੇ ਵਿਚਾਰ ਕਿ 'ਮੈਂ ਨਾਸਤਿਕ ਕਿਉਂ ਹਾਂ? ਹੀ ਰੱਖ ਰਿਹਾ ਹਾਂ। ਆਪਣੇ ਲੇਖ ਵਿਚ ਉਹ ਪ੍ਰਮਾਤਮਾ ਜਾਂ ਰੱਬ ਜਾਂ ਈਸ਼ਵਰ ਬਾਰੇ ਅਨੇਕਾਂ ਪ੍ਰਸ਼ਨ ਖੜ੍ਹੇ ਕਰਦੇ ਹਨ। ਇਹਨਾਂ ਪ੍ਰਸ਼ਨਾਂ ਵਿਚ ਉਹਨਾਂ ਨੇ ਪ੍ਰਮਾਤਮਾ ਕੀ ਹੈ? ਕਿਉਂ ਹੈ? ਤੇ ਕਿਵੇਂ ਹੈ? ਦੇ ਪ੍ਰਸ਼ਨ ਸਾਹਮਣੇ ਲਿਆ ਕੇ ਤੇ ਉਹਨਾਂ ਪ੍ਰਸ਼ਨਾਂ ਦੀ ਵਿਆਖਿਆ ਕਰਕੇ ਪ੍ਰਮਾਤਮਾ ਦੀ ਹੋਂਦ ਨੂੰ ਕਿਸੇ ਚਾਤਰ ਮਨੁੱਖ ਦੀ ਆਪਣੇ ਸੁਆਰਥਾਂ ਦੀ ਪੂਰਤੀ ਹਿੱਤ ਨਿਰੀ ਕਲਪਨਾ ਮਾਤਰ ਹੀ ਦੱਸਿਆ ਹੈ ਤੇ ਅੰਤ ਵਿਚ ਮਨੁੱਖ ਨੂੰ ਸੰਦੇਸ਼ ਵੀ ਦਿੱਤਾ ਹੈ ਕਿ ਹੇ ਮਨੁੱਖ! ਤੂੰ ਆਪਣੀ ਹਰ ਸਮੱਸਿਆ ਤੇ ਦੁੱਖਾਂ 'ਚੋਂ ਤਾਂ ਹੀ ਮੁਕਤ ਹੋ ਸਕਦਾ ਹੈ ਜੇਕਰ ਇਹਨਾਂ ਦੁੱਖਾਂ ਦੇ ਕਾਰਨ ਲੱਭ ਕੇ, ਇਹਨਾਂ ਨੂੰ ਵਿਗਿਆਨਕ ਨਜ਼ਰੀਏ ਨਾਲ ਹੱਲ ਕਰੇਗਾ।

ਹਰ ਦੁੱਖ ਦੇ ਪਿੱਛੇ ਕੋਈ ਨਾ ਕੋਈ ਕਾਰਨ ਜ਼ਰੂਰ ਹੁੰਦਾ ਹੈ, ਜੋ ਮਨੁੱਖ ਦੀ ਸਫਲਤਾ ਜਾਂ ਅਸਫਲਤਾ ਦਾ ਕਾਰਨ ਬਣਦਾ ਹੈ। ਇਹਨਾਂ ਮਾਨਵੀ ਦੁੱਖਾਂ, ਮੁਸੀਬਤਾਂ ਆਦਿ 'ਚੋਂ ਨਿਕਲਣ ਲਈ ਸੰਘਰਸ਼ ਕਰਨ ਦੀ ਰਾਹ ਤੇ ਆਪਣੇ ਨਿਸ਼ਾਨੇ ਵੱਲ ਦ੍ਰਿੜ੍ਹ ਇਰਾਦੇ ਨਾਲ ਕੀਤਾ ਗਿਆ ਸੰਕਲਪ ਹੀ ਇਹਨਾਂ ਮੁਸੀਬਤਾਂ ਦਾ ਸਹੀ ਹੱਲ ਹੈ, ਨਾ ਕਿ ਹੱਥ ਜੋੜ ਕੇ ਪ੍ਰਾਰਥਨਾ ਕਰਨ ਵਿਚ। ਇਸ ਲਈ ਭਗਤ ਸਿੰਘ ਜੀ ਦੇ ਕਥਨ ਅਨੁਸਾਰ ਪ੍ਰਮਾਤਮਾ ਦੀ ਹੋਂਦ ਨਿਰੀ ਕਲਪਨਾਤਿਕ ਹੀ ਹੈ ਤੇ ਮੈਂ ਇਸ ਨੂੰ ਨਹੀਂ ਮੰਨਦਾ ਤੇ ਮੈਂ ਇਸੇ ਕਰਕੇ ਹੀ ਨਾਸਤਿਕ ਹਾਂ। ਉਹਨਾਂ ਦੇ ਉਕਤ ਲੇਖ ਦੀ ਵਿਆਖਿਆ ਕਿ 'ਮੈਂ ਨਾਸਤਿਕ ਕਿਉਂ ਹਾਂ' ਨਿਮਨ ਲਿਖਤ ਅਨੁਸਾਰ ਹੈ:

ਨਿਆਸ਼ਾਸਤ ਦੇ ਸਰਵਾਅਧਿਕਾਰ ਵਿਧਾਨਾਂ ਦੇ ਅਨੁਸਾਰ, ਦੰਡ ਜਾਂ ਸਜਾ ਦੇ ਅਪਰਾਧੀ ਤੇ ਪੈਣ ਵਾਲੇ ਪ੍ਰਭਾਵ ਦੇ ਆਧਾਰ ਤੇ ਕੇਵਲ ਤਿੰਨ, ਚਾਰ ਕਾਰਨਾਂ ਨਾਲ ਉਚਿਤ ਠਹਿਰਾਇਆ ਜਾ ਸਕਦਾ ਹੈ। ਉਹ ਹਨ ਬਦਲਾ ਲੈਣਾ, ਡਰ ਅਤੇ ਸੁਧਾਰ। ਅੱਜ ਸਾਰੇ ਪ੍ਰਗਤੀਸ਼ੀਲ ਚਿੰਤਕਾਂ ਦੁਆਰਾ ਬਦਲਾ ਲੈਣ ਦੇ ਸਿਧਾਂਤ ਦੀ ਨਿੰਦਾ ਕੀਤੀ ਜਾਂਦੀ ਹੈ। ਭੈ-ਭੀਤ ਕਰਨ ਦੇ ਸਿਧਾਂਤ ਦਾ ਅੰਤ ਵੀ ਇਹੀ ਹੈ। ਕੇਵਲ ਸੁਧਾਰ ਕਰਨ ਦਾ ਸਿਧਾਂਤ ਹੀ ਜ਼ਰੂਰੀ ਹੈ ਅਤੇ ਮਾਨਵਤਾ ਦੀ ਪ੍ਰਗਤੀ ਦਾ ਅਟੁੱਟ ਅੰਗ ਹੈ।

ਇਸ ਦਾ ਉਪਦੇਸ਼ ਅਪਰਾਧੀ ਨੂੰ ਇਕ ਅਤਿਅੰਤ ਕਾਬਲ ਤਥਾ ਸ਼ਾਂਤੀ ਪਸੰਦ ਨਾਗਰਿਕ ਦੇ ਰੂਪ ਵਿਚ ਸਮਾਜ ਨੂੰ ਵਾਪਸ ਕਰਨਾ ਹੈ। ਪ੍ਰੰਤੂ ਜੇਕਰ ਅਸੀਂ ਇਸ ਗੱਲ ਨੂੰ ਮੰਨ ਵੀ ਲਈਏ ਕਿ ਕੁਝ ਮਨੁੱਖਾਂ ਨੇ (ਪੂਰਵ ਜਨਮ ਵਿਚ ਭਾਵ ਪਿਛਲੇ ਜਨਮ ਵਿਚ) ਪਾਪ ਕੀਤੇ ਹਨ ਤਾਂ ਪ੍ਰਮਾਤਮਾ ਦੁਆਰਾ ਦਿੱਤੇ ਗਏ ਦੰਡ ਦੀ ਪ੍ਰਕਿਰਤੀ ਕੀ ਹੈ? ਤੁਸੀਂ ਕਹਿੰਦੇ ਹੋ ਉਹ ਜੀਵਾਂ ਨੂੰ ਗਾਂ, ਬਿੱਲੀ, ਦਰਖਤ, ਜੜੀ-ਬੂਟੀਆਂ ਜਾਂ ਜਾਨਵਰ ਬਣਾ ਕੇ ਪੈਦਾ ਕਰਦਾ ਹੈ। ਤੁਸੀਂ ਇਸ ਨੂੰ 84 ਲੱਖ ਦੰਡ ਜਾਂ ਜਨਮ ਗਿਣਾਉਂਦੇ ਹੋ। ਮੈਂ ਪੁੱਛਦਾ ਹਾਂ ਕਿ ਮਨੁੱਖ ਨੂੰ ਸੁਧਾਰਕ ਦੇ ਤੌਰ ਤੇ ਇਸ ਦਾ ਕੀ ਅਸਰ ਹੈ? ਤੁਸੀਂ ਇਸ ਤਰ੍ਹਾਂ ਦੇ ਕਿੰਨੇ ਵਿਅਕਤੀਆਂ ਨੂੰ ਮਿਲੇ ਹੋ ਜੋ ਇਹ ਕਹਿੰਦੇ ਹਨ ਕਿ ਉਹ ਕਿਸੇ ਪਾਪ ਦੇ ਕਾਰਨ ਆਪਣੇ ਪਿਛਲੇ ਜਨਮ ਵਿਚ ਗਧੇ ਦੇ ਰੂਪ ਵਿਚ ਪੈਦਾ ਹੋਏ ਸਨ? ਇਕ ਵੀ ਨਹੀਂ, ਆਪਣੇ ਪੁਰਾਣਾਂ 'ਚੋਂ ਉਦਾਹਰਣਾਂ ਮੱਤ ਦਿਓ। ਮੇਰੇ ਪਾਸ ਤੁਹਾਡੀਆਂ ਪੁਰਾਣਕ ਕਥਾਵਾਂ ਲਈ ਕੋਈ ਥਾਂ ਨਹੀਂ ਹੈ ਅਤੇ ਤੁਹਾਨੂੰ ਪਤਾ ਹੈ ਕਿ ਦੁਨੀਆਂ ਵਿਚ ਸਭ ਤੋਂ ਵੱਡਾ ਪਾਪ ਗਰੀਬ ਹੋਣਾ ਹੈ? ਗਰੀਬੀ ਇਕ ਸਰਾਪ ਹੈ, ਇਹ ਇਕ ਦੰਡ ਹੈ। ਮੈਂ ਪੁੱਛਦਾ ਹਾਂ ਕਿ ਅਪਰਾਧ-ਵਿਗਿਆਨ, ਨਿਆਸ਼ਾਸਤਰ ਜਾਂ ਵਿਧੀ ਸ਼ਾਸਤਰ ਦੇ ਇਕ ਅਜਿਹੇ ਵਿਧਾਨ ਦੀ ਤੁਸੀਂ ਕਿੱਥੋਂ ਤੱਕ ਪ੍ਰਸੰਸਾ ਕਰੋਗੇ, ਜਿਹੜਾ ਕਿਸੇ ਅਜਿਹੀ ਦੰਡ ਪ੍ਰਕਿਰਿਆ ਦੀ ਵਿਵਸਥਾ ਕਰੇ ਜਾਂ ਦੂਸਰੇ ਸ਼ਬਦਾਂ ਵਿਚ ਮਨੁੱਖ ਨੂੰ ਜਾਂ ਜ਼ਿਆਦਾਤਰ ਅਪਰਾਧ ਕਰਨ ਵਾਲੇ ਨੂੰ ਦੰਡ ਨਿਸ਼ਚਿਤ ਕਰੇ? ਕੀ ਤੁਹਾਡੇ ਪ੍ਰਮਾਤਮਾ ਨੇ ਇਹ ਨਹੀਂ ਸੋਚਿਆ ਸੀ? ਜਾਂ ਉਸ ਨੂੰ ਵੀ ਇਹ ਸਾਰੀਆਂ ਗੱਲਾਂ-ਮਾਨਤਾਵਾਂ ਦੁਆਰਾ ਅਥਾਹ ਕਸ਼ਟਾਂ ਨੂੰ ਝੱਲਣ ਦੀ ਕੀਮਤ ਤੇ-ਤਜਰਬੇ ਜਾਂ ਅਨੁਭਵ ਨਾਲ ਸਿੱਖਣੀ ਸੀ? ਤੁਸੀਂ ਕੀ ਸੋਚਦੇ ਹੋ? ਕਿਸੇ ਗਰੀਬ ਜਾਂ ਅਨਪੜ੍ਹ ਪਰਿਵਾਰ, ਜਿਸ ਤਰ੍ਹਾਂ ਇਕ ਦਲਿਤ ਜਾਂ ਕਿਸੇ ਮਿਹਨਤਕਸ਼ ਦੇ ਘਰ ਪੈਦਾ ਹੋਣ ਨਾਲ ਇਨਸਾਨ ਦੀ ਕਿਸਮਤ ਕੀ ਹੋਵੇਗੀ? ਕਿਉਂਕਿ ਉਹ ਗਰੀਬੀ ਹੈ, ਇਸ ਲਈ ਪੜ੍ਹਾਈ ਨਹੀਂ ਕਰ ਸਕਦਾ। ਉਹ ਆਪਣੇ ਉਹਨਾਂ ਸਾਥੀਆਂ ਤੋਂ ਪੱਛੜਿਆ ਤੇ ਗਰੀਬ ਰਹਿੰਦਾ ਹੈ, ਜਿਹੜੇ ਲੋਕ ਉਚੀ ਜਾਤੀ ਵਿਚ ਪੈਦਾ ਹੋਣ ਦੀ ਵਜ੍ਹਾ ਨਾਲ ਆਪਣੇ ਆਪ ਨੂੰ ਉਚੇ ਸਮਝਦੇ ਹਨ। ਉਸ ਦਾ ਗਿਆਨ, ਉਸ ਦੀ ਗਰੀਬੀ ਤੇ ਉਸ ਨਾਲ ਕੀਤਾ ਗਿਆ ਵਿਵਹਾਰ ਉਸ ਦੇ ਹਿਰਦੇ ਨੂੰ ਸਮਾਜ ਪ੍ਰਤੀ ਕਠੋਰ ਬਣਾ ਦਿੰਦੇ ਹਨ। ਮਨ ਲਓ ਅਗਰ ਉਹ ਕੋਈ ਪਾਪ ਕਰਦਾ ਹੈ ਤਾਂ ਉਸ ਦਾ ਫਲ ਕੌਣ ਭੋਗੇਗਾ? ਪ੍ਰਮਾਤਮਾ ਖੁਦ ਜਾਂ ਉਹ ਖੁਦ ਜਾਂ ਸਮਾਜ ਦੇ ਧਾਰਮਿਕ ਠੇਕੇਦਾਰ? ਅਤੇ ਤੁਸੀਂ ਉਹਨਾਂ ਦੇ ਦੰਡ ਬਾਰੇ ਕੀ ਕਹੋਗੇ, ਜਿਹਨਾਂ ਨੂੰ ਦੰਭੀ ਅਤੇ ਘੁਮੰਡੀ ਬ੍ਰਾਹਮਣਾਂ ਨੇ ਜਾਣ ਬੁੱਝ ਕੇ ਅਗਿਆਨੀ ਤੇ ਅਨਪੜ੍ਹ ਬਣਾਈ ਰੱਖਿਆ ਅਤੇ ਜਿਹਨਾਂ ਨੂੰ ਤੁਹਾਡੀਆਂ ਗਿਆਨ ਦੀਆਂ ਪਵਿੱਤਰ ਪੁਸਤਕਾਂ-ਵੇਦਾਂ ਦੇ ਕੁਝ ਵਾਕ ਸੁਣ ਲੈਣ ਕਾਰਨ ਕੰਨਾਂ ਵਿਚ ਪਿਘਲੇ ਹੋਏ ਸ਼ੀਸ਼ੇ ਦਾ ਤਰਲ ਪਾ ਦਿੱਤਾ ਜਾਂਦਾ ਸੀ ਤੇ ਇਸ ਸਜ਼ਾ ਨੂੰ ਭੁਗਤਣਾ ਪੈਂਦਾ ਸੀ? ਜੇਕਰ ਉਹ ਕੋਈ ਅਪਰਾਧ ਕਰਦੇ ਹਨ ਤਾਂ ਉਸ ਲਈ ਕੌਣ ਜ਼ਿੰਮੇਵਾਰ ਹੋਵੇਗਾ ਤੇ ਉਸ ਦੀ ਸਜ਼ਾ ਜਾਂ ਦੰਡ ਕੌਣ ਭੁਗਤੇਗਾ? ਮੇਰੇ ਪਿਆਰੇ ਦੋਸਤੋ, ਇਹ ਸਾਰੇ ਸਿਧਾਂਤ ਵਿਸ਼ੇਸ਼ ਅਧਿਕਾਰ ਪ੍ਰਾਪਤ ਲੋਕਾਂ ਦੇ ਦਿੱਤੇ ਹੋਏ ਹਨ।

ਇਹ ਆਪਣੀ ਹਥਿਆਈ ਹੋਈ ਸ਼ਕਤੀ, ਪੂੰਜੀ ਤੇ ਉੱਚਤਾ ਨੂੰ ਇਹਨਾਂ ਸਿਧਾਂਤਾਂ ਦੇ ਆਧਾਰ ਤੇ ਸਹੀ ਠਹਿਰਾਉਂਦੇ ਹਨ। ਜੀ ਹਾਂ, ਸ਼ਾਇਦ ਉਹ ਅਪਰਨ ਸਿਕਲੇਮਾਰ ਹੀ ਸੀ, ਜਿਸ ਨੇ ਕਿਸੇ ਥਾਂ ਲਿਖਿਆ ਸੀ ਕਿ 'ਮਨੁੱਖ ਨੂੰ ਸਿਰਫ ਆਤਮਾ ਦੇ ਅਮਰ ਹੋਣ ਦਾ ਵਿਸ਼ਵਾਸ ਕਰਾ ਦਿਓ ਅਤੇ ਉਸ ਤੋਂ ਬਾਅਦ ਉਸ ਦੀ ਸਾਰੀ ਧੰਨ ਦੌਲਤ ਦੇ ਪੂੰਜੀ ਲੁੱਟ ਲਓ। ਉਹ ਬਿਨਾਂ ਕਿਸੇ ਰੁਕਾਵਟ ਦੇ ਇਸ ਕੰਮ ਵਿਚ ਤੁਹਾਡੀ ਸਹਾਇਤਾ ਕਰੇਗਾ। ਧਰਮ ਦੇ ਉਪਦੇਸ਼ਕਾਂ ਤੇ ਸੱਤਾ ਦੇ ਸਵਾਮੀਆਂ ਦੇ ਸੰਗਠਨ ਨਾਲ ਹੀ ਜੇਲ੍ਹ, ਫਾਂਸੀ, ਕੌੜੇ ਅਤੇ ਇਹ ਸਿਧਾਂਤ ਉਪਜਦੇ ਹਨ।

ਮੈਂ ਪੁੱਛਦਾ ਹਾਂ ਤੁਹਾਡਾ ਸਰਵ-ਸ਼ਕਤੀਮਾਨ ਪ੍ਰਮਾਤਮਾ ਹਰ ਵਿਅਕਤੀ ਨੂੰ ਉਸ ਸਮੇਂ ਕਿਉਂ ਨਹੀਂ ਰੋਕਦਾ, ਜਦ ਕੋਈ ਪਾਪ ਜਾਂ ਅਪਰਾਧ ਕਰ ਰਿਹਾ ਹੁੰਦਾ ਹੈ? ਇਹ ਤਾਂ ਉਹ ਬਹੁਤ ਆਸਾਨੀ ਨਾਲ ਕਰ ਸਕਦਾ ਹੈ। ਉਸ ਨੇ ਕਿਉਂ ਨਹੀਂ ਲੜਾਕੂ ਰਾਜਿਆਂ ਨੂੰ ਜਾਂ ਉਹਨਾਂ ਅੰਦਰ ਲੜਨ ਦੀ ਇੱਛਾ ਨੂੰ ਸਮਾਪਤ ਨਹੀਂ ਕੀਤਾ। ਇਸ ਤਰ੍ਹਾਂ ਸੰਸਾਰ ਯੁੱਧ ਦੁਆਰਾ ਮਾਨਵਤਾ ਤੇ ਪੈਣ ਵਾਲੀ ਬਿਪਤਾ ਤੋਂ ਕਿਉਂ ਨਹੀਂ ਬਚਾਇਆ? ਉਸਨੇ ਅੰਗਰੇਜ਼ਾਂ ਦੇ ਮਨ ਵਿਚ ਭਾਰਤ ਨੂੰ ਮੁਕਤ ਕਰਨ ਦੀ ਭਾਵਨਾ ਕਿਉਂ ਨਹੀਂ ਪੈਦਾ ਕੀਤੀ? ਉਹ ਕਿਉਂ ਨਹੀਂ ਪੂੰਜੀਪਤੀਆਂ ਦੇ ਹਿਰਦੇ ਵਿਚ ਇਹ ਪਰ ਉਪਕਾਰੀ ਉਤਸ਼ਾਹ ਭਰ ਦਿੰਦਾ ਕਿ ਉਹ ਉਤਪਾਦਨ ਦੇ ਸਾਧਨਾਂ ਤੇ ਵਿਅਕਤੀਗਤ ਸੰਪਤੀ ਦਾ ਆਪਣਾ ਅਧਿਕਾਰ ਤਿਆਗ ਦੇਵੇ ਅਤੇ ਇਸ ਪ੍ਰਕਾਰ ਨਾ ਕੇਵਲ ਪੂਰਾ ਮਿਹਨਤਕਸ਼ ਵਰਗ, ਸਮੁੱਚਾ ਮਾਨਵ ਵਰਗ, ਪੂੰਜੀਵਾਦ ਦੀਆਂ ਬੇੜੀਆਂ ਤੋਂ ਮੁਕਤ ਹੋ ਜਾਵੇ। ਤੁਸੀਂ ਸਮਾਜਵਾਦ ਦੀ ਵਿਵਹਾਰਿਕਤਾ ਤੇ ਤਰਕ ਕਰਨਾ ਚਾਹੁੰਦੇ ਹੋ। ਮੈਂ ਇਸ ਨੂੰ ਤੁਹਾਡੇ ਸਰਵ-ਸ਼ਕਤੀਮਾਨ ਤੇ ਛੱਡ ਦਿੰਦਾ ਹਾਂ ਕਿ ਉਹ ਇਸ ਨੂੰ ਲਾਗੂ ਕਰੇ। ਜਿੱਥੇ ਤੱਕ ਜਨ-ਸਮੂਹ ਦੀ ਭਲਾਈ ਦੀ ਗੱਲ ਹੈ, ਲੋਕ ਸਮਾਜਵਾਦ ਦੇ ਗੁਣਾਂ ਨੂੰ ਮੰਨਦੇ ਹਨ ਪਰ ਉਹ ਇਸਦੇ ਵਿਵਹਾਰਿਕ ਨਾ ਹੋਣ ਦਾ ਬਹਾਨਾ ਲੈ ਕੇ ਇਸ ਦਾ ਵਿਰੋਧ ਕਰਦੇ ਹਨ। ਚਲੋ! ਤੁਹਾਡਾ ਪ੍ਰਮਾਤਮਾ ਆਵੇ ਤੇ ਉਹ ਹਰ ਚੀਜ਼ ਨੂੰ ਸਹੀ ਤਰੀਕੇ ਨਾਲ ਕਰ ਦੇਵੇ। ਹੁਣ ਘੁੰਮ-ਫਿਰ ਕੇ ਤਰਕ ਕਰਨ ਦਾ ਯਤਨ ਨਾ ਕਰੋ, ਇਹ ਸਭ ਵਿਕਾਰ ਦੀਆਂ ਗੱਲਾਂ ਹਨ। ਮੈਂ ਆਪ ਨੂੰ ਇਹ ਦੱਸ ਦਿੰਦਾ ਹਾਂ ਕਿ ਅੰਗਰੇਜ਼ਾਂ ਦੀ ਹਕੂਮਤ ਇੱਥੇ ਇਸ ਲਈ ਨਹੀਂ ਹੈ ਕਿ ਪ੍ਰਮਾਤਮਾ ਚਾਹੁੰਦਾ ਹੈ, ਬਲਕਿ ਇਸ ਲਈ ਹੈ ਕਿ ਉਹਨਾਂ ਕੋਲ ਤਾਕਤ ਹੈ ਤੇ ਸਾਡੇ ਪਾਸ ਉਹਨਾਂ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਹੈ। ਉਹਨਾਂ ਨੇ ਸਾਨੂੰ ਆਪਣੇ ਪ੍ਰਮਾਤਮਾ ਦੀ ਤਾਕਤ ਨਾਲ ਗੁਲਾਮ ਨਹੀਂ ਰੱਖਿਆ ਹੋਇਆ, ਬਲਕਿ ਬੰਦੂਕਾਂ, ਰਾਈਫਲਾਂ, ਬੰਬ ਅਤੇ ਗੋਲੀਆਂ, ਪੁਲਿਸ ਅਤੇ ਸੈਨਾ ਦੇ ਸਹਾਰੇ ਗੁਲਾਮ ਬਣਾਇਆ ਹੋਇਆ ਹੈ। ਇਹ ਸਾਡੀ ਹੀ ਉਦਾਸੀਨਤਾ ਹੈ ਕਿ ਉਹ ਸਮਾਜ ਦੇ ਵਿਰੁੱਧ ਸਭ ਤੋਂ ਨਿੰਦਯੋਗ ਅਪਰਾਧ- ਇਕ ਰਾਸ਼ਟਰ ਦਾ ਦੂਜੇ ਰਾਸ਼ਟਰ ਦੁਆਰਾ ਅੱਤਿਆਚਾਰ ਪੂਰਨ ਸ਼ੋਸ਼ਣ-ਸਫਲਤਾ ਪੂਰਵਕ ਕਰ ਰਹੇ ਹਨ। ਕਿੱਥੇ ਹੈ ਪ੍ਰਮਾਤਮਾ? ਉਹ ਕੀ ਕਰ ਰਿਹਾ ਹੈ? ਕੀ ਪ੍ਰਮਾਤਮਾ ਮਨੁੱਖ ਜਾਤੀ ਦੇ ਇਹਨਾਂ ਕਸ਼ਟਾਂ ਦਾ ਸੁਆਦ ਲੈ ਰਿਹਾ ਹੈ? ਉਹ ਨੀਰੋ ਹੈ, ਚੰਗੇਜ਼ ਹੈ, ਤਾਂ ਉਸ ਦਾ ਨਾਸ਼ ਹੋਵੇ।



ਕੀ ਤੁਸੀਂ ਮੈਨੂੰ ਪੁੱਛਦੇ ਹੋ ਕਿ ਮੈਂ ਇਸ ਵਿਸ਼ਵ ਦੀ ਉਤਪੱਤੀ ਤੇ ਮਾਨਵ ਦੀ ਉਤਪੱਤੀ ਦੀ ਵਿਆਖਿਆ ਕਿਸ ਤਰ੍ਹਾਂ ਕਰਦਾ ਹਾਂ। ਠੀਕ ਹੈ, ਮੈਂ ਤੁਹਾਨੂੰ ਦੱਸਦਾ ਹਾਂ। ਚਾਰਲਸ ਡਾਰਵਨ ਨੇ ਇਸ ਵਿਸ਼ਵ ਦੀ ਉਤਪੱਤੀ ਬਾਰੇ ਆਪਣੇ ਕੁਝ ਵਿਚਾਰ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਉਸ ਨੂੰ ਪੜ੍ਹੋ। ਸੋਹਣ ਸੁਆਮੀ ਦੀ 'ਸਹਜ ਗਿਆਨ' ਪੜ੍ਹੋ। ਤੁਹਾਨੂੰ ਕਿਸੇ ਹੱਦ ਤੱਕ ਉੱਤਰ ਮਿਲ ਜਾਵੇਗਾ। ਇਹ 'ਵਿਸ਼ਵ-ਸ੍ਰਿਸ਼ਟੀ' ਇਕ ਪ੍ਰਾਕਿਰਤਕ ਘਟਨਾ ਹੈ। ਭਿੰਨ ਭਿੰਨ ਪਦਾਰਥਾਂ ਦੇ ਅਣੂਆਂ ਦੇ ਆਕਾਰ ਦੇ ਮਿਸ਼ਰਣ ਨਾਲ ਰਸਾਇਣਕ ਪਰਿਵਰਤਨ ਹੋਣ ਨਾਲ, ਇਹ ਧਰਤੀ ਹੋਂਦ ਵਿਚ ਆਈ। ਕਦੋਂ? ਇਤਿਹਾਸ ਦੇਖੋ। ਇਸ ਪ੍ਰਕਾਰ ਦੀ ਘਟਨਾ ਨਾਲ ਜੀਵ-ਜੰਤੂ ਪੈਦਾ ਹੋਏ ਅਤੇ ਇਕ ਲੰਮੇ ਦੌਰ ਬਾਅਦ ਮਾਨਵ ਪੈਦਾ ਹੋਇਆ। ਡਾਰਵਨ ਦੀ 'ਜੀਵ ਦੀ ਉਤਪੱਤੀ' ਪੜ੍ਹੋ। ਅਤੇ ਇਹ ਸਾਰਾ ਵਿਕਾਸ ਮਨੁੱਖ ਦੁਆਰਾ ਪ੍ਰਕਿਰਤੀ ਨਾਲ ਲਗਾਤਾਰ ਸੰਘਰਸ਼ ਤੇ ਇਸ ਤੇ ਜਿੱਤ ਪ੍ਰਾਪਤ ਕਰਨ ਦੀ ਚੇਸ਼ਟਾ ਨਾਲ ਪੈਦਾ ਹੋਇਆ। ਇਹ ਇਸ ਘਟਨਾ ਦੀ ਸੰਖੇਪ ਜਿਹੀ ਸੰਭਵ ਵਿਆਖਿਆ ਹੈ।

ਤੁਹਾਡਾ ਦੂਸਰਾ ਤਰਕ ਇਹ ਹੋ ਸਕਦਾ ਹੈ ਕਿ ਇਕ ਬੱਚਾ ਅੰਨ੍ਹਾ ਜਾਂ ਲੰਗੜਾ ਕਿਉਂ ਪੈਦਾ ਹੁੰਦਾ ਹੈ? ਅਗਰ ਇਹ ਉਸ ਦੇ ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦਾ ਫਲ ਹੈ ਤਾਂ? ਜੀਵ ਵਿਗਿਆਨੀਆਂ ਨੇ ਇਸ ਦਾ ਵਿਗਿਆਨਕ ਸਮਾਧਾਨ ਕੱਢਿਆ ਹੈ। ਉਹਨਾਂ ਅਨੁਸਾਰ ਇਸ ਦੀ ਸਾਰੀ ਜ਼ਿੰਮੇਵਾਰੀ ਮਾਤਾ-ਪਿਤਾ ਦੇ ਕੰਧਿਆਂ ਤੇ ਨਿਰਭਰ ਕਰਦੀ ਹੈ, ਜਿਹੜੇ ਆਪਣੀਆਂ ਉਹਨਾਂ ਜ਼ਿੰਮੇਵਾਰੀਆਂ ਦੀ ਲਾਪਰਵਾਹੀ ਕਰਦੇ ਹਨ ਜੋ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਉਸ ਨੂੰ ਅਪੰਗ ਬਣਾ ਦਿੰਦੀਆਂ ਹਨ।

ਇਹ ਸੰਭਵ ਹੈ ਕਿ ਤੁਸੀਂ ਇਕ ਹੋਰ ਸਵਾਲ ਪੁੱਛ ਸਕਦੇ ਹੋ- ਉਹ ਇਹ ਹੈ ਕਿ ਜੇਕਰ ਪ੍ਰਮਾਤਮਾ ਕਿਤੇ ਨਹੀਂ ਹੈ ਤਾਂ ਲੋਕ ਇਸ ਵਿਚ ਵਿਸ਼ਵਾਸ ਕਿਉਂ ਕਰਦੇ ਹਨ? ਮੇਰਾ ਉਤਰ ਬੜਾ ਸੰਖੇਪ ਤੇ ਸਪਸ਼ਟ ਹੋਵੇਗਾ- ਜਿਸ ਤਰ੍ਹਾਂ ਲੋਕ ਭੂਤ-ਪਰੇਤ ਤੇ ਦੁਸ਼ਟ ਆਤਮਾ ਵਿਚ ਵਿਸ਼ਵਾਸ ਕਰਨ ਲੱਗੇ, ਉਸੇ ਤਰ੍ਹਾਂ ਹੀ ਪ੍ਰਮਾਤਮਾ ਨੂੰ ਮੰਨਣ ਲੱਗ ਪਏ। ਫਰਕ ਸਿਰਫ ਇੰਨਾ ਹੈ ਕਿ ਪ੍ਰਮਾਤਮਾ ਵਿਚ ਵਿਸ਼ਵਾਸ ਵਿਸ਼ਵ-ਵਿਆਪੀ ਹੈ ਅਤੇ ਉਸ ਦਾ ਦਰਸ਼ਨ ਅਤਿਅੰਤ ਵਿਕਸਤ ਹੈ। ਇਸ ਦੇ ਬਾਵਜੂਦ ਵੀ ਮੈਂ ਇਸ ਦੀ ਉਤਪੱਤੀ ਦਾ ਸਿਹਰਾ ਉਹਨਾਂ ਵਿਸ਼ੇਸ਼ ਵਿਅਕਤੀਆਂ ਦੀ ਪ੍ਰਤਿਭਾ ਨੂੰ ਨਹੀਂ ਦਿੰਦਾ, ਜਿਹੜੇ ਪ੍ਰਮਾਤਮਾ ਦੀ ਹੋਂਦ ਦਾ ਉਪਦੇਸ਼ ਦੇ ਕੇ ਲੋਕਾਂ ਨੂੰ ਆਪਣੇ ਵੱਸ ਵਿਚ ਰੱਖਣਾ ਚਾਹੁੰਦੇ ਹਨ ਅਤੇ ਆਪਣੀ ਵਿਸ਼ੇਸ਼ ਸਥਿਤੀ ਦਾ ਅਧਿਕਾਰ ਆਪਣੇ ਕੋਲ ਰੱਖ ਕੇ ਆਪਣੀ ਪੂਜਾ ਚਾਹੁੰਦੇ ਹਨ। ਜਦਕਿ ਮੇਰਾ ਮੂਲ ਬਿੰਦੂ ਤੇ ਉਹਨਾਂ ਨਾਲ ਵਿਰੋਧ ਨਹੀਂ ਹੈ ਕਿ ਸਾਰੇ ਧਰਮ, ਸੰਪਾਰਦਾਵਾਂ, ਪੰਥ ਤੇ ਹੋਰ ਅਜਿਹੀਆਂ ਸੰਸਥਾਵਾਂ ਅੰਤ ਵਿਚ ਨਿਰਦਈ ਤੇ ਸ਼ੋਸ਼ਿਤ ਸੰਸਥਾਵਾਂ, ਵਿਅਕਤੀਆਂ ਤੇ ਵਰਗਾਂ ਦੀ ਸਮਰਥਕ ਹੋ ਜਾਂਦੀ ਹੈ। ਰਾਜਿਆਂ ਦੇ ਵਿਰੁੱਧ ਵਿਦਰੋਹ ਹਰ ਧਰਮ ਵਿਚ ਸਦਾ ਪਾਪ ਹੀ ਰਿਹਾ ਹੈ।

ਈਸ਼ਵਰ ਦੀ ਉਤਪੱਤੀ ਬਾਰੇ ਮੇਰਾ ਆਪਣਾ ਵਿਚਾਰ ਇਹ ਹੈ ਕਿ ਮਨੁੱਖ ਨੇ ਆਪਣੀਆਂ ਸੀਮਾਵਾਂ, ਦੁਰਬਲਤਾ ਤੇ ਕਮੀਆਂ ਨੂੰ ਸਮਝਣ ਦੇ ਬਾਅਦ ਇੰਤਜ਼ਾਰ ਦੀਆਂ ਘੜੀਆਂ ਦਾ ਬਹਾਦਰੀ ਨਾਲ ਸਾਹਮਣਾ ਕਰਨ, ਆਪਣੇ ਆਪ ਨੂੰ ਉਤਸ਼ਾਹਿਤ ਕਰਨ, ਸਭ ਖ਼ਤਰਿਆਂ ਦਾ ਮਰਦਾਨਗੀ ਨਾਲ ਮੁਕਾਬਲਾ ਕਰਨ ਤਥਾ ਸੰਪਨਤਾ ਤੇ ਐਸ਼ ਪ੍ਰਸਤੀ ਵਿਚ ਬੱਝਣ ਲਈ ਈਸ਼ਵਰ ਦੀ ਕਾਲਪਨਿਕ ਹੋਂਦ ਦੀ ਰਚਨਾ ਕੀਤੀ ਗਈ। ਆਪਣੇ ਵਿਅਕਤੀਗਤ ਨਿਯਮਾਂ ਅਤੇ ਆਪਣੀਆਂ ਅਨੁਭਵੀ ਉਦਾਰਤਾ ਨਾਲ ਪੂਰਨ ਪਰਮਾਤਮਾ ਦੀ ਵਧਾਅ-ਚੜ੍ਹਾਅ ਕੇ ਕਲਪਨਾ ਅਤੇ ਚਿੱਤਰਣਾ ਕੀਤੀ ਹੈ। ਜਦ ਉਸ ਦੀ ਉਗਰਤਾ ਤੇ ਵਿਅਕਤੀਗਤ ਨਿਯਮਾਂ ਦੀ ਚਰਚਾ ਹੁੰਦੀ ਹੈ ਤਾਂ ਉਸ ਦਾ ਉਪਯੋਗ ਇਕ ਡਰਾਉਣ ਵਾਲੇ ਦੇ ਰੂਪ ਵਿਚ ਕੀਤਾ ਜਾਂਦਾ ਹੈ ਤਾਂ ਉਸ ਦਾ ਉਪਯੋਗ ਇਕ ਪਿਤਾ, ਮਾਤਾ, ਭਾਈ, ਭੈਣ, ਦੋਸਤ ਅਤੇ ਸਹਾਇਕ ਦੀ ਤਰ੍ਹਾਂ ਕੀਤਾ ਜਾਂਦਾ ਹੈ। ਇਸ ਤਰ੍ਹਾਂ ਜਦੋਂ ਮਨੁੱਖ ਆਪਣੇ ਸਾਰੇ ਦੋਸਤਾਂ ਦੇ ਵਿਸ਼ਵਾਸਘਾਤ ਅਤੇ ਉਹਨਾਂ ਦੁਆਰਾ ਤਿਆਗ ਦੇਣ ਨਾਲ ਅਤਿਅੰਤ ਦੁਖੀ ਹੋਵੇ ਤਾਂ ਉਸ ਨੂੰ ਇਸ ਵਿਚਾਰ ਨਾਲ ਤਸੱਲੀ ਮਿਲ ਸਕਦੀ ਹੈ ਕਿ ਇਕ ਸੱਚਾ ਦੋਸਤ ਉਸ ਦੀ ਸਹਾਇਤਾ ਕਰਨ ਲਈ ਹੈ, ਉਸ ਨੂੰ ਸਹਾਰਾ ਦੇਵੇਗਾ, ਜੋ ਕਿ ਸਰਵ-ਸ਼ਕਤੀਮਾਨ ਹੈ ਤੇ ਉਹ ਕੁਝ ਵੀ ਕਰ ਸਕਦਾ ਹੈ। ਵਾਸਤਵ ਵਿਚ ਇਹ ਆਦਮ ਕਾਲ ਵਿਚ ਇਕ ਸਮਾਜ ਲਈ ਲਾਭਕਾਰੀ ਸੀ। ਮੁਸੀਬਤਾਂ ਵਿਚ ਪਏ ਹੋਏ ਮਨੁੱਖ ਲਈ ਰੱਬ ਦੀ ਕਲਪਨਾ ਸਹਾਇਕ ਹੁੰਦੀ ਹੈ।

ਸਮਾਜ ਨੂੰ ਇਸ ਪ੍ਰਮਾਤਮਾ ਦੇ ਵਿਸ਼ਵਾਸ ਵਿਰੁੱਧ ਉਸੇ ਤਰ੍ਹਾਂ ਲੜਨਾ ਪਵੇਗਾ, ਜਿਸ ਤਰ੍ਹਾਂ ਮੂਰਤੀ-ਪੂਜਾ ਤੇ ਧਰਮ ਸਬੰਧੀ ਸ਼ੂਦਰ ਵਿਚਾਰਾਂ ਦੇ ਵਿਰੁੱਧ ਲੜਨਾ ਪਿਆ ਸੀ। ਇਸ ਤਰ੍ਹਾਂ ਮਨੁੱਖ ਜਦੋਂ ਆਪਣੇ ਪੈਰਾਂ ਤੇ ਖੜ੍ਹੇ ਹੋਣ ਦਾ ਯਤਨ ਕਰਨ ਲੱਗੇ ਅਤੇ ਯਥਾਰਥਵਾਦੀ ਬਣ ਜਾਵੇ ਤਾਂ ਉਸ ਨੂੰ ਪ੍ਰਮਾਤਮਾ ਦੀ ਸ਼ਰਧਾ ਨੂੰ ਇਕ ਪਾਸੇ ਸੁੱਟ ਦੇਣਾ ਚਾਹੀਦਾ ਹੈ ਅਤੇ ਉਹਨਾਂ ਸਾਰੇ ਕਸ਼ਟਾਂ, ਪ੍ਰੇਸ਼ਾਨੀਆਂ ਤੇ ਔਕੜਾਂ ਦਾ ਬੜੀ ਦ੍ਰਿੜ੍ਹਤਾ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ, ਇਸ ਤਰ੍ਹਾਂ ਹਾਲਾਤ ਪਲਟਾ ਲਿਆ ਸਕਦੇ ਹਨ।

ਮੇਰੀ ਸਥਿਤੀ ਅੱਜ ਉਹੀ ਹੈ। ਇਹ ਮੇਰੀ ਹੰਕਾਰ ਜਾਂ ਹਉਮੈ ਨਹੀਂ। ਮੇਰੇ ਦੋਸਤੋ, ਇਹ ਮੇਰੇ ਸੋਚਣ ਦਾ ਹੀ ਤਰੀਕਾ ਹੈ, ਜਿਸ ਨੇ ਮੈਨੂੰ ਨਾਸਤਿਕ ਬਣਾਇਆ ਹੈ। ਮੈਂ ਨਹੀਂ ਜਾਣਦਾ ਕਿ ਪ੍ਰਮਾਤਮਾ ਵਿਚ ਵਿਸ਼ਵਾਸ ਅਤੇ ਰੋਜ਼-ਰੋਜ਼ ਦੀ ਪ੍ਰਾਰਥਨਾ- ਜਿਸ ਨੂੰ ਮੈਂ ਮਨੁੱਖ ਦਾ ਸਭ ਤੋਂ ਵੱਧ ਸਵਾਰਥਪੁਣਾ ਅਤੇ ਇਕ ਗਿਰਿਆ ਹੋਇਆ ਕੰਮ ਮੰਨਦਾ ਹਾਂ- ਮੇਰੇ ਲਈ ਸਹਾਇਕ ਸਿੱਧ ਹੋਵੇਗੀ ਜਾਂ ਮੇਰੇ ਹਾਲਾਤਾਂ ਨੂੰ ਹੋਰ ਵੀ ਚੌਪਟ ਕਰ ਦੇਵੇਗੀ। ਮੈਂ ਉਹਨਾਂ ਨਾਸਤਿਕਾਂ ਬਾਰੇ ਪੜ੍ਹਿਆ ਹੈ ਜਿਹਨਾਂ ਨੇ ਹਰ ਮੁਸੀਬਤ ਦਾ ਬੜੀ ਬਹਾਦਰੀ ਨਾਲ ਟਾਕਰਾ ਕੀਤਾ ਹੈ। ਅਖੀਰ ਮੈਂ ਵੀ ਇਕ ਮਰਦ ਦੀ ਤਰ੍ਹਾਂ ਫਾਂਸੀ ਦੇ ਫੰਦੇ ਦੀ ਅੰਤਿਮ ਘੜੀ ਤੱਕ ਸਿਰ ਉੱਚਾ ਚੁੱਕ ਕੇ ਖੜ੍ਹਾ ਰਹਿਣਾ ਚਾਹੁੰਦਾ ਹਾਂ।

ਦੇਖਣਾ ਹੈ ਕਿ ਮੈਂ ਇਸ ਕਸਵੱਟੀ ਤੇ ਕਿੰਨਾ ਕੁ ਖਰਾ ਉਤਰਦਾ ਹਾਂ। ਮੇਰੇ ਇਕ ਦੋਸਤ ਨੇ ਮੈਨੂੰ ਪ੍ਰਾਰਥਨਾ ਕਰਨ ਲਈ ਕਿਹਾ। ਜਦੋਂ ਮੈਂ ਉਸ ਨੂੰ ਆਪਣੇ ਨਾਸਤਿਕ ਹੋਣ ਦੀ ਗੱਲ ਦੱਸੀ ਤਾਂ ਉਸ ਨੇ ਕਿਹਾ, 'ਦੇਖ ਲੈਣਾ, ਆਪਣੇ ਅੰਤਿਮ ਦਿਨਾਂ ਵਿਚ ਤੁਸੀਂ ਈਸ਼ਵਰ ਨੂੰ ਮੰਨਣ ਲੱਗੋਗੇ। ਮੈਂ ਕਿਹਾ, 'ਨਹੀਂ ਪਿਆਰੇ ਦੋਸਤ, ਇਸ ਤਰ੍ਹਾਂ ਨਹੀਂ ਹੁੰਦਾ। ਇਸ ਤਰ੍ਹਾਂ ਕਰਨਾ ਮੇਰੇ ਲਈ ਅਪਮਾਨਜਨਕ ਤੇ ਹਾਰ ਮੰਨ ਜਾਣ ਵਾਲੀ ਗੱਲ ਹੋਵੇਗੀ।

ਸਵਾਰਥ ਲਈ ਮੈਂ ਈਸ਼ਵਰ ਦੀ ਪ੍ਰਾਰਥਨਾ ਨਹੀਂ ਕਰੂੰਗਾ। ਪਾਠਕੋ ਅਤੇ ਮੇਰੇ ਪਿਆਰੇ ਦੋਸਤੋ! ਕੀ ਇਹ ਹੰਕਾਰ

**(ਬਾਕੀ ਅਗਲੇ ਸਫੇ 'ਤੇ)**

### 7 ਅਗਸਤ ਨੂੰ ਸਾਲਾਨਾ ਜੋੜ ਮੇਲੇ 'ਤੇ ਵਿਸ਼ੇਸ਼

# ਇਤਿਹਾਸਕ ਗੁਰਦੁਆਰਾ ਸ੍ਰੀ ਝਾੜ ਸਾਹਿਬ ਪਾਤਸ਼ਾਹੀ ਦਸਵੀਂ ਜਿਲ੍ਹਾ ਲੁਧਿਆਣਾ



ਤਸਵਿੰਦਰ ਸਿੰਘ ਬੜੈਚ
91-98763-22677

ਇਹ ਅਸਥਾਨ ਸਮਰਾਲਾ-ਬਹਿਲੋਲਪੁਰ ਸੜਕ 'ਤੇ ਸਹਿਰ ਸਮਰਾਲਾ ਤੋਂ 10 ਕੁ ਕਿਲੋਮੀਟਰ ਅਤੇ ਸਰਹੰਦ ਨਹਿਰ ਦੇ ਕਿਨਾਰੇ-ਕਿਨਾਰੇ ਜਾਂਦੀ ਰੋਪੜ-ਦੋਰਾਹਾ ਸੜਕ ਤੋਂ ਕੁੱਝ ਕੁ ਮੀਟਰ ਦੀ ਦੂਰੀ 'ਤੇ ਸਥਿਤ ਹੈ, ਜਿਸ ਨੂੰ ਖਾਲਸਾ ਪੰਥ ਦੇ ਸਿਰਜਕ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ। ਸੰਨ 1704 ਵਿਚ ਜੁਲਮੀ ਕਹਿਰ ਦੇ ਵਿਰੁੱਧ ਲੜਦੇ ਹੋਏ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਮਕੌਰ ਦੀ ਗੜ੍ਹੀ ਵਿਚੋਂ ਸਾਹਿਬਜਾਦਿਆਂ ਦੀ ਸਹੀਦੀ ਉਪਰੰਤ ਪੰਜ ਪਿਆਰੇ ਸਹਿਬਾਨ ਦਾ ਹੁਕਮ ਮੰਨਦੇ ਹੋਏ ਕਲਗੀ ਭਾਈ ਸੰਗਤ ਸਿੰਘ ਨੂੰ ਸੌਂਪ ਕੇ ਪੋਹ ਮਹੀਨੇ ਦੀ ਠੰਢੀ-ਠਾਰ ਰਾਤ ਵਿਚ ਚਲ ਕੇ ਪਿੰਡ ਚੂਹੜਪੁਰ ਵਿਖੇ ਇੱਕ ਝਾੜ ਹੇਠਾਂ ਆਰਾਮ ਕੀਤਾ। ਇਥੇ ਹੀ ਗੁਰੂ ਸਾਹਿਬ ਨੇ ਆਪਣੇ ਇਕ ਅਨਿਨ ਸਾਧੂ ਨੂੰ ਦਰਸ਼ਨ ਦੇ ਕੇ ਉਸਦੇ ਮਨ ਦੀਆਂ ਮੁਰਾਦਾਂ ਪੂਰੀਆਂ ਕੀਤੀਆਂ ਅਤੇ ਉਸਦਾ ਜੀਵਨ ਸਫਲ ਕੀਤਾ। ਇਸ ਅਸਥਾਨ ਪੁਰ ਦਸਮੇਸ਼ ਪਿਤਾ ਜੀ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਝਾੜ ਸਾਹਿਬ ਦੀ ਆਲੀਸ਼ਾਨ ਇਮਾਰਤ ਸੁਸ਼ੋਭਿਤ ਹੈ। ਇਸ ਗੁਰੂ-ਘਰ ਦੀ ਸ਼ਾਨਦਾਰ ਸਫੈਦ ਇਮਾਰਤ ਹੈ, ਜੋ ਬੁਲੰਦ ਨਿਸ਼ਾਨ ਸਾਹਿਬ ਕਾਰਨ ਦੂਰ ਤੋਂ ਹੀ ਨਜ਼ਰ ਆਉਂਦੀ ਹੈ। ਇਸ ਅਸਥਾਨ ਦੀ ਸੇਵਾ ਸੰਤ ਬਾਬਾ ਪਿਆਰਾ ਸਿੰਘ ਜੀ ਝਾੜ ਸਾਹਿਬ ਵਾਲਿਆ ਦੁਆਰਾ ਆਪਣੇ-ਹੱਥੀ ਕਰਵਾਈ ਅਤੇ ਲੰਮਾਂ ਸਮਾਂ ਇਲਾਕਾ ਨਿਵਾਸੀਆਂ ਨੂੰ ਗੁਰਬਾਣੀ, ਸਿਮਰਨ ਅਤੇ ਸੇਵਾ ਨਾਲ ਜੋੜਿਆ। ਗੁਰੂ ਜੀ ਦੀ ਚਰਨ ਛੋਹ ਪ੍ਰਾਪਤ ਇਸ ਪਵਿੱਤਰ ਅਸਥਾਨ ਤੇ ਸੰਸਾਰ ਵਿਚੋਂ ਲੱਖ ਸਰਧਾਲੂ ਪੁੱਜਦੇ ਹਨ ਅਤੇ ਨਮਸਕਾਰ ਕਰਕੇ ਆਪਣਾ ਜੀਵਨ ਸਫਲ ਕਰਦੇ ਹਨ। ਇਸ ਗੁਰਦੁਆਰਾ ਸਾਹਿਬ ਵਿਖੇ ਹਰ ਮਹੀਨੇ ਸੰਗਰਾਂਦ ਦੇ ਦਿਹਾੜੇ ਤੇ ਭਾਰੀ ਜੋੜ ਮੇਲਾ ਲੱਗਦਾ ਹੈ। ਉਂਜ ਵੀ ਹਰ ਸਮੇਂ ਨਤਮਸਤਕ ਹੋਣ ਵਾਲੀਆਂ ਸੰਗਤਾਂ ਦਾ ਤਾਂਤਾ ਲੱਗਿਆ ਰਹਿੰਦਾ ਹੈ। ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਅਧੀਨ ਹੈ। ਬਾਬਾ ਪਿਆਰਾ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਇਸ ਪਾਵਨ ਪਵਿੱਤਰ ਅਸਥਾਨ 'ਤੇ ਹਰ ਸਾਲ ਅਗਸਤ ਮਹੀਨੇ 'ਚ ਵਿਸ਼ਾਲ ਸਾਲਾਨਾ ਜੋੜ ਮੇਲਾ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਹੇਠ ਮਨਾਇਆ ਜਾਂਦਾ ਹੈ, ਜਿੱਥੇ ਸੰਤ-ਮਹਾਂਪੁਰਸ, ਉੱਚ ਕੋਟੀ ਦੇ ਰਾਗੀ, ਢਾਡੀ-ਕਵੀਸ਼ਰ, ਪ੍ਰਚਾਰਕ ਤੇ ਕਥਾਵਾਚਕ ਪਹੁੰਚਦੇ ਹਨ, ਜੋ ਕਥਾ-ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕਰਦੇ ਹਨ। ਗੁਰਦੁਆਰਾ ਸਾਹਿਬ ਦੇ ਨਜਦੀਕ ਹੀ ਲੰਗਰ ਹਾਲ ਦੀ ਵਿਸ਼ਾਲ ਇਮਾਰਤ ਹੈ, ਜਿੱਥੇ ਸੰਗਤਾਂ ਨੂੰ ਗੁਰੂ ਕਾ ਲੰਗਰ ਛਕਾਇਆ ਜਾਂਦਾ ਹੈ। ਕਮੇਟੀ ਵੱਲੋਂ ਸੰਗਤਾਂ ਦੇ ਠਹਿਰਨ ਲਈ ਵੀ ਇਸ ਅਸਥਾਨ 'ਤੇ ਢੁਕਵੇਂ ਪ੍ਰਬੰਧ ਕੀਤੇ ਹੋਏ ਹਨ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਇਲਾਕਾ ਨਿਵਾਸੀਆਂ ਵੱਲੋਂ ਸੌਂਪਿਆ ਲੜਕੀਆਂ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਵੀ ਕੁੱਝ ਕੁ ਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਅਸਥਾਨ ਪੁਰ ਵਿਸਰਾਮ ਕਰਨ ਤੋਂ ਬਾਅਦ ਗੁਰੂ ਜੀ ਮਾਛੀਵਾੜੇ ਦੇ ਜੰਗਲਾਂ ਵਿਚ ਜਾ ਪਹੁੰਚੇ, ਜਿੱਥੇ ਗੁਰਦੁਆਰਾ ਚਰਨ ਕੰਵਲ ਸਾਹਿਬ ਸੁਸ਼ੋਭਿਤ ਹੈ।



# ਸਰਕਾਰੀ ਮਿਡਲ ਸਕੂਲਾਂ ਦੀ ਸਾਰ ਕੌਣ ਲਵੇ?

ਬਲਜਿੰਦਰ ਮਾਨ
91-98150-18947

ਸਰਕਾਰਾਂ ਨੇ ਸਿੱਖਿਆਤੰਤਰ ਨੂੰ ਸੁਧਾਰਨ ਵਾਸਤੇ ਬੜੇ ਯਤਨ ਕੀਤੇ ਅਤੇ ਕਰ ਵੀ ਰਹੀਆਂ ਹਨ।ਜੇਕਰ ਧਿਆਨ ਨਾ਼ਲ ਦੇਖੀਏ ਤਾਂ ਗੱਡੀ ਅਜੇ ਤਕ ਵੀ ਲੀਹੇ ਪਈ ਨਜ਼ਰ ਨਹੀਂ ਆਉਂਦੀ। 2002 ਵਿਚ ਐਲੀਮੈਂਟਰੀ ਅਤੇ ਸੈਕੰਡਰੀ ਸਿਸਟਮ ਲਿਆਂਦਾ ਗਿਆ ਸੀ ਜਿਸ ਤਹਿਰ ਸਿਰਫ ਦੋ ਕਿਸਮਾਂ ਦੇ ਸਕੂਲ ਬਣਨੇ ਸਨ।ਪਹਿਲੀ ਤੋਂ ਅੱਠਵੀ ਓਐਲੀਮੈਂਟਰੀ ਅਤੇ ਨੌਵੀਂ ਤੋਂ ਬਾਰ੍ਹਵੀਂ ਤਕ ਸੈਕੰਡਰੀ। ਸਕੂਲਾਂ ਦੇ ਬੋਰਡ ਤਾਂ ਬਦਲ ਦਿੱਤੇ ਗਏ ਪਰ ਢਾਂਚਾ ਜਿਉਂ ਦਾ ਤਿਉਂ ਹੀ ਰਿਹਾ।ਅਜ ਸਾਡੇ ਕੋਲ ਪ੍ਰਾਇਮਰੀ , ਮਿਡਲ, ਹਾਈ ਅਤੇ ਸੈਕੰਡਰੀ ਸਕੂਲ ਚੱਲ ਰਹੇ ਹਨ। ਭਾਵ ਪਹਿਲਾਂ ਵਾਲਾ ਹੀ ਸਿਸਟਮ ਜਾਰੀ ਰਿਹਾ ਭਾਵੇਂ ਨਾਵਾਂ ਦੀ ਤਬਦੀਲੀ ਜ਼ਰੂਰ ਹੋ ਗਈ।ਸਿੱਖਿਆਤੰਤਰ ਵਿਚ ਕਿੰਨਾ ਕੁ ਸੁਧਾਰ ਹੋਇਆ।

ਜਿਸ ਤੋਂ ਅਸੀ ਸਾਰੇ ਜਾਣੂ ਹਾਂ।ਮਿਡਲ ਸਕੂਲਾਂ ਦੀ ਹੋਂਦ ਬਾਰੇ ਇਕ ਰੌਚਕ ਤੱਥ ਜੋ ਸਾਬਕਾ ਸਿੱਖਿਆ ਮੰਤਰੀ ਚੌਧਰੀ ਗੁਰਮੇਲ ਸਿੰਘ ਹੁਰੀਂ ਸੁਣਾਇਆ ਸੀ ਇਥੇ ਦਰਜ ਕਰਨਾ ਵਾਜ਼ਬ ਹੋਵੇਗਾ।'ਜਦੋਂ ਮੈਂ ਸਿੱਖਿਆ ਮੰਤਰੀ ਸੀ ਤਾਂ ਮੈਂ ਆਪਣੇ ਪਿੰਡ ਸਕਰੂਲੀ ਤੋਂ ਪਿੰਡ ਪਾਲਦੀ,ਭਾਰਟਾ ਜਾਂ ਬੱਢੋਆਣ ਸਰਦੁੱਲਾਪੁਰ ਰਾਹੀਂ ਚੰਡੀਗੜ੍ਹ ਨੂੰ ਜਾਣਾ ਹੁੰਦਾ ਸੀ। ਕਈ ਵਾਰ ਰਸਤੇ ਵਿਚ ਜਾਂ ਕਿਸੇ ਸਮਾਰੋਹ ਵਿਚ ਮੇਰੇ ਦੋਸਤ ਜਾਂ ਕਲਾ-ਸਫੈਲੋ ਮਿਲ ਪੈਂਣੇ। ਉਹਨਾਂ ਇਹੀ ਕਹਿਣਾ ਹੁਣ ਤੁਸੀਂ ਮੰਤਰੀ ਹੋ ਸਾਡਾ ਵੀ ਕੁਝ ਕਰੋ।ਤੇ ਮੈਂ ਇਹਨਾਂ ਸਭ ਪਿੰਡਾਂ ਦੇ ਸਕੂਲ ਪ੍ਰਾਇਮਰੀ ਤੋਂ ਮਿਡਲ ਬਣਾ ਦਿੱਤੇ।ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਕੀ ਇਹਨਾਂ ਸਭ ਪਿੰਡਾਂ ਵਿਚ ਮਿਡਲ ਸਕੂਲ ਲੋੜੀਂਦੇ ਸਨ। ਇਹ ਸਾਰਾ ਘੇਰਾ ਪਿੰਡ ਸਕਰੂਲੀ ਤੋਂ ਦੋ ਢਾਈ ਕਿਲੋਮੀਟਰ ਦਾ ਮਸਾਂ ਹੀ ਬਣਦਾ ਹੈ।ਜਿਸ ਵਿਚ ਚਾਰ ਮਿਡਲ, ਇਕ ਹਾਈ ਅਤੇ ਇਕ ਸੈਕੰਡਰੀ ਸਕੂਲ ਪਹਿਲਾਂ ਹੀ ਮੌਜੂਦ ਸਨ। ਹੁਣ ਤੁਸੀਂ ਸਰਕਾਰੀ ਨੀਤੀਆਂ ਦਾ ਅੰਦਾਜ਼ਾ ਲਗਾ ਸਕਦੇ ਹੋ ਕੇ ਸਕੂਲਾਂ ਨੂੰ ਅੱਪਗ੍ਰੇਡ ਕਰਨ ਦੀ ਨੀਤੀ ਕਿਵੇਂ ਘੜੀ ਜਾਂਦੀ ਹੈ।

ਅਜਿਹੀਆਂ ਨੀਤੀਆਂ ਕਾਰਨ ਹੀ ਅੱਜ ਇਹ ਸਕੂਲ ਆਪਣੀ ਹੋਣੀ ਤੇ ਤਰਸ ਰਹੇ ਹਨ।ਸਟਾਫ ਅਤੇ ਬੱਚੇ ਪੂਰੇ ਨਹੀਂ ਹੋ ਰਹੇ।ਜੇ ਸਟਾਫ ਹੈ ਤਾਂ ਬੱਚੇ ਨਹੀਂ ਜੇ ਬੱਚੇ ਹਨ ਤਾਂ ਸਟਾਫ ਮੈਂਬਰ ਇਕ ਜਾਂ ਦੋ ਹਨ। ਚਾਹੀਦਾ ਤਾਂ ਇਹ ਸੀ ਕਿ ਸਰਕਾਰ ਦੁਆਰਾ ਇਕ ਨੀਤੀ ਘੜੀ ਜਾਂਦੀ ਜਿਸ ਤਹਿਤ ਬੱਚਿਆਂ ਦੀ ਗਿਣਤੀ ,ਸਾਜੋ ਸਮਾਨ ਅਤੇ ਸਟਾਫ਼ ਦਾ ਸਹੀ ਪ੍ਰਬੰਧ ਕੀਤਾ ਜਾਂਦਾ । ਸਕੂਲਾਂ ਦੀਆਂ ਵੱਡੀਆਂ ਇਮਾਰਤਾਂ ਸਾਜੋ ਸਮਾਨ ਨਾਲ ਭਰੇ ਕਮਰਿਆਂ ਦਾ ਉਦੋਂ ਤਕ ਕੋਈ ਮੁੱਲ ਨਹੀਂ ਜਦੋਂ ਤੱਕ ਉਹਨਾਂ ਦਾ ਸਹੀ ਸੰਚਾਲਨ ਕਰਨ ਵਾਲਾ ਅਧਿਆਪਕ ਮੌਜੂਦ ਨਹੀਂ ਹੈ। ਵਿਚਾਰੇ ਅਦਿਆਪਕਾਂ ਨੂੰ ਤਾਂ ਅੰਕੜਿਆਂ ਵਿਚ ਹੀ ਉਲਝਾਇਆ ਹੋਇਆ ਹੈ। ਜਿਸ ਕਾਰਨ ਪੜ੍ਹਾਈ ਦਾ ਮਾਹੌਲ ਪ੍ਰਭਾਵਿਤ ਹੁੰਦਾ ਹੈ। ਇਕ ਮਿਡਲ ਸਕੂਲ ਦੇ ਇੰਚਾਰਜ਼ ਨੂੰ ਸੂਚਨਾਵਾਂ ਦੇਣ ਵਾਸਤੇ ਬੀ.ਪੀ.ਈ.ਓ, ਕੰਪਲੈਕਸ ਸਕੂਲ, ਨੋਡਲ, ਕਲੱਸਟਰ ਅਤੇ ਡੀ.ਈ.ਓ ਤਕ ਦੇ ਦਫ਼ਤਰ ਮੌਜੂਦ ਹਨ।ਇਕ ਜਾਣਕਾਰੀ ਥਾਂ ਥਾਂ ਮੇਲ ਕਰਨ ਅਤੇ ਪੜ੍ਹਨ ਵਾਸਤੇ ਘੰਟਿਆਂ ਦਾ ਸਮਾਂ ਚਾਹੀਦਾ ਹੈ। ਉਸ ਕੋਲ ਕਲਾਸ ਵਿਚ ਜਾਣ ਦਾ ਸਮਾਂ ਹੀ ਨਹੀਂ ਬਚਦਾ। ਜਦਕਿ ਹਰ ਸਕੂਲ ਬਾਰੇ ਈ ਪੋਰਟਲ ਤੇ ਸਭ ਸੂਚਨਾਵਾਂ ਉਪਲੱਬਧ ਹਨ। ਫਿਰ ਕਲਾਸਾਂ ਦੀ ਚੈਕਿੰਗ ਵਾਸਤੇ ਬਲਾਕ ਮੈਂਟਰ, ਜ਼ਿਲ੍ਹਾ ਮੈਂਟਰ, ਸਿੱਖਿਆ ਸੁਧਾਰ ਟੀਮ, ਜ਼ਿਲ੍ਹਾ ਅਧਿਕਾਰੀਆਂ ਤੋਂ ਅਲੱਗ ਤੁਰੇ ਹੁੰਦੇ ਹਨ। ਐਨਾ ਸਖਤ ਪਹਿਰਾ ਰਹਿਣ ਦੇ ਬਾਵਜੂਦ ਸਾਡੇ ਵਿਦਿਆਰਥੀ ਅਧਿਆਪਕਾਂ ਦਾ ਮੂੰਹ ਦੇਖਣ ਨੂੰ ਤਰਸਦੇ ਰਹਿੰਦੇ ਹਨ। ਜਿਸ ਅਧਿਆਪਕ ਨੇ ਪੰਜਾਬੀ ਜਾਂ ਹਿੰਦੀ ਵਿਸ਼ੇ ਵਿਚ ਪੜ੍ਹਾਉਣ ਲਈ ਬੀ ਐਡ ਕੀਤੀ ਹੈ ਭਲਾ ਉਹ ਮੈਥ ਸਾਇੰਸ ਜਾਂ ਹੋਰ ਵਿਸ਼ੇ ਕਿਵੇਂ ਪੜ੍ਹਾ ਸਕਦਾ ਹੈ। ਇਹ ਗੱਲ ਅਸੀਂ ਸਾਰੇ ਜਾਣਦੇ ਹਾਂ ਕਿ ਹਰ ਅਧਿਆਪਕ ਦੀ ਮਾਸਟਰੀ ਹਰ ਵਿਸ਼ੇ ਤੇ ਨਹੀਂ ਹੋ ਸਕਦੀ। ਅਜਿਹਾ ਕਰਨ ਨਾਲ ਉਸਦੀ ਗਿਆਨ ਕਲਾ ਨੂੰ ਅਸੀਂ ਮਾਰ ਰਹੇ ਹਾਂ।ਜਿਸ ਵਿਸ਼ੇ ਦੀ ਉਸਦੀ ਜ਼ਿੰਮੇਵਾਰੀ ਹੈ ਉਸਤੋਂ ਹਟਾ ਕੇ ਦੂਜੇ ਕਾਰਜ ਵਿਚ ਲਾਇਆ ਜਾਂਦਾ ਹੈ। ਹਾਲ ਅੱਗਾ ਦੌੜ ਪਿੱਛਾ ਚੌੜ ਵਾਲਾ ਹੋ ਜਾਂਦਾ ਹੈ। ਜਦੋਂ ਅਧਿਆਪਕ ਪਿੰਡ ਵਿਚ ਕਿਸੇ ਸਰਵੇ ਜਾਂ ਵੋਟਾਂ ਆਦਿ ਦੇ ਕਾਰਜਾਂ ਲਈ ਜਾਂਦੇ ਹਨ ਤਾਂ ਮਾਪੇ ਸੋਚਦੇ ਹਨ ਕਿ ਅਸੀਂ ਆਪਣੇ ਬੱਚੇ ਇਹਨਾਂ ਹਵਾਲੇ ਪੜ੍ਹਨ ਵਾਸਤੇ ਭੇਜੇ ਹੋਏ ਹਨ। ਇਹ ਤਾਂ ਇਧਰ ਉਧਰ ਦੇ ਕਾਰਜਾਂ ਵਿਚ ਉਲਝੇ ਪਏ ਹਨ। ਮਾਪਿਆਂ ਦਾ ਵਿਸ਼ਵਾਸ ਸਰਕਾਰੀ ਸਕੂਲ ਤੋਂ ਉਠਣਾ ਸ਼ੁਰੂ ਹੋ ਜਾਂਦਾ ਹੈ। ਪਿਛਲੇ ਸਾਲਾਂ ਵਿਚ ਵਿਭਾਗ ਨੇ ਅਧਿਆਪਕਾਂ ਅਤੇ ਲੋਕਾਂ ਨੂੰ ਪ੍ਰੇਰਿਤ ਕਰਕੇ ਦਾਖਲਿਆਂ ਵਿਚ ਲੱਖਾਂ ਦਾ ਵਾਧਾ ਕੀਤਾ।ਉਸਦੇ ਦੋ ਤਿੰਨ ਕਾਰਨ ਸਨ। ਜਿਹਨਾਂ ਵਿਚ ਇਕ ਕਾਰਨ ਕਰੋਨਾ ਤੇ ਦੂਜਾ ਸਮਾਰਟ ਸਕੂਲ ਅਤੇ ਨਰਸਰੀ ਜਮਾਤਾਂ ਦਾ ਆਰੰਭ ਕਰਨਾ। ਮਾਪਿਆਂ ਨੇ ਪ੍ਰਾਈਵੇਟ ਸਕੂਲ ਦੀ ਬਜਾਏ ਨਿੱਕੜੇ ਬਾਲ ਨਰਸਰੀ ਜਮਾਤਾਂ ਵਿਚ ਦਾਖਲ ਕਰਵਾ ਦਿੱਤੇ।ਜਦੋਂ ਪੂਰਾ ਸਾਲ ਉਹਨਾਂ ਦੀ ਸਾਂਭ ਸੰਭਾਲ ਵਾਲਾ ਨਰਸਰੀ ਟੀਚਰ ਨਸੀਬ ਨਹੀਂ ਹੋਇਆ ਤਾਂ ਹਟਾਉਣੇ ਸ਼ੁਰੂ ਹੋ ਗਏ। ਮਿਡਲ ਸਕੂਲਾਂ ਵਿਚ ਦਾਖਲਾ ਇਸ ਕਰਕੇ ਵੀ ਘੱਟ ਹੁੰਦਾ ਹੈ ਕਿ ਮਾਪੇ ਉਸ ਸਕੂਲ ਵਿਚ ਦਾਖਲ ਕਰਵਾਉਣਾ ਚਾਹੁੰਦੇ ਹਨ ਜਿਥੋਂ ਉਹ +2 ਕਰਕੇ ਅੱਗੇ ਜਾਣ।

ਪਿਛਲੇ ਸਾਲ ਸਰਕਾਰੀ ਸਕੂਲਾਂ ਦੇ ਦਾਖਲਿਆਂ ਵਿਚ 10.53% ਫੀਸਦੀ ਵਾਧਾ ਹੋਇਆ ਸੀ। ਉਸਤੋਂ ਪਹਿਲਾਂ ਇਹ ਵਾਧਾ 14 ਫੀਸਦੀ ਦੇ ਕਰੀਬ ਸੀ।ਅੰਕੜਿਆਂ ਅਨੁਸਾਰ ਛੇਵੀ ਤੋਂ ਬਾਰ੍ਹਵੀ ਤਕ ਦਾਖਲਿਆਂ ਵਿਚ ਪਿਛਲੇ ਸਾਲ ਦੇ ਮੁਕਾਬਲੇ 1.22 ਲੱਖ ਬੱਚੇ ਘਟੇ ਹਨ। ਐਤਕੀ 14.51 ਲੱਖ ਜਦਕਿ ਪਿਛਲੇ ਵਰ੍ਹੇ ਦਾ ਦਾਖਲਾ 15.73 ਲੱਖ ਸੀ।ਪ੍ਰੀ ਪ੍ਰਾਇਮਰੀ ਤੋਂ ਪੰਜਵੀ ਤੱਕ 13.84 ਲੱਖ ਜਦਕਿ ਪਿੱਛਲੇ ਸਾਲ ਇਹ ਦਾਖਲਾ 14.67 ਲੱਖ ਸੀ। ਦਾਖਲਾ ਘਟਣ ਦੇ ਕਾਰਨਾਂ ਤੇ ਝਾਤੀ ਮਾਰੀਏ ਤਾਂ ਕਈ ਕਾਰਨ ਸਾਹਮਣੇ ਆਉਂਦੇ ਹਨ। ਅਧਿਆਪਕਾਂ ਨੂੰ ਗੈਰ ਵਿਦਿਅਕ ਕੰਮਾਂ ਵਿਚ ਲਾਉਣਾ ਅਤੇ ਸਟਾਫ ਦੀ ਕਮੀ ਖਾਸ ਤੌਰ ਤੇ ਰੜਕਦੀ ਹੈ। ਠੋਸ ਵਿੱਦਿਅਕ ਨੀਤੀ ਦੀ ਕਮੀ ਕਦਰਨ ਹਾਲੋਂ ਬੇਹਾਲ ਹੋਏ ਪਏ ਹਾਂ।

ਜਿਹੜੇ ਮਿਡਲ ਸਕੂਲ ਦੋ ਤਿੰਨ ਕਿਲੋਮੀਟਰ ਦੇ ਘੇਰੇ ਵਿਚ ਮੌਜੂਦ ਹਨ ਉਹਨਾਂ ਦਾ ਮਰਜਰ ਕਰਕੇ ਇਕ ਹਾਈ ਜਾਂ ਸੈਕੰਡਰੀ ਸਕੂਲ ਬਾਖੂਬੀ ਚੱਲ ਸਕਦਾ ਹੈ। ਇਸ ਨੀਤੀ ਨੂੰ ਅਮਲੀ ਜਾਮਾ ਪਹਿਨਾਉਣ ਵਾਸਤੇ ਸਰਕਾਰ ਖਾਸ ਇੱਛਾ ਸ਼ਕਤੀ ਚਾਹੀਦੀ ਹੈ।ਨਾਲ ਹੀ ਜਨਤਾ ਨੂੰ ਇਸ ਵਾਸਤੇ ਮਾਨਸਿਕ ਤੌਰ ਤੇ ਤਿਆਰ ਕਰਨ ਦੀ ਲੋੜ ਹੈ ।

ਸਕੂਲ ਦਾ ਮਰਜਰ ਹੋਣਾ ਹੇਠੀ ਨਹੀਂ ਸਗੋਂ ਬੱਚਿਆਂ ਦੀ ਬਿਹਤਰੀ ਲਈ ਕਦਮ ਹੈ। ਮਿਡਲ ਸਕੂਲਾਂ ਦੀ ਬਿਹਤਰੀ ਵਾਸਤੇ ਪਹਿਲਾਂ ਕਦਮ ਇਹ ਲੋੜੀਂਦਾ ਹੈ ਕਿ ਇਥੇ ਪੂਰਾ ਸਟਾਫ਼ ਅਤੇ ਮੁੱਖ ਅਧਿਆਪਕ ਲਾਇਆ ਜਾਵੇ। ਜਿਹੜੇ ਸਕੂਲਾਂ ਵਿਚ ਵਿਦਿਆਰਥੀਆਂ ਦੀ ਕਮੀ ਹੈ ਉਹ ਨੇੜਲੇ ਸਕੂਲਾਂ ਵਿਚ ਮਰਜ ਕਰਕੇ ਬਿਹਤਰੀ ਵੱਲ ਵਧਿਆ ਜਾ ਸਕਦਾ ਹੈ। ਜਿਨ੍ਹਾਂ ਸਕੂਲਾਂ ਵਿਚ ਮੈਥ ਜਾਂ ਸਾਇੰਸ ਮਾਸਟਰ ਨਹੀਂ ਹਨ ਉਹਨਾਂ ਵਿਦਿਆਰਥੀਆਂ ਦੀ ਨੀਂਹ ਕੱਚੀ ਰਹਿ ਜਾਂਦੀ ਹੈ।ਜੋ ਜੀਵਨ ਭਰ ਕਿਸੇ ਮੰਜ਼ਿਲ ਤੇ ਨਹੀਂ ਪਹੁੰਚ ਸਕਦੇ। ਇਸ ਲਈ ਆਪਣੇ ਭਵਿੱਖ ਨੂੰ ਰੌਸ਼ਨ ਕਰਨ ਵਾਸਤੇ ਮਿਡਲ ਸਕੂਲਾਂ ਵੱਲ ਗੌਰ ਕਰਨ ਦੀ ਖਾਸ ਜ਼ਰੂਰਤ ਹੈ। ਇਹਨਾਂ ਦੀ ਹਾਲਤ ਆਸਮਾਨ ਤੋਂ ਡਿਗਿਆ ਖਜ਼ੂਰ 'ਚ ਅਟਕਿਆ ਵਾਲੀ ਬਣੀ ਹੋਈ ਹੈ।

# 'ਮੈਂ ਨਾਸਤਿਕ ਕਿਉਂ ਹਾਂ'- ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ

(ਸਫਾ 20 ਦੀ ਬਾਕੀ)

ਹੈ? ਅਗਰ ਇਹ ਇਸ ਤਰ੍ਹਾਂ ਹੈ ਤਾਂ ਮੈਂ ਇਸ ਨੂੰ ਸਵੀਕਾਰ ਕਰਦਾ ਹਾਂ।

ਉਕਤ ਭਗਤ ਸਿੰਘ ਜੀ ਦੀ ਨਾਸਤਿਕ ਵਿਚਾਰਧਾਰਾ ਨੂੰ ਹਵਾਲੇ ਵਜੋਂ ਸਰਦਾਰ ਭਗਤ ਸਿੰਘ ਜੀ ਦੇ ਸਾਥੀ ਵਰਿੰਦਰ ਨੇ ਆਪਣੀ ਯਾਦਾਂ ''ਡੈਸਟੀਨੇਸ਼ਨ ਫ੍ਰੀਡਮ'' ਵਿਚ ਜੇਲ੍ਹ ਵਾਰਡਰ ਚੜ੍ਹਤ ਸਿੰਘ ਅਤੇ ਭਗਤ ਸਿੰਘ ਦੇ ਆਪਸੀ ਤਾਲਮੇਲ ਦਾ ਵਰਣਨ ਹੈ।

ਫਾਂਸੀ ਦੇ ਸਮੇਂ ਹਾਜ਼ਰ ਚੜ੍ਹਤ ਸਿੰਘ ਵਾਰਡਰ ਨੇ ਭਗਤ ਸਿੰਘ ਨੂੰ ''ਵਾਹਿਗੁਰੂ'' ਨੂੰ ਯਾਦ ਕਰਨ ਦੀ ਬੇਨਤੀ ਕੀਤੀ, ਉਸ ਦੇ ਜੀਵਨ ਦੇ ਆਖਰੀ ਪਲ ਕਿੱਥੇ ਰਹਿਣ। ਯਾਦ-ਪੱਤਰ ਦੱਸਦਾ ਹੈ ਕਿ ਆਖਰੀ ਵਾਰ ''ਵਾਹਿਗੁਰੂ'' ਨੂੰ ਯਾਦ ਕਰਨ ਲਈ ਕਹੇ ਜਾਣ 'ਤੇ ਭਗਤ ਸਿੰਘ ਨੇ ਕਿਵੇਂ ਪ੍ਰਤੀਕਿਰਿਆ ਕੀਤੀ ਸੀ।

''ਸਰਦਾਰ ਜੀ, ਮੈਂ ਸਾਰੀ ਉਮਰ ਉਸ ਦਾ ਨਾਮ ਨਹੀਂ ਲਿਆ ਤੇ ਹੁਣ ਵੀ ਨਹੀਂ ਲਵਾਂਗਾ''। ਅਸਲ ਵਿਚ ਜਦੋਂ ਮੈਂ ਦੇਖਿਆ ਕਿ ਗਰੀਬ ਅਤੇ ਮਜ਼ਦੂਰਾਂ ਨਾਲ ਕਿਵੇਂ ਸਲੂਕ ਹੁੰਦਾ ਹੈ ਤਾਂ ਮੈਂ ਉਸ ਨੂੰ ਝਿੜਕਿਆ ਵੀ ਸੀ, ਹੁਣ ਮੈਂ ਉਸ ਨੂੰ ਪ੍ਰਾਰਥਨਾ ਕਰਦਾ ਹਾਂ, ਜਦੋਂ ਮੌਤ ਮੇਰੇ ਮੂੰਹ ਵਿਚ ਘੂਰਦੀ ਹੈ ਤਾਂ ਉਹ ਕਹੇਗਾ ਕਿ ਇਹ ਆਦਮੀ ਇਕ ਪਖੰਡੀ ਅਤੇ ਡਰਪੋਕ ਹੈ। ਇਸ ਲਈ ਮੇਰੀ ਪ੍ਰਾਰਥਨਾ ਜਾਂ ਇਸ ਉਤੇ ਕੀ ਪ੍ਰਭਾਵ ਹੋਵੇਗਾ? ਜੇਕਰ ਮੈਂ ਆਪਣੀ ਰਾਏ ਨਹੀਂ ਬਦਲਦਾ ਤਾਂ ਘੱਟੋ-ਘੱਟ ਉਹ ਇਹ ਮੰਨ ਲਵੇਗਾ ਕਿ ਇਹ ਆਦਮੀ ਇਮਾਨਦਾਰ ਸੀ,'' ਜੇ ਇਹ ਤੁਹਾਨੂੰ ਉਸ ਆਦਮੀ ਬਾਰੇ ਸਭ ਕੁਝ ਨਹੀਂ ਦੱਸਦਾ ਜੋ ਉਹ ਸੀ, ਤਾਂ ਹੋਰ ਕੁਝ ਨਹੀਂ ਦੱਸੇਗਾ। ਸਿਧਾਂਤਾਂ ਦਾ ਧਾਰਨੀ ਵਿਅਕਤੀ, ਜੋ ਆਪਣੀ ਕੌਮ ਨੂੰ ਸਮਰਪਿਤ ਜੀਵਨ ਜਿਊਣ ਦੇ ਆਪਣੇ ਸੰਕਲਪ ਵਿਚ ਦ੍ਰਿੜ੍ਹ ਰਿਹਾ, ਭਗਤ ਸਿੰਘ ਇਕ ਰਾਸ਼ਟਰੀ ਖਜ਼ਾਨਾ ਹੈ ਜਿਸ ਦੀ ਸਾਨੂੰ ਕਦਰ ਕਰਦੇ ਰਹਿਣਾ ਚਾਹੀਦਾ ਹੈ।

***

# ਆਪਣੇ ਦੀਪਕ ਆਪ ਬਣੋ



ਹਰਦੀਪ ਸਿੰਘ ਚੁੰਬਰ
+91-94636-01616

ਦੇਸ਼ ਵਿਦੇਸ਼ਾਂ ਤੋਂ ਸਿੱਖਿਆ ਪ੍ਰਾਪਤ ਕਰਕੇ ਡਾ। ਅੰਬੇਡਕਰ ਭਾਰਤ ਵਾਪਸ ਪਰਤੇ। ਬਹੁਤ ਸਖ਼ਤ ਮਿਹਨਤ ਨਾਲ ਦਿਨ ਰਾਤ ਇਕ ਕਰ ਉਹਨਾ ਪੜ੍ਹਾਈ ਕੀਤੀ।ਲਾਇਬ੍ਰੇਰੀਆਂ ਵਿੱਚ ਸਾਰੀ-ਸਾਰੀ ਰਾਤ ਬੈਠ ਕੇਪੜ੍ਹੇ। ਇਸ ਦੇ ਨਾਲ ਉਹਨਾਂ ਨੇ ਆਪਣੇ ਖਾਸ ਅਧਿਆਪਕਾਂ ਦੇ ਚਹੇਤੇ ਹੋਣ ਦਾ ਮਾਣ ਵੀ ਹਾਸਲ ਕੀਤਾ। ਅੰਬੇਡਕਰ ਨੇ 1912 ਵਿੱਚ ਕਾਲਜ ਤੋਂ ਪਾਸ ਆਊਟ ਹੋਏਵਿਦੇਸ਼ ਤੋਂ ਮਾਣ ਨਾਲ ਭਰੇ ਉਹ ਭਾਰਤ ਆਏ, ਅਤੇ ਕਰਜ਼ੇ ਦੀਆਂ ਸ਼ਰਤਾਂ ਨਾਲ ਅਨੁਸਾਰ ਉਸ ਨੇ ਬੜੌਦਾ ਦੇ ਰਾਜਾ ਦੇ ਨੌਕਰੀ ਕਰਨੀ ਸੀ। 1913 ਵਿੱਚ ਬੜੌਦਾ ਪਹੁੰਚੇ ਰਹਿਣ ਲਈ ਕੋਈ ਸਹਾਰਾ ਨਾ ਮਿਲਦੇ ਦੇਖ ਉਹਨਾ ਨੇ ਆਰਜ਼ੀ ਤੌਰ ਤੇ ਨਾਮ ਬਦਲਕੇ ਮਜ਼ਬੂਰੀ ਵਸ ਇੱਕ ਪਾਰਸੀ ਧਰਮਸ਼ਾਲਾ ਵਿੱਚ ਕੁੱਝ ਸਮਾਂ ਠਹਿਰਨ ਦਾ ਮਨ ਬਣਾਇਆ। ਡਾ। ਅੰਬੇਡਕਰ ਦਾ ਪਾਰਸੀਆਂ ਦੇ ਸਾਹਮਣੇ ਸੱਚ ਆਉਣ ਉੱਤੇ ਜੋ ਉਹਨਾ ਦਾ ਅਪਮਾਨ ਕੀਤਾ, ਉਹ ਜ਼ਿੰਦਗੀ ਭਰ ਨਹੀਂ ਭੁੱਲੇ, ਉਹ ਬੁਰੀ ਤਰਾਂ ਰੋਏ ਸਨ। ਕਹਿੰਦੇ ਸਨ ਕਿ ਜਦੋਂ ਉਹ ਪਲ ਸਾਹਮਣੇ ਆ ਜਾਂਦਾ ਹੈ ਤਾਂ ਬੁਰੀ ਤਰਾਂ ਝੰਜੋੜ ਕੇ ਰੱਖ ਦਿੰਦਾ ਹੈ।

ਬਚਪਨ ਤੋਂ ਹੀ ਉਹਨਾਂ ਨੂੰ ਇੱਕ ਹਿੰਦੂ ਅਛੂਤ ਹੋਣ ਕਾਰਨ ਸਮਾਜ ਵਿੱਚ ਹਰ ਤਰਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪਿਆ ਜਿਹੜਾ ਕਿ ਭਾਰਤ ਦੇ ਹਰ ਅਛੂਤ ਨਾਲ ਹੁੰਦਾ ਆ ਰਿਹਾ ਸੀ। ਬਹੁਤ ਹੀ ਮਾੜੇ ਹਾਲਾਤ ਦੇ ਹੋਣ ਦੇ ਬਾਵਜੂਦ ਉਹ ਸਖ਼ਤ ਮਿਹਨਤ ਕਰਕੇ ਪੜ੍ਹਦੇ ਰਹੇ। ਪੜ੍ਹਾਈ ਦੇ ਬਾਅਦ ਉਹਨਾ ਕਾਲਜ ਵਿੱਚ ਪੜ੍ਹਾਉਣ ਦਾ ਕੰਮ ਕੀਤਾ, ਪ੍ਰਿੰਸੀਪਲ ਵੀ ਰਹੇ, ਅਦਾਲਤਾਂ ਵਿੱਚ ਬਹੁਤ ਸਾਰੇ ਕੇਸ ਲੜੇ, ਮਹਾਡ ਤਲਾਬ ਪਾਣੀ ਦਾ ਅੰਦੋਲਨ, ਨਾਸਿਕ ਮੰਦਰ ਅੰਦੋਲਨ, ਹੋਰ ਬਹੁਤ ਸਾਰੇ ਸਮਾਜਿਕ ਕੰਮ ਕਰਦੇ ਰਹੇ ਅਤੇ ਕਈ ਜਨਤਕ ਔਹਦਿਆਂ ਉੱਤੇ ਤਾਇਨਾਤ ਰਹੇ। ਜੀਵਨ ਦੇ ਬਹੁਤ ਸਾਰੇ 20-25 ਸਾਲਾਂ ਦੇ ਜਨਤਕ ਜੀਵਨ ਦੇ ਤਜਰਬਿਆਂ ਤੋਂ ਬਾਅਦ ਉਹਨਾ ਮਹਿਸੂਸ ਕਿਤਾ ਕਿ ਹਿੰਦੂ ਧਰਮ ਵਿੱਚ ਰਹਿ ਕੇ ਅਛੂਤਾਂ ਦੇ ਜੀਵਨ ਵਿੱਚ ਸੁਧਾਰ ਨਹੀਂ ਹੋ ਸਕਦਾ, ਇਹੋ ਹੀ ਉਹਨਾ ਦੀ ਗੁਲਾਮੀ ਦਾ ਕਾਰਨ ਹੈ। 1935 ਵਿੱਚ ਉਹਨਾਂ ਨੇ ਕਿਹਾ ਮੈਂ ਹਿੰਦੂ ਵਜੋਂ ਜਨਮ ਲਿਆ ਹੈ ਇਹ ਮੇਰੇ ਵਸ ਦੀ ਗਲ ਨਹੀਂ ਸੀ, ਪਰ ਮੈਂ ਹਿੰਦੂ ਮਰਾਂਗਾ ਨਹੀ।ਉਹ ਜਨਤਕ ਜੀਵਨ ਵਿੱਚ ਵਿਚਰਦੇ ਹੋਰ ਧਰਮਾਂ ਦਾ ਗਿਆਨ ਵੀ ਹਾਸਲ ਕਰਦੇ ਰਹੇ। ਲਗਭਗ 21 ਸਾਲਾਂ ਬਾਅਦ 1956 ਵਿੱਚ ਆ ਕੇ ਉਹਨਾਂ ਬੁੱਧ ਧਰਮ ਅਪਣਾਇਆ। 1935 ਤੋਂ ਲਗਾਤਾਰ ਉਹ ਆਪਣੇ ਅਛੂਤ ਲੋਕਾਂ ਨੂੰ ਸਮਝਾਉਂਦੇ ਉਹ ਕਹਿੰਦੇ ਹਨ;

ਮੈਂ ਤੁਹਾਨੂੰ ਸਾਰਿਆਂ ਨੂੰ ਖਾਸ ਤੌਰ 'ਤੇ ਦੱਸਦਾ ਹਾਂ, ਧਰਮ ਮਨੁੱਖ ਲਈ ਹੈ, ਨਾ ਕਿ ਮਨੁੱਖ ਧਰਮ ਲਈ। ਮਨੁੱਖੀ ਇਲਾਜ ਕਰਵਾਉਣ ਲਈ, ਆਪਣੇ ਆਪ ਨੂੰ ਬਦਲੋ। ਸੰਗਠਿਤ ਹੋਣ ਲਈ ਬਦਲੋ। ਮਜ਼ਬੂਤ ਬਣਨ ਲਈਬਦਲੋ। ਬਰਾਬਰੀ ਨੂੰ ਸੁਰੱਖਿਅਤ ਕਰਨ ਲਈ ਬਦਲੋ। ਆਜ਼ਾਦੀ ਪ੍ਰਾਪਤ ਕਰਨ ਲਈ ਬਦਲੋ। ਪਰਿਵਰਤਿਤ ਕਰੋ ਤਾਂ ਜੋ ਤੁਹਾਡਾ ਘਰੇਲੂ ਜੀਵਨ ਖ਼ੁਸ਼ਹਾਲ ਰਹੇ।

ਤੁਸੀਂ ਉਸ ਧਰਮ ਵਿੱਚ ਕਿਉਂ ਰਹਿੰਦੇ ਹੋ ਜੋ ਤੁਹਾਨੂੰ ਮਨੁੱਖ ਨਹੀਂ ਮੰਨਦਾ? ਤੁਸੀਂ ਉਸ ਧਰਮ ਵਿੱਚ ਕਿਉਂ ਰਹਿੰਦੇ ਹੋ ਜੋ ਤੁਹਾਨੂੰ ਮੰਦਰਾਂ ਵਿੱਚ ਜਾਣ ਤੋਂ ਰੋਕਦਾ ਹੈ? ਤੁਸੀਂ ਉਸ ਧਰਮ ਵਿਚ ਕਿਉਂ ਰਹਿੰਦੇ ਹੋ ਜੋ ਤੁਹਾਨੂੰ ਜਨਤਕ ਖੂਹ ਤੋਂ ਪੀਣ ਵਾਲੇ ਪਾਣੀ ਤੋਂ ਵਰਜਦਾ ਹੈ? ਤੁਸੀਂ ਉਸ ਧਰਮ ਵਿੱਚ ਕਿਉਂ ਰਹਿੰਦੇ ਹੋ ਜੋ ਨੌਕਰੀ ਪ੍ਰਾਪਤ ਕਰਨ ਲਈ ਤੁਹਾਡੇ ਰਾਹ ਵਿੱਚ ਆਉਂਦਾ ਹੈ? ਤੁਸੀਂ ਉਸ ਧਰਮ ਵਿੱਚ ਕਿਉਂ ਰਹਿੰਦੇ ਹੋ ਜੋ ਹਰ ਕਦਮ ਤੇ ਤੁਹਾਡੀ ਬੇਇੱਜ਼ਤੀ ਕਰਦਾ ਹੈ?

ਇੱਕ ਧਰਮ ਜਿਸ ਵਿੱਚ ਮਨੁੱਖ ਦਾ ਮਨੁੱਖ ਨਾਲ ਮਨੁੱਖੀ ਵਿਵਹਾਰ ਦੀ ਮਨਾਹੀ ਹੈ, ਉਹ ਧਰਮ ਨਹੀਂ, ਸਗੋਂ ਤਾਕਤ ਦਾ ਪ੍ਰਦਰਸ਼ਨ ਹੈ। ਜਿਹੜਾ ਧਰਮ ਮਨੁੱਖ ਨੂੰ ਮਨੁੱਖ ਨਹੀਂ ਮੰਨਦਾ, ਉਹ ਧਰਮ ਨਹੀਂ ਸਗੋਂ ਰੋਗ ਹੈ। ਜਿਸ ਧਰਮ ਵਿੱਚ ਜਾਨਵਰਾਂ ਨੂੰ ਛੂਹਣ ਦੀ ਆਗਿਆ ਹੈ, ਪਰ ਮਨੁੱਖਾਂ ਨੂੰ ਛੂਹਣ ਦੀ ਮਨਾਹੀ ਹੈ, ਉਹ ਧਰਮ ਨਹੀਂ ਸਗੋਂ ਮਜ਼ਾਕ ਹੈ। ਜਿਹੜਾ ਧਰਮ ਕੁਝ ਜਮਾਤਾਂ ਨੂੰ ਸਿੱਖਿਆ ਤੋਂ ਦੂਰ ਕਰਦਾ ਹੈ, ਧਨ ਇਕੱਠਾ ਕਰਨ ਅਤੇ ਹਥਿਆਰ ਚੁੱਕਣ ਤੋਂ ਵਰਜਦਾ ਹੈ, ਉਹ ਧਰਮ ਨਹੀਂ ਸਗੋਂ ਮਨੁੱਖਾਂ ਦਾ ਮਜ਼ਾਕ ਹੈ। ਜਿਹੜਾ ਧਰਮ ਅਗਿਆਨੀ ਨੂੰ ਅਗਿਆਨੀ ਅਤੇ ਗਰੀਬ ਨੂੰ ਗਰੀਬ ਹੋਣ ਲਈ ਮਜਬੂਰ ਕਰਦਾ ਹੈ, ਉਹ ਧਰਮ ਨਹੀਂ ਸਗੋਂ ਸਜ਼ਾ ਹੈ।



ਮੈਂ ਇੱਥੇ, ਆਪਣੀ ਉੱਤਮ ਜਾਣਕਾਰੀ ਨਾਲ, ਪਰਿਵਰਤਨ ਤੋਂ ਪੈਦਾ ਹੋਣ ਵਾਲੀਆਂ ਸਾਰੀਆਂ ਸੰਭਾਵਿਤ ਸਮੱਸਿਆਵਾਂ ਦਾ ਵਿਸ਼ਲੇਸ਼ਣ ਅਤੇ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਭਾਸ਼ਨ ਭਾਵੇਂ ਲੰਮਾ ਹੋ ਗਿਆ ਹੋਵੇ, ਪਰ ਮੈਂ ਸ਼ੁਰੂ ਤੋਂ ਹੀ ਵਿਸਤ੍ਰਿਤ ਕਰਨ ਦਾ ਫੈਸਲਾ ਕੀਤਾ ਸੀ। ਧਰਮ ਪਰਿਵਰਤਨ ਦੇ ਵਿਰੋਧੀਆਂ ਦੁਆਰਾ ਉਠਾਏ ਗਏ ਨੁਕਤਿਆਂ 'ਤੇ ਚਰਚਾ ਕਰਨਾ ਅਤੇ ਜਵਾਬ ਦੇਣਾ ਮੇਰੇ ਲਈ ਲਾਜ਼ਮੀ ਸੀ। ਕਿਸੇ ਨੂੰ ਵੀ ਹਿੰਦੂ ਧਰਮ ਨਹੀਂ ਛੱਡਣਾ ਚਾਹੀਦਾ ਜਦੋਂ ਤੱਕ ਉਹ ਇਸ ਘੋਸ਼ਣਾ ਦੀ ਉਪਯੋਗਤਾ ਨੂੰ ਪੂਰੀ ਤਰ੍ਹਾਂ ਮਹਿਸੂਸ ਨਹੀਂ ਕਰਦਾ। ਸਾਰੇ ਸ਼ੰਕਿਆਂ ਨੂੰ ਦੂਰ ਕਰਨ ਲਈ, ਮੈਨੂੰ ਇਸ ਸਮੱਸਿਆ ਬਾਰੇ ਬਹੁਤ ਵਿਸਥਾਰ ਨਾਲ ਚਰਚਾ ਕਰਨੀ ਪਈ।

ਤੁਸੀਂ ਮੇਰੇ ਵਿਚਾਰਾਂ ਨਾਲ ਕਿਸ ਹੱਦ ਤੱਕ ਸਹਿਮਤ ਹੋਵੋਗੇ, ਮੈਂ ਨਹੀਂ ਕਹਿ ਸਕਦਾ। ਪਰ ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਇਹਨਾਂ ਬਾਰੇ ਡੂੰਘੀ ਵਿਚਾਰ ਕਰੋਗੇ। ਉਹ ਬੋਲਣਾ ਜੋ ਸਰੋਤਿਆਂ ਨੂੰ ਖੁਸ਼ ਕਰਦਾ ਹੈ ਅਤੇ ਸਦਭਾਵਨਾ ਕਮਾਉਂਦਾ ਹੈ, ਗਲੀ ਦੇ ਆਦਮੀ ਲਈ ਇੱਕ ਸੁਵਿਧਾਜਨਕ ਸਿਧਾਂਤ ਹੋ ਸਕਦਾ ਹੈ, ਪਰ ਇਹ ਆਗੂ ਦੇ ਅਨੁਕੂਲ ਨਹੀਂ ਹੈ। ਮੈਂ ਉਸਨੂੰ ਇੱਕ ਅਜਿਹਾ ਨੇਤਾ ਮੰਨਦਾ ਹਾਂ ਜੋ, ਬਿਨਾਂ ਕਿਸੇ ਡਰ ਜਾਂ ਪੱਖ ਦੇ, ਲੋਕਾਂ ਨੂੰ ਦੱਸਦਾ ਹੈ ਕਿ ਉਨ੍ਹਾਂ ਲਈ ਕੀ ਚੰਗਾ ਹੈ ਅਤੇ ਕੀ ਮਾੜਾ ਹੈ। ਇਹ ਮੇਰਾ ਫਰਜ਼ ਹੈ ਕਿ ਤੁਹਾਨੂੰ ਦੱਸਾਂ ਕਿ ਤੁਹਾਡੇ ਲਈ ਕੀ ਚੰਗਾ ਹੈ, ਭਾਵੇਂ ਤੁਹਾਨੂੰ ਇਹ ਪਸੰਦ ਨਾ ਹੋਵੇ। ਮੈਨੂੰ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ। ਅਤੇ ਹੁਣ ਮੈਂ ਇਹ ਕੀਤਾ ਹੈ। ਇਹ ਹੁਣ ਤੁਹਾਡੇ ਲਈ ਹੈ ਕਿ ਤੁਸੀਂ ਆਪਣੀ ਜਿੰਮੇਵਾਰੀ ਦਾ ਫੈਸਲਾ ਕਰਨਾ ਅਤੇ ਨਿਭਾਉਣਾ ਹੈ।

ਮੈਂ ਜਾਣ ਬੁੱਝ ਕੇ ਧਰਮ ਪਰਿਵਰਤਨ ਦੀ ਇਸ ਸਮੱਸਿਆ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੈ। ਹਿੰਦੂ ਧਰਮ ਨੂੰ ਛੱਡਣਾ ਜਾਂ ਇਸ ਵਿਚ ਰਹਿਣਾ ਸਮੱਸਿਆ ਦਾ ਪਹਿਲਾ ਹਿੱਸਾ ਹੈ। ਜੇਕਰ ਹਿੰਦੂ ਧਰਮ ਨੂੰ ਤਿਆਗਣਾ ਹੈ ਤਾਂ ਹੋਰ ਕਿਹੜਾ ਧਰਮ ਅਪਣਾਇਆ ਜਾਵੇ ਜਾਂ ਨਵਾਂ ਧਰਮ ਸਥਾਪਿਤ ਕੀਤਾ ਜਾਵੇ-ਇਹ ਸਮੱਸਿਆ ਦਾ ਦੂਜਾ ਹਿੱਸਾ ਹੈ। ਅੱਜ, ਮੈਂ ਪਹਿਲੇ ਭਾਗ ਬਾਰੇ ਤੁਹਾਡਾ ਫੈਸਲਾ ਜਾਣਨਾ ਚਾਹੁੰਦਾ ਹਾਂ। ਜਦੋਂ ਤੱਕ ਪਹਿਲੇ ਪਹਿਲੂ ਦਾ ਫੈਸਲਾ ਨਹੀਂ ਕੀਤਾ ਜਾਂਦਾ, ਇਸ ਬਾਰੇ ਚਰਚਾ ਕਰਨਾ ਜਾਂ ਬਾਅਦ ਦੀ ਤਿਆਰੀ ਕਰਨਾ ਵਿਅਰਥ ਹੈ। ਇਸ ਲਈ ਤੁਹਾਨੂੰ ਪਹਿਲੇ ਬਿੰਦੂ ਦਾ ਫੈਸਲਾ ਕਰਨਾ ਚਾਹੀਦਾ ਹੈ। ਤੁਹਾਡੇ ਕੋਲ ਹੋਰ ਕੋਈ ਮੌਕਾ ਨਹੀਂ ਹੋਵੇਗਾ। ਤੁਸੀਂ ਇਸ ਕਾਨਫਰੰਸ ਵਿੱਚ ਜੋ ਵੀ ਫੈਸਲਾ ਕਰੋਗੇ, ਉਹ ਮੇਰੇ ਭਵਿੱਖ ਦੇ ਪ੍ਰੋਗਰਾਮ ਨੂੰ ਤਿਆਰ ਕਰਨ ਲਈ, ਮੇਰੇ ਲਈ ਬਹੁਤ ਉਪਯੋਗੀ ਹੋਵੇਗਾ।

ਜੇਕਰ ਤੁਸੀਂ ਪਰਿਵਰਤਨ ਦੇ ਵਿਰੁੱਧ ਫੈਸਲਾ ਕਰਦੇ ਹੋ, ਤਾਂ ਇਹ ਸਵਾਲ ਹਮੇਸ਼ਾ ਲਈ ਬੰਦ ਹੋ ਜਾਵੇਗਾ। ਫਿਰ ਜੋ ਕੁਝ ਆਪਣੇ ਲਈ ਕਰਨਾ ਹੈ, ਮੈਂ ਕਰਾਂਗਾ। ਜੇਕਰ ਤੁਸੀਂ ਪਰਿਵਰਤਨ ਦੇ ਹੱਕ ਵਿੱਚ ਫੈਸਲਾ ਕਰਦੇ ਹੋ, ਤਾਂ ਤੁਹਾਨੂੰ ਮੇਰੇ ਨਾਲ ਸੰਗਠਿਤ ਅਤੇ ਸਮੂਹਿਕ ਰੂਪਾਂਤਰਣ ਦਾ ਵਾਅਦਾ ਕਰਨਾ ਹੋਵੇਗਾ। ਜੇਕਰ ਧਰਮ ਪਰਿਵਰਤਨ ਦੇ ਹੱਕ ਵਿੱਚ ਫੈਸਲਾ ਲਿਆ ਜਾਂਦਾ ਹੈ, ਅਤੇ ਲੋਕ ਵਿਅਕਤੀਗਤ ਤੌਰ 'ਤੇ ਕਿਸੇ ਵੀ ਧਰਮ ਨੂੰ ਅਪਣਾਉਣ ਲੱਗ ਜਾਂਦੇ ਹਨ, ਤਾਂ ਮੈਂ ਤੁਹਾਡੇ ਧਰਮ ਪਰਿਵਰਤਨ ਵਿੱਚ ਹੱਥ ਨਹੀਂ ਪਾਵਾਂਗਾ। ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਮੇਰੇ ਨਾਲ ਜੁੜੋ। ਅਸੀਂ ਕਿਸੇ ਵੀ ਧਰਮ ਨੂੰ ਸਵੀਕਾਰ ਕਰੀਏ, ਮੈਂ ਉਸ ਧਰਮ ਵਿੱਚ ਆਪਣੇ ਲੋਕਾਂ ਦੀ ਭਲਾਈ ਲਈ ਆਪਣੀ ਪੂਰੀ ਮਿਹਨਤ ਅਤੇ ਮਿਹਨਤ ਕਰਨ ਲਈ ਤਿਆਰ ਹਾਂ।

ਤੁਹਾਨੂੰ, ਹਾਲਾਂਕਿ, ਭਾਵਨਾਵਾਂ ਵਿੱਚ ਆ ਕੇ ਭਟਕਣਾ ਨਹੀਂ ਚਾਹੀਦਾ, ਅਤੇ ਕੇਵਲ ਇਸ ਲਈ ਮੇਰਾ ਪਿੱਛਾ ਕਰਨਾ ਚਾਹੀਦਾ ਹੈ ਕਿਉਂਕਿ ਮੈਂ ਅਜਿਹਾ ਕਹਿੰਦਾ ਹਾਂ। ਤੁਹਾਨੂੰ ਸਿਰਫ਼ ਤਾਂ ਹੀ ਸਹਿਮਤੀ ਦੇਣੀ ਚਾਹੀਦੀ ਹੈ ਜੇਕਰ ਇਹ ਤੁਹਾਡੇ ਕਾਰਨ ਲਈ ਅਪੀਲ ਕਰਦਾ ਹੈ। ਜੇ ਤੁਸੀਂ ਮੇਰੇ ਨਾਲ ਸ਼ਾਮਲ ਨਾ ਹੋਣ ਦਾ ਫੈਸਲਾ ਕਰਦੇ ਹੋ ਤਾਂ ਮੈਂ ਬਿਲਕੁਲ ਵੀ .ਗੁੱਸੇ? ਮਹਿਸੂਸ ਨਹੀਂ ਕਰਾਂਗਾ। ਇਸ ਦੀ ਬਜਾਇ, ਮੈਂ ਜ਼ਿੰਮੇਵਾਰੀ ਤੋਂ ਰਾਹਤ ਮਹਿਸੂਸ ਕਰਾਂਗਾ। ਇਸ ਲਈ ਇਹ ਇੱਕ ਅਹਿਮ ਮੌਕਾ ਹੈ। ਤੁਹਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਤੁਹਾਡਾ ਅੱਜ ਦਾ ਫੈਸਲਾ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਰਾਹ ਤਿਆਰ ਕਰੇਗਾ। ਪਰ ਜੇਕਰ ਤੁਸੀਂ ਗੁਲਾਮ ਰਹਿਣ ਦਾ ਫੈਸਲਾ ਕਰ ਲਿਆ ਤਾਂ ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਗੁਲਾਮ ਹੀ ਰਹਿਣਗੀਆਂ। ਇਸ ਲਈ ਤੁਹਾਡਾ ਸਭ ਤੋਂ ਔਖਾ ਕੰਮ ਹੈ।

ਜਦੋਂ ਉਹਨਾਂ ਆਪਣੇ ਜੀਵਨ ਦੇ ਸਾਰੇ ਨਿਚੋੜ ਅਤੇ ਸਿੱਖਿਆ ਦਾ ਨਤੀਜਾ ਇਹ ਕੱਢਿਆ ਕਿ ਉਹਨਾਂ ਲਈ ਅਤੇ ਅਛੂਤ ਸਮਾਜ ਬੁੱਧ ਧਰਮ ਹੀ ਸਹੀ ਸਿੱਧ ਹੋਵੇਗਾ, ਬੁੱਧ ਨੇ ਕਿਹਾ ਮੈਂ ਤੁਹਾਡੇ ਵਰਗਾ ਆਮ ਮਨੁੱਖ ਹੀ ਹਾਂ,ਨਾਂ ਮੈਂ ਰੱਬ ਹਾਂ ਨਾਂ ਮੈਂ ਕੋਈ ਰੱਬ ਦਾ ਸੰਦੇਸ਼ ਵਾਹਕ ਹਾਂ। ਉਸ ਨੇ ਆਪਣੇ ਤਜਰਬਿਆਂ ਅਤੇ ਗਿਆਨ ਨਾਲ ਸੱਚ ਨੂੰ ਜਾਣਨ ਵਾਲੇ ਮਨੁੱਖ ਤਥਾਗਤ (ਤੱਥ + ਗਤ) ਕਹਾਉਣਾ ਸਹੀ ਸਮਝਿਆ। ਡਾ। ਅੰਬੇਡਕਰਆਪਣੇ ਸਮਾਜ ਨੂੰ ਸੰਦੇਸ਼ ਦਿੰਦੇ ਕਹਿੰਦੇ ਹਨ;

ਇਸ ਮੌਕੇ ਮੈਂ ਤੁਹਾਨੂੰ ਕੀ ਸੰਦੇਸ਼ ਦੇਵਾਂ? ਜਦੋਂ ਮੈਂ ਇਸ ਬਾਰੇ ਸੋਚ ਰਿਹਾ ਸੀ, ਮੈਨੂੰ ਭਗਵਾਨ ਬੁੱਧ ਦੁਆਰਾ ਉਹਨਾਂ ਦੇ ਮਹਾਪਰਿਨਿਰਵਨ .ਮੌਤ॥ ਤੋਂ ਠੀਕ ਪਹਿਲਾਂ ਆਪਣੇ ਭੀਖੂ ਸੰਘ .ਭਿਖਸ਼ੂਆਂ ਦੀ ਮੰਡਲੀ॥ ਨੂੰ ਦਿੱਤਾ ਗਿਆ ਸੰਦੇਸ਼ ਯਾਦ ਆਇਆ, ਅਤੇ ਜਿਸਦਾ ਹਵਾਲਾ "ਮਹਾਪਰਿਨਿਬਾਨਾ ਸੂਤ" ਵਿੱਚ ਦਿੱਤਾ ਗਿਆ ਹੈ।

ਇਕ ਵਾਰ ਭਗਵਾਨ ਜੀ ਬੀਮਾਰੀ ਤੋਂ ਠੀਕ ਹੋ ਕੇ ਇਕ ਦਰੱਖਤ ਦੇ ਹੇਠਾਂ ਬੈਠ ਕੇ ਆਰਾਮ ਕਰ ਰਹੇ ਸਨ। ਉਸਦਾ ਚੇਲਾ ਪੂਜਨੀਕ ਆਨੰਦ ਬੁੱਧ ਦੇ ਕੋਲ ਆਇਆ ਅਤੇ ਨਮਸਕਾਰ ਕਰਕੇ, ਉਸਦੇ ਕੋਲ ਬੈਠ ਗਿਆ। ਫਿਰ ਉਸਨੇ ਬੁੱਧ ਨੂੰ ਕਿਹਾ, "ਮੈਂ ਭਗਵਾਨ ਬੁੱਧ ਨੂੰ ਉਸਦੀ ਬਿਮਾਰੀ ਦੇ ਨਾਲ-ਨਾਲ ਉਸਦੀ ਖੁਸ਼ੀ ਵਿੱਚ ਵੀ ਵੇਖਿਆ ਹੈ। ਪਰ ਮੌਜੂਦਾ ਬਿਮਾਰੀ ਦੇ ਸ਼ੁਰੂ ਤੋਂ, ਮੇਰਾ ਸਰੀਰ ਸੀਸੇ ਵਾਂਗ ਭਾਰੀ ਹੋ ਗਿਆ ਹੈ। ਮੇਰਾ ਮਨ ਸ਼ਾਂਤੀ ਵਿੱਚ ਨਹੀਂ ਹੈ। ਧੰਮ 'ਤੇ ਧਿਆਨ ਕੇਂਦਰਿਤ ਕਰੋ। ਹਾਲਾਂਕਿ, ਮੈਨੂੰ ਤਸੱਲੀ ਅਤੇ ਸੰਤੁਸ਼ਟੀ ਮਹਿਸੂਸ ਹੁੰਦੀ ਹੈ ਕਿ ਭਗਵਾਨ ਬੁੱਧ ਉਦੋਂ ਤੱਕ ਪਰਿਣੀਬਨ ਦੀ ਪ੍ਰਾਪਤੀ ਨਹੀਂ ਕਰੇਗਾ ਜਦੋਂ ਤੱਕ ਉਹ ਸੰਘ ਨੂੰ ਸੰਦੇਸ਼ ਨਹੀਂ ਦਿੰਦਾ।

ਤਦ ਭਗਵਾਨ ਬੁੱਧ ਨੇ ਇਸ ਤਰ੍ਹਾਂ ਜਵਾਬ ਦਿੱਤਾ: "ਆਨੰਦ! ਸੰਘ ਮੇਰੇ ਤੋਂ ਕੀ ਉਮੀਦ ਰੱਖਦਾ ਹੈ? ਅਨੰਦ, ਮੈਂ ਬਿਨਾਂ ਕੁਝ ਛੁਪਾਏ, ਖੁੱਲੇ ਦਿਲ ਨਾਲ ਧੰਮ ਦਾ ਪ੍ਰਚਾਰ ਕੀਤਾ ਹੈ। ਤਥਾਗਤ .=ਬੁੱਧ॥ ਨੇ ਕੁਝ ਵੀ ਲੁਕੋ ਕੇ ਨਹੀਂ ਰੱਖਿਆ, ਜਿਵੇਂ ਕਿ ਕੁਝ ਹੋਰ ਅਧਿਆਪਕ ਕਰਦੇ ਹਨ। ਇਸ ਲਈ ਆਨੰਦ, ਮੈਂ ਭਿੱਖੂ ਸੰਘ ਨੂੰ ਹੋਰ ਕੀ ਦੱਸਾਂ?ਸੋ ਆਨੰਦ, ਦੀਵੇ ਵਾਂਗ ਸਵੈ-ਰੋਸ਼ਨੀ ਬਣੋ, ਧਰਤੀ ਵਾਂਗ ਪ੍ਰਕਾਸ਼ ਲਈ ਨਿਰਭਰ ਨਾ ਹੋਵੋ, ਉਪਗ੍ਰਹਿ ਨਾ ਬਣੋ, ਆਪਣੇ ਲਈ ਪ੍ਰਕਾਸ਼ ਬਣੋ। ਆਪਣੇ ਆਪ ਵਿੱਚ ਵਿਸ਼ਵਾਸ ਰੱਖੋ। ਦੂਜਿਆਂ ਉੱਤੇ ਨਿਰਭਰ ਨਾ ਰਹੋ। ਸੱਚੇ ਬਣੋ। ਹਮੇਸ਼ਾ ਸੱਚ ਵਿੱਚ ਪਨਾਹ ਲਓ, ਅਤੇ ਕਿਸੇ ਨੂੰ ਸਮਰਪਣ ਨਾ ਕਰੋ!"

ਮੈਂ ਵੀ ਬੁੱਧ ਦੇ ਬਚਨਾਂ ਵਿੱਚੋਂ ਹੀ ਸੇਧ ਲੈਂਦਾ ਹਾਂ ਅਤੇ ਤੁਹਾਡੇਲਈ ਸੰਦੇਸ਼ ਦਿੰਦਾ ਹਾਂ। "ਆਪਣੇ ਖੁਦ ਦੇ ਮਾਰਗਦਰਸ਼ਕ ਬਣੋ, ਤਰਕ ਦੀ ਸਰਨ ਲਓ, ਦੂਜਿਆਂ ਦੀ ਸਲਾਹ ਨਾ ਸੁਣੋ, ਦੂਜਿਆਂ ਦੇ ਅੱਗੇ ਝੁਕੋ ਨਾ, ਸਚਿਆਰ ਬਣੋ। ਸੱਚ ਦੀ ਸ਼ਰਨ ਲਓ, ਕਦੇ ਕਿਸੇ ਨੂੰ ਸਮਰਪਣ ਨਾ ਕਰੋ!" ਜੇਕਰ ਤੁਸੀਂ ਇਸ ਮੋੜ 'ਤੇ ਭਗਵਾਨ ਬੁੱਧ ਦੇ ਇਸ ਸੰਦੇਸ਼ ਨੂੰ ਧਿਆਨ 'ਚ ਰੱਖਦੇ ਹੋ ਤਾਂ ਮੈਨੂੰ ਯਕੀਨ ਹੈ ਕਿ ਤੁਹਾਡਾ ਫੈਸਲਾ ਗਲਤ ਨਹੀਂ ਹੋਵੇਗਾ।

# ਓਬੀਸੀ ਰਿਜ਼ਰਵੇਸ਼ਨ ਨੂੰ ਸੁਪਰੀਮ ਕੋਰਟ ਦੀ ਹਰੀ ਝੰਡੀ

28 ਜਲਾਈ 2022 ਸੁਪਰੀਮ ਕੋਰਟ -ਓਬੀਸੀ ਰਿਜ਼ਰਵੇਸ਼ਨ ਨੂੰ ਸੁਪਰੀਮ ਕੋਰਟ ਦੀ ਹਰੀ ਝੰਡੀ ਮਿਲਣ ਤੋਂ ਬਾਅਦ ਸੂਬਾ ਸਰਕਾਰ ਨੇ ਸਾਰੀਆਂ ਚੋਣਾਂ ਓਬੀਸੀ ਰਿਜ਼ਰਵੇਸ਼ਨ ਨਾਲ ਕਰਵਾਉਣ ਦੀ ਚਾਲ ਸ਼ੁਰੂ ਕਰ ਦਿੱਤੀ ਸੀ। ਪਰ ਹੁਣ ਸੁਪਰੀਮ ਕੋਰਟ ਨੇ ਓਬੀਸੀ ਰਿਜ਼ਰਵੇਸ਼ਨ ਨੂੰ ਲੈ ਕੇ ਵੱਡੇ ਨਿਰਦੇਸ਼ ਦਿੱਤੇ ਹਨ। ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਓਬੀਸੀ ਰਾਖਵੇਂਕਰਨ ਦੀ ਮਨਜ਼ੂਰੀ ਤੋਂ ਪਹਿਲਾਂ ਐਲਾਨੀਆ ਗਈਆਂ ਚੋਣਾਂ ਇਸ ਓਬੀਸੀ ਰਾਖਵੇਂਕਰਨ ਤੋਂ ਬਿਨਾਂ ਹੀ ਹੋਣਗੀਆਂ।

ਸੁਪਰੀਮ ਕੋਰਟ ਨੇ ਕਿਹਾ ਕਿ ਇਨ੍ਹਾਂ ਚੋਣਾਂ ਲਈ ਕੋਈ ਨਵਾਂ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਜਾ ਸਕਦਾ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਹੈ ਕਿ ਜੇਕਰ ਰਾਜ ਚੋਣ ਕਮਿਸ਼ਨ ਇਨ੍ਹਾਂ ਹਦਾਇਤਾਂ ਦੀ ਪਾਲਣਾ ਨਹੀਂ ਕਰਦਾ ਤਾਂ ਇਸ ਨੂੰ ਅਦਾਲਤ ਦੀ ਮਾਣਹਾਨੀ ਮੰਨਿਆ ਜਾਵੇਗਾ। ਮੁੰਬਈ: ਸੁਪਰੀਮ ਕੋਰਟ ਨੇ ਵੀਰਵਾਰ ਨੂੰ ਮਹਾਰਾਸ਼ਟਰ ਰਾਜ ਚੋਣ ਕਮਿਸ਼ਨ (ਐਸਈਸੀ) ਨੂੰ 92 ਨਗਰ ਪ੍ਰੀਸ਼ਦਾਂ ਅਤੇ ਚਾਰ ਨਗਰ ਪੰਚਾਇਤਾਂ ਦੀਆਂ ਚੋਣਾਂ ਨੂੰ ਮੁੜ ਤਹਿ ਕਰਨ ਲਈ ਸਖ਼ਤ ਝਾੜ ਪਾਈ, ਜਿਸ ਨਾਲ ਇਨ੍ਹਾਂ ਸੰਸਥਾਵਾਂ ਵਿੱਚ ਓਬੀਸੀ ਸੀਟਾਂ ਦੇ ਰਾਖਵੇਂਕਰਨ ਦਾ ਰਾਹ ਪੱਧਰਾ ਹੋ ਗਿਆ।

ਅਦਾਲਤ ਨੇ ਕਿਹਾ ਕਿ ਐਸਈਸੀ, ਜੋ 4 ਅਗਸਤ ਨੂੰ ਹੋਣ ਵਾਲੀਆਂ ਓਬੀਸੀ ਕੋਟੇ ਤੋਂ ਬਿਨਾਂ 271 ਗ੍ਰਾਮ ਪੰਚ-ਾਇਤਾਂ ਦੀਆਂ ਚੋਣਾਂ ਕਰਵਾਉਣ ਲਈ ਅੱਗੇ ਜਾ ਰਹੀ ਹੈ, ਨੂੰ 92 ਨਗਰ ਪ੍ਰੀਸ਼ਦਾਂ ਅਤੇ ਚਾਰ ਨਗਰ ਪੰਚਾਇਤਾਂ ਲਈ ਵੀ ਅਜਿਹਾ ਹੀ ਕਰਨਾ ਚਾਹੀਦਾ ਹੈ, ਕਿਉਂਕਿ ਇਹ ਚੋਣਾਂ ਵਿੱਚ ਦਖ਼ਲ ਨਹੀਂ ਦੇ ਸਕਦਾ ਹੈ। ਪਹਿਲਾਂ ਹੀ ਸੂਚਿਤ ਕੀਤਾ ਗਿਆ ਹੈ। ਸਿਖਰਲੀ ਅਦਾਲਤ ਦਾ ਫੈਸਲਾ ਸ਼ਿੰਦੇ-ਫੜਨਵੀਸ ਸਰਕਾਰ ਨੂੰ ਵੀ ਝਟਕਾ ਸੀ, ਜੋ ਪੇਂਡੂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਓਬੀਸੀ ਕੋਟੇ ਦੀ ਆਗਿਆ ਦੇਣ ਵਾਲੇ ੰਛ ਦੇ 19 ਜੁਲਾਈ ਦੇ ਫੈਸਲੇ ਦਾ ਸਿਹਰਾ ਲੈ ਰਹੀ ਸੀ।

ਸੁਪਰੀਮ ਕੋਰਟ ਨੇ 18 ਅਗਸਤ ਨੂੰ ਹੋਣ ਵਾਲੀਆਂ 92 ਨਗਰ ਪ੍ਰੀਸ਼ਦਾਂ ਅਤੇ ਚਾਰ ਨਗਰ ਪੰਚਾਇਤਾਂ ਦੀਆਂ ਚੋਣਾਂ 'ਤੇ ਰੋਕ ਲਗਵਾਉਣ ਲਈ ਐਸਈਸੀ ਨੂੰ ਫਟਕਾਰ ਲੱਗਾਉਂਦੇ ਹੋਏ ਕਿਹਾ ਕਿ ਵੱਧ ਤੋਂ ਵੱਧ, ਤਰੀਕਾਂ ਨੂੰ ਦੁਬਾਰਾ ਤੈਅ ਕੀਤਾ ਜਾ ਸਕਦਾ ਹੈ। ਅਦਾਲਤ ਨੇ ਕਿਹਾ ਕਿ ਐਸਈਸੀ ਨੇ ਵਾਰ-ਵਾਰ ਮੁੜ ਤਹਿ ਨਾ ਕਰਨ ਲਈ ਕਹੇ ਜਾਣ ਦੇ ਬਾਵਜੂਦ ਅਜਿਹਾ ਹੀ ਕੀਤਾ। ਸੁਪਰੀਮ ਕੋਰਟ ਦੇ 12 ਜੁਲਾਈ ਦੇ ਹੁਕਮਾਂ ਅਨੁਸਾਰ, 271 ਗ੍ਰਾਮ ਪੰਚਾਇਤਾਂ ਲਈ ਪਹਿਲਾਂ ਤੋਂ ਚੱਲ ਰਹੀ ਨਾਮਜ਼ਦਗੀ ਪ੍ਰਕਿਰਿਆ ਜਾਰੀ ਰਹੇਗੀ, ਕਿਉਂਕਿ ਇਸ 'ਤੇ ਰੋਕ ਨਹੀਂ ਲਗਾਈ ਗਈ ਹੈ। ਇਨ੍ਹਾਂ ਸੰਸਥਾਵਾਂ ਲਈ 4 ਅਗਸਤ ਨੂੰ ਵੋਟਾਂ ਪੈਣੀਆਂ ਹਨ। ਵੀਰਵਾਰ ਨੂੰ, ਹਾਲਾਂਕਿ, ੰਛ ਨੇ ੰਓਛ ਨੂੰ ਕਿਹਾ ਕਿ ਉਹ ਓਬੀਸੀ ਕੋਟੇ ਤੋਂ ਬਿਨਾਂ 271 ਗ੍ਰਾਮ ਪੰਚਾਇਤਾਂ ਲਈ ਇਨ੍ਹਾਂ ਸੰਸਥਾਵਾਂ ਲਈ ਚੋਣਾਂ ਕਰਵਾਉਣ ਲਈ ਅੱਗੇ ਵਧਣ। ਸੁਪਰੀਮ ਕੋਰਟ ਨੇ ਕਿਹਾ ਕਿ ਐਸਈਸੀ ਚੋਣਾਂ ਨੂੰ ਮੁੜ-ਸੂਚਿਤ ਨਹੀਂ ਕਰ ਸਕਦੀ ਅਤੇ ਜੇਕਰ ਉਹ ਅਜਿਹਾ ਕਰਦੀ ਹੈ, ਤਾਂ ਇਹ ਅਦਾਲਤ ਦਾ ਅਪਮਾਨ ਹੋਵੇਗਾ।




ਐਸਈਸੀ ਦੇ ਸੂਤਰਾਂ ਨੇ ਫ੍ਰੀ ਪ੍ਰੈਸ ਜਰਨਲ ਨੂੰ ਦੱਸਿਆ, "ਚੋਣ ਪ੍ਰਕਿਰਿਆ ਸਿਰਫ 271 ਗ੍ਰਾਮ ਪੰਚਾਇਤਾਂ ਵਿੱਚ ਸ਼ੁਰੂ ਹੋਈ ਸੀ ਅਤੇ 92 ਤੋਂ ਵੱਧ ਚਾਰ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਦੀ ਨੋਟੀਫਿਕੇਸ਼ਨ ਕੁਲੈਕਟਰਾਂ ਦੁਆਰਾ ਪ੍ਰਕਾਸ਼ਿਤ ਨਹੀਂ ਕੀਤੀ ਗਈ ਸੀ, ਕਿਉਂਕਿ ਇਹ ਸਿਰਫ ਪ੍ਰਕਾਸ਼ਿਤ ਕੀਤੀ ਜਾਣੀ ਸੀ। 20 ਜੁਲਾਈ ਅਤੇ ਨਾਮਜ਼ਦਗੀਆਂ 22 ਜੁਲਾਈ ਤੋਂ ਸ਼ੁਰੂ ਹੋਣੀਆਂ ਸਨ। ਇਸ ਲਈ, ਸੁਪਰੀਮ ਕੋਰਟ ਦੇ ਨਿਰੀਖਣਾਂ ਅਨੁਸਾਰ, ਜਿੱਥੇ ਨਾਮਜ਼ਦਗੀਆਂ ਸ਼ੁਰੂ ਨਹੀਂ ਹੋਈਆਂ ਸਨ, ਕੋਈ ਚੋਣ ਨੋਟੀਫਿਕੇਸ਼ਨ ਸ਼ੁਰੂ ਨਹੀਂ ਹੋਣਾ ਸੀ; ਇਸ ਲਈ, ਅਸੀਂ ਅਗਲੇ ਹੁਕਮਾਂ ਤੱਕ 96 ਸ਼ਹਿਰੀ ਸਥਾਨਕ ਸੰਸਥਾਵਾਂ ਦੀਆਂ ਚੋਣਾਂ 'ਤੇ ਰੋਕ ਲਗਾ ਦਿੱਤੀ ਹੈ।" ਸੂਤਰਾਂ ਨੇ ਦੱਸਿਆ ਕਿ ਐਸਈਸੀ ਦੇ ਕਾਨੂੰਨੀ ਸਲਾਹਕਾਰ ਨੇ ਇਹ ਪਹਿਲੂ ਅਦਾਲਤ ਦੇ ਧਿਆਨ ਵਿੱਚ ਲਿਆਂਦਾ ਪਰ ਅਦਾਲਤ ਨੇ ਹਦਾਇਤ ਕੀਤੀ ਕਿ 367 ਸਥਾਨਕ ਸੰਸਥਾਵਾਂ ਦੀਆਂ ਚੋਣਾਂ ਪਹਿਲਾਂ ਐਲਾਨੇ ਅਨੁਸਾਰ ਹੀ ਕਰਵਾਈਆਂ ਜਾਣ।

**ਮਹਾਸਰਕਾਰ ਸਮੀਖਿਆ ਪਟੀਸ਼ਨ ਦਾਇਰ ਕਰੇਗੀ: ਫੜਨਵੀਸ**

ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਸੂਬਾ ਸਰਕਾਰ ਵੀਰਵਾਰ ਦੇ ਹੁਕਮਾਂ ਵਿਰੁੱਧ ਸੁਪਰੀਮ ਕੋਰਟ ਵਿੱਚ ਸਮੀਖਿਆ ਪਟੀਸ਼ਨ ਦਾਇਰ ਕਰੇਗੀ। ਉਨ੍ਹਾਂ ਕਿਹਾ ਕਿ ਉਹ ਅਦਾਲਤ ਦੇ ਹੁਕਮਾਂ ਤੋਂ ਹੈਰਾਨ ਹਨ, ਜਿਸ ਵਿੱਚ ਐਸਈਸੀ ਨੂੰ 92 ਨਗਰ ਪ੍ਰੀਸ਼ਦਾਂ ਅਤੇ ਚਾਰ ਨਗਰ ਪੰਚਾਇਤਾਂ ਦੀਆਂ ਚੋਣਾਂ ਕਰਵਾਉਣ ਲਈ ਕਿਹਾ ਗਿਆ ਸੀ,ਜਿਨ੍ਹਾਂ ਉੱਤੇ ਰੋਕ ਲਗਾਈ ਗਈ ਸੀ। "ਸੁਪਰੀਮ ਕੋਰਟ ਨੇ ਹਾਲ ਹੀ ਵਿੱਚ ਨਗਰ ਪ੍ਰੀਸ਼ਦਾਂ, ਨਗਰ ਪੰਚਾਇਤਾਂ ਅਤੇ ਗ੍ਰਾਮ ਪੰਚਾਇਤਾਂ ਸਮੇਤ ਸਥਾਨਕ ਸੰਸਥਾਵਾਂ ਵਿੱਚ ਓਬੀਸੀ ਲਈ 27 ਪ੍ਰਤੀਸ਼ਤ ਰਾਖਵੇਂਕਰਨ ਦੀ ਇਜਾਜ਼ਤ ਦਿੱਤੀ ਸੀ। ਸਰਕਾਰ ਨੇ 92 ਨਗਰ ਪ੍ਰੀਸ਼ਦਾਂ ਅਤੇ ਚਾਰ ਨਗਰ ਪੰਚਾਇਤਾਂ 'ਤੇ ਓਬੀਸੀ ਕੋਟਾ ਲਾਗੂ ਕਿਉਂ ਨਹੀਂ ਕੀਤਾ ਗਿਆ, ਇਸ ਬਾਰੇ ਆਪਣਾ ਵਿਚਾਰ ਮੰਗਣ ਲਈ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ ਪਰ ਇਸ ਨੇ ਸਰਕਾਰ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ। ਇਸ ਲਈ ਸੂਬਾ ਸਰਕਾਰ ਮੁੜ ਵਿਚਾਰ ਪਟੀਸ਼ਨ ਦਾਇਰ ਕਰੇਗੀ।"

ਮੁੱਖ ਮੰਤਰੀ ਏਕਨਾਥ ਸ਼ਿੰਦੇ ਅਤੇ ਫੜਨਵੀਸ ਨੇ ਬੰਠੀਆ ਕਮਿਸ਼ਨ ਦੀ ਰਿਪੋਰਟ ਸਵੀਕਾਰ ਕੀਤੇ ਜਾਣ ਤੋਂ ਬਾਅਦ ਸਥਾਨਕ ਸੰਸਥਾਵਾਂ ਵਿੱਚ ਓਬੀਸੀ ਕੋਟੇ ਦੀ ਬਹਾਲੀ ਦਾ ਸਿਹਰਾ ਆਪਣੇ ਆਪ ਨੂੰ ਦਿੰਦੇ ਹੋਏ ਕਿਹਾ ਸੀ ਕਿ ਓਬੀਸੀ ਭਾਈਚਾਰੇ ਨਾਲ ਇਨਸਾਫ਼ ਕੀਤਾ ਗਿਆ ਹੈ। ਹਾਲਾਂਕਿ, ਵੀਰਵਾਰ ਨੂੰ ਅਦਾਲਤ ਦੇ ਆਦੇਸ਼ ਨਾਲ, ਬੀਜੇਪੀ ਅਤੇ ਸ਼ਿੰਦੇ ਕੈਂਪਾਂ ਨੂੰ ਝਟਕਾ ਲੱਗਾ ਹੈ, ਕਿਉਂਕਿ ਉਨ੍ਹਾਂ ਨੂੰ ਹੁਣ ਓਬੀਸੀ ਤੋਂ ਪ੍ਰਤੀਕ੍ਰਿਆ ਹੋਣ ਦੀ ਸੰਭਾਵਨਾ ਹੈ। ਇਹ ਹੁਕਮ ਅਜਿਹੇ ਸਮੇਂ 'ਤੇ ਵੀ ਆਇਆ ਹੈ ਜਦੋਂ ਸ਼ਿੰਦੇ ਦੇ ਆਪਣੇ ਨਵੇਂ ਮੰਤਰੀ ਮੰਡਲ ਦੇ ਵਿਸਤਾਰ ਦੀਆਂ ਕੋਸ਼ਿਸ਼ਾਂ ਬੇਕਾਰ ਸਾਬਤ ਹੋਈਆਂ ਹਨ ਅਤੇ ਮੰਤਰੀ ਮੰਡਲ 'ਚ ਸ਼ਾਮਲ ਹੋਣ ਵਾਲੇ ਵਿਧਾਇਕ ਲਗਾਤਾਰ ਬੇਚੈਨ ਹੋ ਰਹੇ ਹਨ। ਵਿਰੋਧੀ ਧਿਰ ਨੇ ਮੰਤਰੀ ਮੰਡਲ ਦੇ ਵਿਸਤਾਰ ਵਿੱਚ ਹੋ ਰਹੀ ਦੇਰੀ ਦੀ ਨਿੰਦਾ ਕੀਤੀ ਹੈ।

# ਸਤਿਗੁਰੂ ਰਾਮ ਸਿੰਘ ਜੀ ਨਾਮਧਾਰੀ ਦੀ ਯਾਦ ਵਿੱਚ ਪ੍ਰਦੇਸ਼ ਗਵਨ ਦਾ 150 ਵਾਂ ਸਾਲ ਨਿਊਯਾਰਕ 'ਚ ਮਨਾਇਆ











ਨਿਊਯਾਰਕ ਸ਼ਹਿਰ ਜੋ ਦੁਨੀਆ ਭਰ ਦੀ ਰਾਜਧਾਨੀ ਦੇ ਤੌਰ ਤੇ ਜਾਣਿਆ ਜਾਂਦਾ ਹੈ । ਪਿਛਲੇ ਦਿਨੀ ਸੱਤ ਜੁਲਾਈ ਤੋਂ ਲੈ ਕੇ ਗਿਆਰਾਂ ਜੁਲਾਈ ਤੱਕ ਸਤਿਗੁਰੂ ਰਾਮ ਸਿੰਘ ਜੀ ਦੀ ਸਿਰਜੀ ਹੋਈ ਨਾਮਧਾਰੀ (ਕੂਕਾ) ਸਿੱਖ ਸੰਗਤ ਵੱਲੋਂ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਦੀ ਹਾਜ਼ਰੀ ਵਿੱਚ ਨਾਮਧਾਰੀ ਸਿੱਖ ਸੰਗਤ ਦੇ ਸਿਰਜਣਹਾਰ ਨੂੰ ਨਿਊਯਾਰਕ ਸ਼ਹਿਰ ਵਿੱਚ ਯਾਦ ਕੀਤਾ ਗਿਆ ।

ਸਤਿਗੁਰੂ ਰਾਮ ਸਿੰਘ ਦਾ ਜਨਮ ਪਿੰਡ ਰਾਈਆਂ ਜ਼ਿਲ੍ਹਾ ਲੁਧਿਆਣਾ ਵਿਖੇ 3, ਫ਼ਰਵਰੀ 1816 ਨੂੰ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸ। ਜੱਸਾ ਸਿੰਘ ਅਤੇ ਮਾਤਾ ਦਾ ਨਾਮ ਸਰਦਾਰਨੀ ਸਦਾ ਕੌਰ ਸੀ । ਕੰਮ- ਕਿੱਤੇ ਦੀ ਲੋੜ ਕਰਕੇ ਆਪ ਜੀ ਦੇ ਪਿਤਾ ਨੇ ਪਿੰਡ ਰਾਈਆਂ ਤੋਂ ਪਿੰਡ ਭੈਣੀ ਵਿਖੇ ਵਾਸਾ ਕਰ ਲਿਆ ਜਿਸ ਨੂੰ ਅੱਜ ਭੈਣੀ ਸਾਹਿਬ ਪੁਕਾਰਿਆ ਜਾਂਦਾ ਹੈ। ਆਪਣੇ ਪਿਤਾ ਜੀ ਨਾਲ ਛੋਟੀ ਉਮਰੇ ਹੱਥ ਵਟਾਉਣ ਲੱਗ ਪਏ ਸਨ। ਘਰ ਦਾ ਮਹੌਲ ਧਾਰਮਿਕ ਸੀ ਮਾਤਾ ਜੀ ਗੁਰਬਾਣੀ ਦਾ ਪਾਠ ਕਰਦੇ। ਗੁਰੂਆਂ , ਪੀਰਾਂ ਅਤੇ ਸੂਰਬੀਰ ਯੋਧਿਆਂ ਦੀਆਂ ਸਾਖੀਆਂ ਸੁਣਾਉਂਦੇ , ਜਿਸ ਕਰਕੇ ਆਪ ਜੀ ਉੱਤੇ ਛੋਟੀ ਉਮਰ 'ਚ ਸਿੱਖ ਸਿਧਾਂਤਾਂ ਦਾ ਅਸਰ ਪੈਣਾ ਸ਼ੁਰੂ ਹੋ ਗਿਆ । ਕਿਹਾ ਜਾਂਦਾ ਹੈ ਕਿ ਆਪ ਜੀ ਨੇ 9-10 ਸਾਲ ਦੀ ਉਮਰ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੰਠ ਕਰ ਲਿਆ ਸੀ । ਆਪ ਜੀ ਸਿਹਤ ਪੱਖੋਂ ਤਕੜੇ-ਸੁਡੌਲ ਅਤੇ ਸਵਾ 6 ਫੁੱਟ ਕੱਦ ਦੇ ਸੋਹਣੇ ਜੁਆਨ ਸਨ ।

ਸਤਿਗੁਰੂ ਰਾਮ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਦੀ ਫ਼ੌਜ ਵਿੱਚ 1837 ਈਸਵੀ 'ਚ ਵੱਡੀ ਭੈਣ ਦੇ ਪਤੀ ਸ। ਕਾਬਲ ਸਿੰਘ ਨੇ ਭਰਤੀ ਕਰਾ ਦਿੱਤਾ। 1841 ਈਸਵੀ ਵਿੱਚ ਕੰਵਰ ਨੌਨਿਹਾਲ ਦੀ ਫ਼ੌਜ ਦੀ ਰੈਜਮੈਂਟ ਪਿਸ਼ਾਵਰ ਜਾਂਦੇ ਸਮੇਂ ਹਜਰੋਂ ਰੁਕੀ ਜਿੱਥੇ ਆਪ ਜੀ ਬਾਬਾ ਬਾਲਕ ਸਿੰਘ ਦੇ ਡੇਰੇ ਦੇ ਦਰਸ਼ਨ ਕਰਨ ਗਏ । ਉਸ ਵੇਲੇ ਪੰਜਾਬ ਦੇ ਸਿੱਖ ਰਾਜ ਵਿੱਚ ਸਿੱਖ ਸਰਦਾਰਾਂ ਹੱਥੋਂ ਸਿੱਖ ਰਾਜ ਦੀ ਭੈੜੀ ਹਾਲਤ ਦੇਖਕੇ ਬਾਲਕ ਸਿੰਘ ਜੀ ਚਿੰਤਾਤੁਰ ਸਨ। ਉਹਨਾਂ ਨੂੰ ਕਿਸੇ ਅਜਿਹੇ ਮਹਾਂਪੁਰਸ਼ ਦੀ ਇੰਤਜ਼ਾਰ ਸੀ ਜੋ ਸਿੱਖੀ ਦੇ ਸੁੱਕ ਰਹੇ ਬੂਟੇ ਨੂੰ ਹਰਿਆ-ਭਰਿਆ ਰੱਖ ਸਕੇ । ਰਾਮ ਸਿੰਘ ਜੀ ਦਾ ਦਰਸ਼ਨੀ ਚਿਹਰਾ ਦੇਖਕੇ ਬਾਲਕ ਸਿੰਘ ਜੀ ਨੇ ਭਾਂਪ ਲਿਆ ਕਿ ਇਹ ਪੁਰਸ਼ ਗੁਰੂਤਾ ਦੇ ਯੋਗ ਹੈ । ਉਸ ਵੇਲੇ ਆਪ ਜੀ ਨੂੰ ਨਾਮ ਦਾ ਦਾਨ ਦੇ ਕੇ ਭਵਿੱਖ ਦੇ ਮਿਸ਼ਨ ਲਈ ਅਗਾਹ ਕਰਦਿਆਂ ਬਚਨ ਕੀਤਾ ਕਿ " ਇਹ ਵਸਤ ਤੁਹਾਡੀ ਸੀ, ਤੁਹਾਨੂੰ ਸੌਂਪ ਦਿੱਤੀ ਹੈ ਅਸੀਂ ਤਾਂ ਤੁਹਾਡੀ ਉਡੀਕ ਵਿੱਚ ਅੱਜ ਤੱਕ ਰਾਖੀ ਕੀਤੀ ਹੈ । ਗੋਰੀ ਸਾਮਰਾਜੀ ਸਰਕਾਰ ਦੇ ਤੌਰ ਤਰੀਕੇ ਭਾਂਪ-ਦਿਆਂ ਬਾਬਾ ਬਾਲਕ ਸਿੰਘ ਨੇ ਰਾਮ ਸਿੰਘ ਜੀ ਨੂੰ ਆਦੇਸ਼ ਦਿੱਤਾ

" ਰਾਖੋ ਧਰਮ ਅਧਰਮ ਮਿਟਾਵੋ ।
ਦੇਵ ਰੀਤ ਸੁਚ ਸੋਧ ਚਲਾਵੋ ॥
ਅਬ ਭੈਣੀ ਸਾਹਿਬ ਕੋ ਜਾਵੋ ।
ਛੱਡ ਨੌਕਰੀ ਦੇਗ ਚਲਾਵੋ ॥

ਆਪ ਨੇ ਥੋੜ੍ਹਾ ਸਮਾਂ ਫੌਜ ਦੀ ਨੌਕਰੀ ਕਰਕੇ 18 ਦਸੰਬਰ 1845 'ਚ ਮੁੱਦਕੀ ਦੀ ਜੰਗ ਸਮੇਂ ਸਿੱਖ ਜਰਨੈਲਾਂ ਅਤੇ ਸਿੱਖ ਰਾਜ ਦੇ ਪ੍ਰਧਾਨ ਮੰਤਰੀ ਦਾ ਅੰਗਰੇਜ਼ਾਂ ਮੋਹਰੇ ਵਿੱਕ ਜਾਣ ਕਰਕੇ ਫ਼ੌਜੀ ਬੰਦੂਕ ਸਤਲੁਜ ਦਰਿਆ 'ਚ ਸੁੱਟਦੇ ਹੋਏ ਕਿਹਾ ਕਿ " ਪੰਜਾਬ ਦੇ ਨਵੇਂ ਧਾੜਵੀ ਨਾਲ ਹੁਣ ਨਵੇਂ ਢੰਗ ਨਾਲ ਸਿੱਝਣਾ ਪਵੇਗਾ ।" ਸਤਿਗੁਰੂ ਰਾਮ ਸਿੰਘ ਜੀ ਫ਼ੌਜ ਨੂੰ ਛੱਡਕੇ ਭੈਣੀ ਸਾਹਿਬ ਆ ਗਏ ।

1849 ਨੂੰ ਲਾਰਡ ਡਲਹੌਜੀ ਦੀ ਅਗਵਾਈ ਵਿੱਚ ਪੰਜਾਬ ਅੰਗਰੇਜ਼ ਹਕੂਮਤ ਅਧੀਨ ਹੋ ਗਿਆ । ਸਿੱਖ ਧਰਮ ਦੀ ਰਹਿਤ ਮਰਯਾਦਾ ਤਾਂ ਮਹਾਰਾਜਾ ਰਣਜੀਤ ਸਿੰਘ ਦੀਆਂ ਅੱਖਾਂ ਮੀਟਣ ਤੋਂ ਬਾਅਦ ਹੀ ਸਵਾਲੀਏ ਸਥਾਨ ਤੇ ਪੁੱਜ ਗਈ ਹੋਈ ਸੀ । ਅੰਗਰੇਜ਼ ਰਾਜ ਨੇ ਤਾਂ ਸਿੱਖ ਧਰਮ ਦੀ ਪਵਿੱਤਰਤਾ ਨੂੰ ਗੰਧਲਾ ਕਰਨ ਲਈ ਸਭ ਹੱਦਾਂ ਬੰਨੇ ਟੱਪ ਦਿੱਤੇ , ਜੰਤਾਂ ਦੜ ਵੱਟ ਕੇ ਦਿਨ ਕਟੀ ਕਰਨ ਲੱਗ ਪਈ ਸੀ । ਕੋਈ ਬਾਂਹ ਫੜਨ ਵਾਲਾ ਨਹੀਂ ਸੀ । ਸਿੱਖ ਧਰਮ 'ਚੋਂ ਗੁਰੂ ਗੋਬਿੰਦ ਸਿੰਘ ਜੀ ਦੀ ਮਰਯਾਦਾ ਨੂੰ ਸਾਜ਼ਸ਼ੀ ਢੰਗ ਨਾਲ ਭੁਲਾਇਆ ਜਾ ਰਿਹਾ ਸੀ । ਮੀਟ -ਮਸਾਲੇ , ਦਾਰੂ -ਸਿੱਕਾ ਸ਼ਰੇਆਮ ਚੱਲਦਾ ਸੀ । ਅੰਗਰੇਜ਼ ਸਾਮਰਾਜ ਦੇ ਸਾਜ਼ਿਸ਼ੀ ਢੰਗਾਂ ਨਾਲ ਸਿੱਖ ਧਰਮ ਨੂੰ ਅਨੁਸ਼ਾਸ਼ਨ ਅਤੇ ਰਹਿਤਾਂ ਤੋਂ ਦੂਰ ਕੀਤਾ ਜਾ ਰਿਹਾ ਸੀ ।

ਸਤਿਗੁਰੂ ਰਾਮ ਸਿੰਘ ਨੇ ਭੈਣੀ ਸਾਹਿਬ ਰਹਿੰਦਿਆਂ ਸਿੱਖਾਂ ਅੰਦਰ ਨਵੀਂ ਰੂਹ ਫੂਕਣ ਦਾ ਨਿਰਣਾ ਲਿਆ ਤੇ 12 ਅਪ੍ਰੈਲ 1857 ਨੂੰ ਸੰਤ-ਖ਼ਾਲਸੇ ਦੀ ਸਾਜਣਾ ਕੀਤੀ । ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ 1699 ਨੂੰ ਪੰਥ-ਖ਼ਾਲਸੇ ਦੀ ਸਿਰਜਣਾ ਕੀਤੀ ਸੀ ਆਪ ਨੇ ਸੰਤ-ਖ਼ਾਲਸੇ ਦੇ ਰੂਪ ਵਿੱਚ ਪੁਨਰ ਸਿਰਜਨਾ ਕੀਤੀ । ਆਪ ਨੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ । ਅੰਮ੍ਰਿਤ, ਪੰਜ ਕਕਾਰ - ਕੇਸ, ਕੰਘਾ, ਕਿਰਪਾਨ, ਕੜਾ ਅਤੇ ਕਛਹਿਰਾ ਦੇ ਧਾਰਨੀ ਸਿੰਘਾਂ ਨੂੰ ਛਕਾਇਆ। ਅਮਨ, ਸ਼ਾਂਤੀ ਅਤੇ ਦੇਸ਼ ਭਗਤੀ ਦਾ ਪ੍ਰਤੀਕ ਸਫ਼ੈਦ ( ਚਿੱਟਾ) ਤਿੰਨ ਕੋਨਾਂ ਪਰਚਮ ਲਹਿਰਾਇਆ। ਸਜੇ ਹੋਏ ਸਿੰਘਾਂ ਹੱਥ ਅੰਗਰੇਜ਼ ਸਰਕਾਰ ਵਿਰੁੱਧ ਨਾ-ਮਿਲਵਰਤਣ ਅਤੇ ਸੁਦੇਸ਼ੀ ਹੱਥਿਆਰ ਫੜਾਏ । ਯਾਦ ਰਹੇ , ਅੰਗਰੇਜ਼ ਹਾਕਮਾਂ ਨੇ ਸਮੇਤ ਕਿਰਪਾਨਾਂ ਹਥਿਆਰ ਸੁਟਾ ਲਏ ਸਨ ਸੋ ਸਤਿਗੁਰਾਂ ਨੇ ਕਿਰਪਾਨ , ਕੰਘੇ ਨਾਲ ਕੇਸਾਂ 'ਚ ਰੱਖਣ ਦੇ ਹੁਕਮ ਦਿੱਤੇ । ਆਪ ਜੀ ਦੇ ਪਹਿਲੇ ਸਾਜੇ ਪੰਜ ਪਿਆਰੇ 1 ਸ ਕਾਹਨ ਸਿੰਘ ਨਿਹੰਗ 2 ਸ ਲਾਭ ਸਿੰਘ 3 ਸ ਆਤਮਾ ਸਿੰਘ 4 ਸ ਨੈਣਾ ਸਿੰਘ 5 ਸ ਸੁੱਧ ਸਿੰਘ ਸਨ । ਸਿੱਖੀ ਦਾ ਬਾਗ਼ ਮੁੜ ਸਰਸਬਜ਼ ਹੋਣ ਲੱਗਿਆ। ਸਾਰੇ ਸਜੇ ਸਿੰਘ ਸੁੱਚ-ਸੋਧ ਦੇ ਧਾਰਨੀ ਸਾਕਾਹਾਰੀ ਅਤੇ ਨਸ਼ਾ ਮੁਕਤ ਰਹਿਣ ਲਈ ਅੱਗੇ ਵੱਧਣ ਲੱਗੇ।

ਸਤਿਗੁਰੂ ਜੀ ਨੇ ਸੰਤ ਖ਼ਾਲਸੇ ਨੂੰ ਪਰਪੱਕ ਬਣਾਉਣ ਲਈ ਆਦੇਸ਼ ਦਿੱਤੇ ਕਿ ਮਾਸ , ਸ਼ਰਾਬ , ਚੋਰੀ-ਚਕਾਰੀ, ਝੂਠ-ਫ਼ਰੇਬ , ਵਿਆਜ-ਖੋਰੀ ਅਤੇ ਪਰਾਇਆ ਹੱਕ ਆਦਿ ਅਲਾਮਤਾਂ ਤੋਂ ਬਚੇ ਰਹਿਣਾ ਅਤੀ ਜ਼ਰੂਰੀ ਹੈ । ਇਸਤਰੀ ਜਾਤੀ ਦੇ ਹੱਕ ਵਿੱਚ ' ਧੀ ਬਚਾਓ , ਧੀ ਪੜ੍ਹਾਓ' ਦਾ ਨਾਅਰਾ ਬੁਲੰਦ ਕੀਤਾ । ਧੀਆਂ ਨੂੰ ਮਾਰਨ, ਵੇਚਣ, ਵੱਟਾ-ਸੱਟਾ ਕਰਨ ਅਤੇ ਬਾਲ ਵਿਆਹਾਂ ਵਰਗੀਆਂ ਕੁਰੀਤੀਆਂ ਦਾ ਤਿਆਗ ਕਰਨ ਲਈ ਆਦੇਸ਼ ਕੀਤੇ । ਸਤੀ ਦੀ ਰਸਮ ਖਤਮ ਕਰਨ ਅਤੇ ਵਿਧਵਾ ਵਿਆਹ ਦੀ ਪ੍ਰੋੜ੍ਹਤਾ ਕੀਤੀ । ਮਨੁੱਖ ਨੂੰ ਮਨੁੱਖ ਜਾਣ ਕੇ ਅੰਤਰ-ਜਾਤੀ ਵਿਆਹ ਨੂੰ ਸਵੀਕਾਰ ਕੀਤਾ । ਹਾਂ, ਵਿਆਹ ਸਾਦਾ ਅਤੇ ਸਿਰਫ਼ ਇੱਕ ਰੁਪਏ ਦਾ ਸ਼ਗਨ ਦੇ ਕੇ ਕਰਨ ਲਈ ਕਿਹਾ ।

ਆਦੇਸ਼-ਆਦਰਸ਼ਾਂ ਨੂੰ ਭਾਵ-ਪੂਰਕ ਬਣਾਉਂਦੇ ਹੋਏ ਸਤਿਗੁਰੂ ਰਾਮ ਸਿੰਘ ਨੇ 3 ਜੂਨ 1863 ਈ। ਨੂੰ ਪਿੰਡ ਖੋਟੇ ( ਫ਼ਿਰੋਜ਼ਪੁਰ ) ਵਿਖੇ 6 ਅੰਤਰਜਾਤੀ ਵਿਆਹ ਕੀਤੇ । ਇਸ ਕਾਰਜ ਵਿਰੁੱਧ ਸਰਕਾਰੀ ਜਮੂਰਿਆ ਅਤੇ ਪੰਡਿਆਂ ( ਪੰਡੇ ਤੋਂ ਭਾਵ ਹੈ ਵ੍ਹਲ-ਫ਼ਰੇਬੀ/ ਛੱਲ-ਕੱਪਟੀ ) ਨੇ ਵਾਵੇਲਾ ਖੜ੍ਹਾ ਕੀਤਾ। (ਜਿਵੇਂ ਪੰਡਿਤ ਤੋਂ ਅਰਥ ਪੜ੍ਹਿਆ ਲਖਿਆ , ਲੋਕ-ਪੱਖੀ ਹੋਣ ਦੀ ਉਦਾਹਰਣ ਵਾਂਗ ਹੁੰਦੇ ਹਨ ਜੋ ਸਿੱਖ/ ਹਿੰਦੂ ਅਤੇ ਮੁਸਲਮਾਨ ਵੀ ਹੋ ਸਕਦੇ ਹਨ।) ਗੋਰੀ ਸਾਮਰਾਜੀ ਸਰਕਾਰ ਕੋਲ ਹਿੰਦੂ ਧਰਮ ਨੂੰ ਭ੍ਰਿਸ਼ਟ ਕਰਨ ਦੇ ਆਰੋਪ ਲਾਏ । ਗੋਰੀ ਸਰਕਾਰ ਨੂੰ ਸਤਿਗੁਰੂ ਰਾਮ ਸਿੰਘ ਵਿਰੁੱਧ ਕਾਰਵਾਈ ਕਰਨ ਦਾ ਮੌਕਾ ਮਿਲ ਗਿਆ, ਆਪ ਨੂੰ 1863 ਤੋਂ 1867 ਤੱਕ ਭੈਣੀ ਸਾਹਿਬ ਵਿਖੇ ਚਾਰ ਸਾਲ ਲਈ ਨਜ਼ਰਬੰਦ ਕਰ ਦਿੱਤਾ ਅਤੇ ਨਾਮਧਾਰੀ ਪ੍ਰਚਾਰ 'ਤੇ ਪਾਬੰਦੀ ਲਾ ਦਿੱਤੀ । ਅੰਗਰੇਜ਼ ਸਰਕਾਰ ਨੂੰ ਭੁਲੇਖਾ ਸੀ ਕਿ ਸਤਿਗੁਰੂ ਰਾਮ ਸਿੰਘ ਹੁਣ ਖ਼ੁਸ਼ਹਾਲ ਸਮਾਜ ਦੇ ਹਿੱਤ ਵਿੱਚ ਚੁੱਪ ਕਰਕੇ ਬਹਿ ਜਾਣਗੇ ।

"ਊਰਜਾ ਕਦੇ ਵੀ ਖਤਮ ਨਹੀਂ ਹੁੰਦੀ ਸਗੋਂ ਆਪਣਾ ਰੂਪ ਬਦਲ ਲੈਂਦੀ ਹੈ ।" " ਜਿਵੇਂ ਸੂਰਜ ਕਦੇ ਵੀ ਮਰਦਾ ਨਹੀਂ "

ਨਜ਼ਰਬੰਦੀ ਦੌਰਾਨ ਨਾਮਧਾਰੀ ਪ੍ਰਚਾਰ ਜਾਰੀ ਰੱਖਣ ਲਈ ਪੰਜ ਸੂਬੇ (Proivnce) ਸਥਾਪਿਤ ਕੀਤੇ । ਸੂਬਿਆਂ ਦੀ ਮੁਖ਼ਤਿਆਰੀ ਪੰਜ ਪੱਕੇ ਸ਼ਰਧਾਲੂ ਸਿੱਖਾਂ , ਸ ਜਵਾਹਰ ਸਿੰਘ, ਸ ਕਾਨ੍ਹ ਸਿੰਘ , ਸ ਸਾਹਿਬ ਸਿੰਘ , ਸ ਲੱਖਾਂ ਸਿੰਘ ਅਤੇ ਸ ਸੁੱਧ ਸਿੰਘ ਨੂੰ ਸੌਂਪ ਕੇ ਸੂਬੇ ਦਾ ਖ਼ਿਤਾਬ ਦਿੱਤਾ । ਸਰਕਾਰ ਨੇ ਇੰਨ੍ਹਾਂ ਪੰਜਾਂ ਨੂੰ ਵੀ ਨਜ਼ਰਬੰਦ ਕਰ ਦਿੱਤਾ । ਸਤਿਗੁਰਾਂ ਨੇ 17 ਹੋਰ ਸੂਬੇ ਸਥਾਪਿਤ ਕਰ ਦਿੱਤੇ । ਸ ਰੂੜ ਸਿੰਘ , ਸ ਸਰਮੁਖ ਸਿੰਘ , ਸ ਜਮੀਤ ਸਿੰਘ , ਸ। ਗਿਆਨੀ ਸਿੰਘ ਉਰਫ਼ ਰਤਨ ਸਿੰਘ , ਸ ਮਾਨ ਸਿੰਘ , ਸ ਬ੍ਰਹਮਾ ਸਿੰਘ , ਸ ਭਗਵਾਨ ਸਿੰਘ, ਸ ਰਾਜਾ ਸਿੰਘ , ਸ ਹੁਕਮਾਂ ਸਿੰਘ, ਸ ਮਲੂਕ ਸਿੰਘ , ਸ ਜੋਤਾ ਸਿੰਘ , ਸ ਖਜ਼ਾਨ ਸਿੰਘ , ਸ ਨਰਾਇਣ ਸਿੰਘ , ਸ ਸਮੁੰਦ ਸਿੰਘ, ਸ ਪਹਾੜਾ ਸਿੰਘ , ਸ ਖੁਸ਼ਹਾਲ ਸਿੰਘ, ਅਤੇ ਬਾਬਾ ਗੋਪਾਲ ਸਿੰਘ ਸਨ । ਸਰਕਾਰ ਨੇ ਇੰਨ੍ਹਾਂ ਉੱਤੇ ਵੀ ਦਮਨ ਕਰਦੇ ਹੋਏ ਪਾਬੰਦੀ ਲਗਾ ਦਿੱਤੀ। ਕਮਿਸ਼ਨਰ ਅੰਬਾਲਾ ਦਹਿਸ਼ਤ ਵਧਾਉਣ ਲਈ ਭੈਣੀ ਸਾਹਿਬ ਆ ਕੇ ਪੁੱਛਦਾ ਕਿ ਹੁਣ ਕੀ ਕਰੋਗੇ? ਅੱਗਿਓਂ ਸਤਿਗੁਰੂ ਰਾਮ ਸਿੰਘ ਕਹਿੰਦੇ ਹੁਣ ਘਰ ਘਰ ਰਾਮ ਸਿੰਘ ਪੈਦਾ ਕਰਾਂਗਾ । ਪਾਬੰਦੀਆਂ ਵਿਰੁੱਧ ਲੋਕਾਂ ਦੇ ਰੋਹ ਦਾ ਅੰਦਾਜ਼ਾ ਲਾਉਣਾ ਸ਼ਾਇਦ ਔਖਾ ਨਹੀਂ ਹੋਵੇਗਾ ਕਿ ਲੋਕ ਧੜਾਧੜ ਨਾਮਧਾਰੀ ਬਣਨ ਲੱਗ ਪਏ। ਦੱਸ ਸਾਲਾਂ ਤੋਂ ਵੀ ਘੱਟ ਸਮੇਂ 'ਚ ਸੱਤ ਲੱਖ ਨਾਮਧਾਰੀ ਸਿੰਘ ਸਜੇ । ਸ਼ਰਧਾਲੂਆਂ ਨੂੰ ਨਿਯਮਬੱਧ ਤੌਰ 'ਤੇ ਲਾਮਬੰਦ ਕਰਨ ਲਈ 22 ਸੂਬਿਆਂ ਦਾ ਖੁਦਮੁਖਤਿਆਰੀ ਰਾਜ ਪ੍ਰਬੰਧ ਸਥਾਪਿਤ ਕਰ ਦਿੱਤਾ । ਸੂਬਿਆਂ ਨੇ ਸਤਿਗੁਰੂ ਦੇ ਆਦੇਸ਼ਾਂ ਮੰਨਦੇ ਹੋਏ ਸਮਾਜਿਕ ਅਤੇ ਰਾਜਨੀਤਿਕ ਸੁਧਾਰ ਕੀਤੇ ।

**ਸਮਾਜਿਕ ਸੁਧਾਰ:-** ਕੁੜੀਆਂ ਨੂੰ ਮਾਰਨਾ , ਵੇਚਣਾ , ਵੱਟੇ-ਸੱਟੇ ਦਾ ਵਿਆਹ ਅਤੇ ਬਾਲ ਵਿਆਹ ਰੋਕਿਆ । 2 ਸੱਤੀ ਦੀ ਪ੍ਰਥਾ ਨੂੰ ਬੰਦ ਕੀਤਾ ਅਤੇ ਵਿਧਵਾ ਵਿਆਹ ਦੀ ਰਸਮ ਸ਼ੁਰੂ ਕੀਤੀ । 3 ਇਸਤਰੀਆਂ ਨੂੰ ਅੰਮ੍ਰਿਤ ਛਕਾਇਆ ।4 ਮਾਸ , ਸ਼ਰਾਬ ਦਾ ਸੇਵਨ ਨਾ ਕਰਨਾ , ਚੋਰੀ-ਯਾਰੀ ਅਤੇ ਵਿਆਜ ਲੈਣ ਤੋਂ ਵਰਜਿਆ । 5 ਗਊ ਹੱਤਿਆ ਦੀ ਵਿਰੋਧਤਾ ਕੀਤੀ ਅਤੇ ਬੁੱਚੜ ਖ਼ਾਨੇ ਬੰਦ ਕਰਾਏ । 6 ਗੁਰਮਤ ਅਨੁਸਾਰ ਅਨੰਦ ਕਾਰਜ ਦੀ ਰਸਮ ਤੋਰੀ ਅਤੇ ਸਮੂਹ ਵਿਆਹ ਕੀਤੇ ।

**ਰਾਜਨੀਤਿਕ ਸੁਧਾਰ :-** 1 ਬ੍ਰਿਟਿਸ਼ ਸਰਕਾਰ ਨੂੰ ਮਾਨਤਾ ਨਾ ਦੇਣਾ। 2 ਆਪਣੇ ਮੁਲਕ ਲਈ ਆਪਣੀ ਸਰਕਾਰ ਕਾਇਮ ਕਰਨਾ । 3 ਬੱਚਿਆਂ ਨੂੰ ਸਰਕਾਰੀ ਸਕੂਲਾਂ ਦੀ ਬਜਾਇ ਗੁਰ-ਦੁਆਰਾ , ਮੰਦਿਰ ਅਤੇ ਮਸੀਤਾਂ 'ਚ ਪੜਾਉਣਾ । 4 ਵਿਦੇਸ਼ੀ ਵਸਤਾਂ ਦੀ ਥਾਂ ਸਵਦੇਸ਼ੀ ਚੀਜ਼ਾਂ ਖ਼ਰੀਦਣਾ 5 ਕਚਹਿਰੀ ਦੀ ਥਾਂ ਪੰਚਾਇਤਾਂ 6। ਆਵਾਜਾਈ , ਸੰਚਾਰ , ਡਾਕ ਮਹਿਕਮੇ ਦੀ ਵਰਤੋਂ ਨਾ ਕਰਨਾ 7 ਲਾਗਲੇ ਦੇਸ਼ਾਂ ਨਾਲ ਸੰਬੰਧ ਬਣਾਉਣੇ ਆਦਿ ਰਾਜਨੀਤਿਕ ਸੁਧਾਰ ਕਰਕੇ ਸਤਿਗੁਰੂ ਰਾਮ ਸਿੰਘ ਦੀ ਦੂਰ ਦ੍ਰਿਸ਼ਟੀ ਨੇ ਅੰਗਰੇਜ਼ ਰਾਜ ਦੇ ਤੱਖਤ ਦੀਆਂ ਚੂਲ਼ਾਂ ਹਿਲਾ ਦਿੱਤੀਆਂ ।

ਗਊ ਗਰੀਬ ਦੀ ਅਤੇ ਸਿੱਖ ਪੰਥ ਦੀ ਰੱਖਿਆ ਲਈ ਸਤਿਗੁਰੂ ਰਾਮ ਸਿੰਘ ਵੱਲੋਂ ਸਾਜੇ ਸੰਤ ਖ਼ਾਲਸੇ ਨੇ ਗਊ ਹੱਤਿਆ ਰੋਕਣ ਲਈ ਜਾਨ ਤਲੀ ਉੱਤੇ ਧਰਕੇ ਆਦੇਸ਼ਾਂ ਨੂੰ ਉਦੇਸ਼ ਮੰਨਕੇ ਫ਼ਾਂਸੀ ਦੇ ਰੱਸਿਆਂ ਨੂੰ ਚੁੰਮਿਆ ਦਰਜਨਾਂ ਦੀ ਦਰਜਨਾਂ ਕੂਕੇ ਸਿੰਘਾਂ ਨੇ ਮੌਤ ਨੂੰ ਟਿੱਚਰਾਂ ਕਰਦੇ ਹੋਏ ਤੋਪਾਂ ਮੋਹਰੇ ਖੜਕੇ ਸਰੀਰ ਫ਼ੀਤਾ ਫ਼ੀਤਾ ਕਰਵਾਕੇ ਸ਼ਹੀਦੀਆਂ ਪਾਈਆਂ ।

ਸਿੱਖੀ ਨੂੰ ਸ਼ਾਨਾਮੱਤਾ ਕਰਦੇ ਹੋਏ ਸੰਤ ਖ਼ਾਲਸੇ ਨੇ ਅੰਗਰੇਜ਼ ਰਾਜ ਵਿਰੁੱਧ ਨਾ-ਮਿਲਵਰਤਣ ਲਈ ਰਾਹ ਤਿਆਰ ਕੀਤੇ ।

ਸਤਿਗੁਰੂ ਰਾਮ ਸਿੰਘ ਦਾ ਦ੍ਰਿਸ਼ਟੀਕੋਣ ਅੰਗਰੇਜ਼ ਹਕੂਮਤ ਨੂੰ ਢਹਿ-ਢੇਰੀ ਕਰਨਾ ਸੀ , ਤਹਿਸ਼-ਨਹਿਸ਼ ਕਰਨਾ ਸੀ ਅਤੇ ਖ਼ਤਰੇ ਦੀ ਘੰਟੀ ਵਾਂਗ ਸੀ । ਅੰਗਰੇਜ਼ ਹਕੂਮਤ ਨੇ ਸਾਂਜ਼ਿਸ਼ਾਂ ਦੇ ਪੁਲੰਦੇ ਬਣਾਕੇ 11 ਮਾਰਚ 1872 ਦੇ ਦਿਨ ਆਪ ਜੀ ਨੂੰ ਰੰਗੂਨ ਵਿਖੇ ਜਲਾਵਤਨ ਕਰ ਦਿੱਤਾ । ਅੰਗਰੇਜ਼ ਸਾਮਰਾਜ ਦਾ ਵਹਿਮ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਸੋਚ ਖਤਮ ਹੋ ਜਾਵੇਗੀ । ਆਪ ਜੀ ਦੇ ਹੁਕਮ ਦਾ ਪਾਲਣ ਕਰਦੇ ਹੋਏ ਸਤਿਗੁਰੂ ਹਰੀ ਸਿੰਘ ਜੀ ਨੇ ਗੁਰਗੱਦੀ ਦੀ ਸਾਂਭ ਸੰਭਾਲ ਦੀ ਸੇਵਾ ਨਿਭਾਈ ਉਨ੍ਹਾਂ ਤੋਂ ਅੱਗੇ ਸਤਿਗੁਰੂ ਪ੍ਰਤਾਪ ਸਿੰਘ ਜੀ ,ਸਤਿਗੁਰੂ ਜਗਜੀਤ ਸਿੰਘ ਜੀ ਅੱਜ ਵੀ ਸਤਿਗੁਰੂ ਉਦੇ ਸਿੰਘ ਜੀ ਦੀ ਅਗਵਾਈ ਵਿੱਚ ਨਾਮਧਾਰੀ (ਕੂਕੇ) ਸੰਤ ਖ਼ਾਲਸਾ ਵਲੋਂ ਪਿੰਡ ਪਿੰਡ , ਸ਼ਹਿਰ ਸ਼ਹਿਰ ਅਤੇ ਦੇਸ਼-ਵਿਦੇਸ਼ ਵਿੱਚ ਸਿੱਖੀ ਦਾ ਪਰਉਪਕਾਰੀ ਪਰਚਮ ਲਹਿਰਾਇਆ ਜਾ ਰਿਹਾ ਹੈ । ਸਤਿਗੁਰੂ ਰਾਮ ਸਿੰਘ ਜੀ ਦੇ ਆਦੇਸ਼ ਨਾਮਧਾਰੀ ਸੰਗਤਾਂ ਵਲੋਂ ਅੱਜ ਵੀ ਪੂਰਨ ਤੌਰ ਤੇ ਮੰਨੇ ਜਾਂਦੇ ਹਨ । ਸਿਮਰਨਜੀਤ ਸਿੰਘ ਪੁੱਤਰ ਸ। ਸਵਰਨ ਸਿੰਘ ਸਲੈਚ ਅਤੇ ਮਾਤਾ ਨਵਜੀਤ ਕੌਰ ਸਲੈਚ ਦਾ ਅਨੰਦ ਕਾਰਜ ਅਤਰ ਕੌਰ ਪੁੱਤਰੀ ਸ। ਉਂਕਾਰ ਸਿੰਘ ਢਿੱਲੋਂ ਅਤੇ ਮਾਤਾ ਦਰਸ਼ਨ ਕੌਰ ਢਿੱਲੋਂ ( ਬੰਗਲੌਰ ) ਨਾਲ ਸਧਾਰਨ ਰਸਮ ਰਿਵਾਜ ਨਾਲ ਨਿਊਯਾਰਕ ਵਿਖੇ ਹੋਇਆ ।

ਨਾਮਧਾਰੀ ਸਿੱਖ ਸੰਗਤ ਵੱਲੋਂ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਵਿੱਚ ਮਿਤੀ 8 ਜੁਲਾਈ 2022 ਤੋਂ /11 ਜੁਲਾਈ ਤੱਕ ਸੰਤ ਖ਼ਾਲਸੇ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਨਾਮਧਾਰੀ ਨੂੰ ਯਾਦ ਕਰਕੇ ਪਰਦੇਸ ਗਵਨ ਦਾ 150 ਵਾਂ ਸਾਲ ਨਿਊਯਾਰਕ ਸ਼ਹਿਰ ਵਿੱਚ ਮਨਾਇਆ ਗਿਆ।

ਸਤਿਗੁਰੂ ਉਦੇ ਸਿੰਘ ਜੀ ਦੀ ਹਾਜ਼ਰੀ ਵਿੱਚ ਨਿਊਯਾਰਕ ਦੀ ਨਾਮਧਾਰੀ ਸੰਗਤ ਨੇ 132-08, 95 ਐਵੀ-ਨਿਊ (ਰਿੱਚਮੰਡ) ਸੁੱਖਦੇਵ ਸਿੰਘ ਸੇਵਕ ਗੁਰਾਂ ਦੇ ਡੇਰੇ ਵਿਖੇ 8 ਜੁਲਾਈ ਨੂੰ ਸਵੇਰੇ 4:30 ਤੋਂ 6:30 ਤੱਕ ਆਸਾ ਦੀ ਵਾਰ ਦੇ ਪਾਠ ਕੀਤੇ ਅਤੇ ਸ਼ਾਮ ਨੂੰ ਫੈਰੀ ਵਿੱਚ ਮਨਹਾਟਨ ਸ਼ਹਿਰ ਦੇ ਸਮੁੰਦਰ 'ਚ ਸਤਿਗੁਰੂ ਰਾਮ ਸਿੰਘ ਜੀ ਨੂੰ ਯਾਦ ਕੀਤਾ । ਇਸ ਤਰਾਂ ਕ੍ਰਮਵਾਰ 11 ਜੁਲਾਈ ਤੱਕ ਪਾਠ ਅਤੇ ਕੀਰਤਨ ਹੋਏ। ਜੁਲਾਈ 10 ਨੂੰ ਸ਼ਾਮ ਦਾ ਕੀਰਤਨ ਸਤਿਗੁਰਾਂ ਦੀ ਹਾਜ਼ਰੀ ਵਿੱਚ 24-60 , 86ਸਟ (ਕੁਈਨਜ) ਪ੍ਰਧਾਨ ਸਵਰਨ ਸਿੰਘ ਦੇ ਗ੍ਰਹਿ ਵਿਖੇ ਕੀਤੇ ਗਏ।

ਨਾਮਧਾਰੀ ਸੰਗਤਾਂ ਨੇ ਸਮੇਤ ਪਰਿਵਾਰ ਚਾਰ ਦਿਨ ਸਤਿਗੁਰੂ ਜੀ ਯਾਦ 'ਚ ਹਾਜ਼ਰੀਆਂ ਭਰੀਆਂ ।

ਸਤਿਗੁਰੂ ਉਦੇ ਸਿੰਘ , ਮਾਤਾ ਗੁਰਸ਼ਰਨ ਕੌਰ , ਕਰਤਾਰ ਸਿੰਘ ਸੇਵਕ ( ਇੰਡੀਆ) ,ਹਰਪਾਲ ਸਿੰਘ ਸੇਵਕ (ਇੰਡੀਆ) , ਸੰਤ ਨਿਸ਼ਾਨ ਸਿੰਘ ( ਇੰਡੀਆ) , ਬਲਵੰਤ ਸਿੰਘ ਰਾਗੀ ( ਇੰਡੀਆ) , ਹਰਪ੍ਰੀਤ ਸਿੰਘ ਰਾਗੀ (ਇੰਡੀਆ), ਬਸੰਤ ਸਿੰਘ ਰਾਗੀ (ਇੰਡੀਆ) , ਗੁਰਦਿੱਤ ਸਿੰਘ ਪਨੇਸਰ ਰਾਗੀ (ਯੂਕੇ), ਗੁਰਪਾਲ ਸਿੰਘ ਪਨੇਸਰ ਰਾਗੀ ( ਯੂਕੇ) , ਜਸਵਿੰਦਰ ਸਿੰਘ ਸਲੈਚ ( ਯੂਕੇ) , ਗੁਰਮੀਤ ਸਿੰਘ ਕੰਗ ( ਕੈਨੇਡਾ), ਨਰਿੰਦਰ ਸਿੰਘ ਹੈਪੀ ( ਬੰਗਲੌਰ), ਰਸ਼ਪਾਲ ਸਿੰਘ ( ਦਿੱਲੀ), ਪਰਮਜੋਤ ਸਿੰਘ ( ਦਿੱਲੀ), ਜੋਗਿੰਦਰ ਸਿੰਘ (ਇੰਡੀਆ), ਵੀਰਪਾਲ ਸਿੰਘ ( ਆਸਟ੍ਰੇਲੀਆ), ਸਰਦਾਰ ਅਤੇ ਸਰਦਾਰਨੀ ਸ਼ਰਨਜੀਤ ਸਿੰਘ ਸੋਨੂੰ (ਆਸਟ੍ਰੇਲੀਆ), ਸਵਰਨ ਸਿੰਘ ਪ੍ਰਧਾਨ ਨਾਮਧਾਰੀ ਸਿੱਖ ਸੰਗਤ ( ਨਿਊ ਯਾਰਕ), ਸੁੱਖਦੇਵ ਸਿੰਘ ਸੇਵਕ , ਜਸਵੀਰ ਸਿੰਘ ਕੈਸ਼ੀਅਰ , ਗੁਰਿੰਦਰ ਸਿੰਘ ਭਾਰਤੀ, ਸਰਮੁਖ ਸਿੰਘ, ਸੁਦਰਸ਼ਨ ਸਿੰਘ, ਅਮੋਲਕ ਸਿੰਘ ਕੋਚ, ਅਮਰ ਸਿੰਘ, ਸਤਵੰਤ ਸਿੰਘ ਰਾਗੀ, ਸ਼ੇਰ ਸਿੰਘ ਰਾਗੀ, ਅਵਤਾਰ ਸਿੰਘ ਬਾਲਟੀਮੋਰ, ਪਰਮਜੀਤ ਸਿੰਘ ਵਿਰਦੀ, ਗੁਰਮੀਤ ਸਿੰਘ ਸ਼ਿਕਾਗੋ, ਨਰਿੰਦਰ ਸਿੰਘ ਬਾਲਟੀਮੋਰ , ਸੁਖਬੀਰ ਸਿੰਘ ਸੰਧੂ ਇੰਡੀਆਨਾਂ, ਗੁਰਪਿੰਦਰ ਸਿੰਘ ਇੰਡੀਆਨਾ, ਪਰਮਿੰਦਰ ਸਿੰਘ, ਮਾਸਟਰ ਮੋਹਨ ਸਿੰਘ, ਭਾਗ ਸਿੰਘ ਮਾਨ, ਮਨਮੋਹਨ ਪੂਨੀ ਅਤੇ ਪਰਿਵਾਰ ਸਮੇਤ ਨਾਮਧਾਰੀ ਸੰਗਤ ਆਦਿ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਅਕੀਦਤ ਪੇਸ਼ ਕੀਤੀ ।

**ਲੰਗਰ ਦੀ ਸੇਵਾ :-** ਸਤਿਗੁਰੂ ਸਵੀਟ ਸ਼ਾਪ ਦੇ ਮਾਲਿਕ ਬਲਵਿੰਦਰ ਸਿੰਘ ਨੇ ਕੀਤੀ । ਸਮੂਹ, ਨਾਮਧਾਰੀ ਸਿੱਖ ਸੰਗਤ ਨਿਊਯਾਰਕ ਅਤੇ ਦੇਸ਼ੋਂ ਬਦੇਸੋਂ ਆਈ ਸੰਗਤ ਦਾ ਹਾਜ਼ਰੀ ਭਰਨ ਲਈ ਧੰਨਵਾਦ ਕਰਦੇ ਹਾਂ। ਧੰਨਵਾਦ ਸਾਹਿਤ :- ਕਮੇਟੀ ਨਾਮਧਾਰੀ ਸਿੱਖ ਸੰਗਤ ਨਿਊਯਾਰਕ ।

**- ਸਵਰਨ ਸਿੰਘ ਸਲੈਚ ( ਪ੍ਰਧਾਨ ) ਨਿਊਯਾਰਕ**

**- ਮਨਮੋਹਨ ਸਿੰਘ ਪੂਨੀ, ਨਿਊਯਾਰਕ**

# ਗੈਰ ਰਾਜਨੀਤਿਕ, ਜਾਤੀ ਵਰਗ ਦੀਆਂ ਪੰਚਾਇਤਾਂ ਹੀ ਹੱਲ



ਹਰਦੀਪ ਸਿੰਘ ਚੁੰਬਰ
+91-94636-01616

ਭਾਰਤ ਵਿੱਚ ਬਹੁਤ ਸਾਰੇ ਰਹਿਬਰ, ਸਮਾਜ ਸੇਵਕ ਰਹਿਨੁਮਾ ਹੋਏ ਹਨ, ਜਿਹਨਾਂ ਦੀ ਬਦੌਲਤ ਭਾਰਤ ਦਾ ਦੱਬਿਆ ਕੁਚਲਿਆ ਸਮਾਜ ਅੱਜ ਪੈਰਾਂ ਉੱਤੇ ਖੜਾ ਹੋਣ ਦੇ ਕਾਬਲ ਹੋਇਆ ਹੈ। ਭਾਰਤ ਦੇ ਸਰਵਉੱਚ ਔਹਦੇ ਤੋਂ ਐਸਸੀ ਵਰਗ ਨਾਲ ਸਬੰਧਿਤ ਵਿਅਕਤੀ ਰਿਟਾਇਰ ਹੋਇਆ ਹੈ, ਦੂਜਾ ਭਾਰਤ ਦਾ ਪਰਮੁੱਖ ਨਾਗਰਿਕ ਭਾਰਤ ਦੇ ਰਾਸ਼ਟਰਪਤੀ ਦੇ ਔਹਦੇ ਉੱਤੇ ਬੈਠਣ ਵਾਲਾ ਅਨੁਸੂਚਿਤ ਕਬੀਲੇ ਨਾਲ ਸਬੰਧ ਰੱਖਣ ਵਾਲਾ ਹੈ ਅਤੇ ਇੱਕ ਔਰਤ ਵੀ ਹੈ।ਭਾਰਤ ਦੇ ਰਾਸ਼ਟਰਪਤੀ ਦੇ ਔਹਦੇ ਉੱਤੇ ਬੈਠਣ ਵਾਲੀ ਇਹ ਦੂਜੀ ਔਰਤ ਅਤੇ ਅਨੁਸੂਚਿਤ ਕਬੀਲੇ ਨਾ ਸਬੰਧ ਰੱਖਣ ਵਾਲੀ ਔਹਦੇ ਉੱਤੇ ਬੈਠਣ ਵਾਲੀ ਪਹਿਲੀ ਔਰਤ ਹੈ। ਇਹ ਡਾ। ਅੰਬੇਡਕਰ ਦੀ ਰਹਿਨੁਮਾਈ ਵਿੱਚ ਬਣੇ ਭਾਰਤੀ ਸੰਵਿਧਾਨ ਦੇ ਕਾਰਨ ਸੰਭਵ ਹੋ ਸਕਿਆ ਹੈ। ਹੋਰ ਵੀ ਬਹੁਤ ਸਾਰੇ ਲੋਕ ਵੱਡੇ ਔਹਦਿਆਂ 'ਤੇ ਪਹੁੰਚੇ ਹਨ।

ਭਾਰਤੀ ਸੰਵਿਧਾਨ ਦੀ ਬਦੌਲਤ ਹੀ ਭਾਰਤ ਦੇ ਅਛੂਤਾਂ ਦੀ ਅਛੂਤਤਾ ਹਟੀ ਹੈ ਅਤੇ ਹਰ ਤਰਾਂ ਦੇ ਕਾਰੋਬਾਰ ਕਰਨ ਦਾ ਰਾਹ ਖੁੱਲਿਆ ਹੈ। ਭਾਰਤ ਦਾ ਹਜਾਰਾਂ ਸਾਲਾਂ ਦੇ ਬੇਦਖ਼ਲ ਅਛੂਤ ਸਮਾਜ ਨੂੰ ਐਸਸੀ ਐਸਟੀ ਵਰਗ ਦਾ ਦਰਜਾ ਮਿਲਿਆ। ਰੋਜ਼ਗਾਰ, ਕਾਰੋਬਾਰ ਸਰਕਾਰੀ ਨੌਕਰੀਆਂ ਉੱਤੇ ਐਸਸੀ ਐਸਟੀ ਵਰਗ ਦੇ ਲੋਕ ਕਾਬਜ਼ ਹੋਏ। ਜਲ ਜੰਗਲ ਜ਼ਮੀਨ ਸਿੱਖਿਆ ਨਿਆਂ ਲਈ ਹੱਕ ਮਿਲਿਆ। ਸਮਾਜ ਦੇ ਵਿੱਚ ਸਮਾਜਿਕ ਆਰਥਿਕ, ਰਾਜਨੀਤਿਕ ਅਤੇ ਸਿੱਖਿਆ ਵਿੱਚ ਪਛੜ ਚੁੱਕੇ ਸਮਾਜ ਲਈ ਅਬਾਦੀ ਦੇ ਹਿਸਾਬ ਨਾਲ ਰਾਖਵੇਂ ਹਿੱਸੇ ਦਾ ਪ੍ਰਬੰਧ ਕੀਤਾ ਗਿਆ। ਨੇਕ ਨਿਯਤ ਨਾਲ ਨੇਕ ਕੰਮ ਲਈ ਕੀਤਾ ਪ੍ਰਬੰਧ ਸਹੀ ਹੈ ਪਰ ਮਾਨਵੀ ਸਵਾਰਥੀਪਣ ਦੇ ਕਾਰਨ ਇਸ ਦਾ ਪੂਰਾ ਲਾਭ ਨਹੀਂ ਹੋ ਸਕਿਆ। ਪਛੜੇ ਸਮਾਜ ਲਈ ਰਾਖਵਾਂ ਕੋਟਾ, ਸਮਾਜਿਕ ਪ੍ਰਤੀਨਿਧਤਾ/ਨੁਮਾਇੰਦਗੀ ਹੈ।

ਬਹੁਤ ਸਾਰੇ ਲੋਕ ਬਹੁਤ ਹੀ ਸੁਹਿਰਦਤਾ ਨਾਲ ਸਮਾਜ ਨੂੰ ਉਠਾਉਣ ਲਈ ਦਿਨ ਰਾਤ ਮਿਹਨਤ ਕਰ ਰਹੇ ਹਨ, ਲੇਕਿਨ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਦੇ ਸਾਰੇ ਨੁਮਾਇੰਦੇ ਆਪਣੇ ਸਮਾਜ ਦੀ ਨੁਮਾਇੰਦਗੀ ਆਪਣੇ ਪੱਧਰ, ਅਰਥਾਤ ਰਾਜਨੀਤਿਕ ਪੱਧਰ, ਸਮਾਜਿਕ ਪੱਧਰ ਅਤੇ ਆਰਥਿਕ ਪੱਧਰ 'ਤੇ ਕਰਨ ਵਿੱਚ ਅਸਫਲ ਹਨ। ਜਾਤੀ ਸਰਟੀਫ਼ੀਕੇਟ ਦੀ ਮਦਦ ਨਾਲ ਲਾਭ ਲੈਣ ਵਿੱਚ ਸਫਲ ਹੋਏ ਵਾਲੇ ਬਹੁਤੇ ਲੋਕਾਂ ਨੇ ਆਪਣੇ ਸਮਾਜ ਪ੍ਰਤੀ ਫਰਜ਼ ਜੋ ਉਹਨਾ ਨੇ ਜਿਥੇ ਵੀ ਬੈਠੇ ਹੋਏ ਹਨ ਉਸ ਨੂੰ ਆਪਣੇ ਸਮਾਜ ਦੇ ਨੁਮਾਇੰਦੇ ਬਣਕੇ ਨਹੀਂ ਨਿਭਾਇਆ।

ਜਾਤੀ ਸਰਟੀਫ਼ੀਕੇਟ ਨਾਲ ਮਿਲੀ ਕਿਸੇ ਵੀ ਤਰਾਂ ਦੀ ਨੁਮਾਇੰਦਗੀ ਕੇਵਲ ਜਾਤੀ ਵਰਗ ਦੀ ਗਿਣਤੀ ਪੂਰੀ ਕਰਨ ਦਾ ਪ੍ਰੋਗਰਾਮ ਨਹੀਂ ਹੈ, ਇਹ ਆਪਣੀ ਜਾਤੀ ਪਿੱਛੇ ਰਹਿ ਗਏ ਸਮਾਜ ਦੀ ਬਾਂਹ ਫੜਨਾ ਅਤੇ ਸਹਾਇਤਾ ਕਰਕੇ ਬਰਾਬਰੀ ਉੱਤੇ ਲਿਆਉਣ ਦਾ ਪ੍ਰੋਗਰਾਮ ਹੈ। ਇਹ ਰਾਸ਼ਟਰ ਨਿਰਮਾਣ ਲਈ ਯੋਗਦਾਨ ਪਾਉਣ ਅਤੇ ਸਮਾਜ ਨੂੰ ਸਮਤਾ, ਸਮਾਨਤਾ, ਭਾਈਚਾਰੇ ਅਤੇ ਸਭ ਲਈ ਇਨਸਾਫ਼ ਅਤੇ ਬਰਾਬਰੀ ਦੇ ਮੌਕੇ ਦੇ ਅੱਗੇ ਵਧਾ ਮਜ਼ਬੂਤ ਰਾਸ਼ਟਰ ਬਣਾਉਣ ਦਾ ਪ੍ਰੋਗਰਾਮ ਹੈ।

ਜਾਤੀ ਸਰਟੀਫ਼ੀਕੇਟ ਲਾਉਣ ਵਾਲੇ ਭੁੱਲ ਗਏ ਕਿ ਉਹ ਜਿਹੜੇ ਵੀ ਔਹਦੇ ਜਾ ਕੁਰਸੀ ਉੱਤੇ ਬੈਠੇ ਹਨ, ਉਹ ਉਹਨਾਂ ਨੂੰ ਉਹਨਾਂ ਦੀ ਸੰਵਿਧਾਨਕ ਜ਼ਿੰਮੇਵਾਰੀ ਨਿਭਾਉਣ ਲਈ ਆਪਣੇ ਸਮਾਜ ਦੀ ਨੁਮਾਇੰਦਗੀ ਦੀ ਜ਼ਿੰਮੇਵਾਰੀ ਦਾ ਫਰਜ਼ ਨਿਭਾਉਣ ਦੇ ਬਦਲੇ ਮਿਲੀ ਹੈ। ਉਹ ਲੋਕ ਨੁਮਾਇੰਦਗੀ ਦੀ ਜ਼ਿੰਮੇਵਾਰੀ ਦਾ ਫਰਜ਼ ਨਿਭਾਉਣਨਾਲੋਂ ਵੱਧ ਆਪਣੇ ਆਪ ਵਿੱਚ ਆਨੰਦ ਮਾਣਦੇ ਨਜ਼ਰ ਆਉਂਦੇ ਹਨ।

ਇਹੋ ਜਿਹੇ ਲੋਕਾਂ ਲਈ ਜਾਤੀ ਸਰਟੀਫ਼ੀਕੇਟ ਨਾਲ ਹੋਈ ਪ੍ਰਾਪਤੀ ਜੋਆਪਣੇ ਸਮਾਜ ਦੀ ਨੁਮਾਇੰਦਗੀ ਲਈ "ਰਾਖਵਾਂ ਕੋਟਾ" ਉਹਨਾਂ ਲੋਕਾਂ ਲਈ ਬਹੁਤ ਸਵਾਦੀ ਨਸ਼ੇਦਾਰ ਫਰੂਟ ਬਣ ਗਿਆ ਹੁੰਦਾ ਹੈ।ਨਸ਼ੇਦਾਰ ਫਲ ਖਾਂਦੇ ਆ ਰਹੇ ਬਹੁਤ ਸਾਰੇ ਲੋਕ ਸਮਾਜ ਅਤੇ ਰਾਸ਼ਟਰ ਪ੍ਰਤੀ ਜ਼ਿੰਮੇਵਾਰੀਆਂ ਤੋਂ ਬੇਖ਼ਬਰ ਬੇਹੋਸ਼ੀ ਦੀ ਹਾਲਤ ਵਿੱਚ ਰਹਿੰਦੇ ਬੀਵੀ, ਟੀਵੀ, ਮੇਰੇ ਬੱਚੇ, ਕਾਰ, ਕੋਠੀ ਤੱਕ ਸੀਮਤ ਹੋ ਜਾਂਦੇ ਹਨ। ਆਪਣੇ ਸਮਾਜ ਜਾ ਕਿਸੇ ਹੋਰ ਦੀ ਗੱਲ ਛੱਡੋ ਉਹ ਆਪਣੇ ਨੇੜੇ ਦਾ ਸਾਕ ਸੰਬੰਧੀਆਂ ਤੋਂ ਦੂਰ ਹੋ ਜਾਂਦੇ ਹਨ।

ਕਿਸੇ ਸ਼ੋਸ਼ਤ ਜਾਤੀ ਵਰਗ ਦੇ ਦਾਇਰੇ ਵਿੱਚ ਆਉਣ ਵਾਲੀਵਿੱਚ ਜਨਮ ਲੈਣਾ, ਅਤੇ ਉਸ ਦੇ ਕਾਰਨ ਲਾਭ ਪਾਤਰ ਲਈ ਜਾਤੀ ਪ੍ਰਮਾਣ ਪੱਤਰ ਬਣ ਜਾਣਾ, ਜਿਹੜਾ ਨੁਮਾਇੰਦਗੀ ਕਰਨ ਦੀ ਵਰਤੋਂ ਲਈ ਬਣਿਆ ਜਾਤੀ ਸਰਟੀਫ਼ੀਕੇਟ ਬਹੁਤ ਸਾਰੇ ਲੋਕਾਂ ਲਈ ਕਿਸੇ ਓਲੰਪਿਕ ਵਿੱਚ ਜਿੱਤੇ ਮੈਡਲ ਵਰਗਾ ਹੋ ਦਾ ਭੁਲੇਖਾ ਪਾਉਂਦਾ ਜਾਪਦਾ ਹੈ। ਜਿਸ ਮੈਡਲ ਨੂੰ ਉਹਨਾਂ ਨੇ ਬਹੁਤ ਸਖ਼ਤ ਮਿਹਨਤ ਕਰਕੇ ਜਿੱਤਿਆ ਹੋਵੇ, ਅਤੇ ਉਹ ਹੁਣ ਕਿਸੇ ਦੇ ਦੇਣਦਾਰ ਨਹੀਂ, ਉਹ ਜਾਤੀ ਪ੍ਰਮਾਣ ਪੱਤਰਲਾ ਕੇ ਹਰ ਥਾਂ ਉੱਤੇ ਉਹਨਾ ਦਾ ਕੇਵਲ ਲੈਣ ਦਾ ਫਰਜ਼ ਹੀ ਹੈ।ਅਜਿਹੇ ਲੋਕਆਪਣਿਆਂ ਤੋਂ ਅਤੇ ਆਪਣੇ ਸਮਾਜ ਤੋਂ ਕੰਨੀ ਕਤਰਾਉਣ ਲੱਗ ਜਾਂਦੇ ਹਨ। ਬਹੁਤ ਸਾਰੇ ਆਪਣੀ ਜਾਤ ਛੁਪਾਉਣ ਲੱਗ ਜਾਂਦੇ ਹਨ।

ਕੋਈ ਜਾਗਰੂਕ ਜ਼ਿੰਮੇਵਾਰ ਮਨੁੱਖ ਜਦੋਂ ਉਹਨਾ ਨੂੰ ਆਪਣੇ ਸਮਾਜਿਕ ਭਾਈਚਾਰਕ ਸਭਾਵਾਂ ਜਾ ਮੀਟਿੰਗਾਂ ਵਿਚ ਬੁਲਾਉਣ ਦਾ ਸੁਨੇਹਾ ਦਿੰਦੇ ਹਨ, ਅਜਿਹੇ ਲੋਕ ਕੰਨੀ ਕਤਰਾਉਂਦੇ ਹਨ। ਉਸ ਨੂੰ ਦੁਸ਼ਮਣਾਂ ਵਰਗੇ ਜਾਪਦੇ ਹਨ। ਉਹ ਇਸ ਭੁਲੇਖੇ ਵਿੱਚ ਰਹਿੰਦੇ ਹਨ ਕਿ ਮੇਰੀ ਜਾਤੀ ਦਾ ਕਿਸੇ ਨੂੰ ਪਤਾ ਹੀ ਨਹੀਂ, ਸਾਰੇ ਮੇਰੇ ਨਾਲਸਾਰੇ ਜਨਰਲ ਵਰਗ ਵਿੱਚੋਂ ਹੋਣ ਵਰਗ ਵਰਤਾਉ ਕਰਦੇ ਹਨ, ਸਮਝੇ ਹਨ ਕਿ ਪਤਾ ਲੱਗ ਜਾਣ ਉੱਤੇ ਉਸ ਨਾਲ ਮਾੜਾ ਵਿਵਹਾਰ ਕਰਨ ਲਗ ਜਾਣਗੇ, ਇਸੇ ਭੁਲੇਖੇ ਵਿੱਚ ਉਹ ਸਾਰੀ ਜ਼ਿੰਦਗੀ ਕੱਢ ਦਿੰਦੇ ਹਨ। ਹਾਲਾਂਕਿ ਆਮ ਭਰਤੀਆਂ ਜਾ ਹੋਰ ਸੰਸਥਾਵਾਂ ਵਿੱਚ ਜਿੱਥੇ ਵੀ ਐਸਸੀ ਐਸਟੀ ਅਤੇ ਹੋਰ ਕਿਸੇ ਵਰਗ ਦਾ ਕੋਟਾ ਨਿਰਧਾਰਤ ਕਰਕੇ ਭਰਤੀ ਕੀਤੀ ਜਾਂਦੀ ਹੈ ਉਸ ਸਮੇਂ ਸਭ ਨੂੰ ਪਤਾ ਲਗ ਜਾਂਦਾ ਹੈ ਕਿਹੜਾ ਕਿਹੜੇ ਵਰਗ ਵਿੱਚ ਭਰਤੀ ਹੋਇਆ ਹੈਅਤੇ ਇਹ ਗਲਫ਼ਹਿਮੀ ਦਾ ਸ਼ਿਕਾਰ ਰਹਿੰਦੇ ਹਨ

ਅਜਿਹੀ ਮਾਨਸਿਕਤਾ ਨਾਲ ਉਹ ਜੀਵਨ ਭਰ ਆਪ ਵੀ ਕਮਜ਼ੋਰ ਰਹਿੰਦੇ ਹਨ ਸਮਾਜ ਅਤੇ ਰਾਸ਼ਟਰ ਨੂੰ ਵੀ ਕਮਜ਼ੋਰ ਕਰਨ ਵੱਲ ਧੱਕਦੇ ਰਹਿੰਦੇ ਹਨ। ਕੋਈ ਕਮਜ਼ੋਰ ਨਾਗਰਿਕਾਂ ਵਾਲਾ ਰਾਸ਼ਟਰ ਕਦੇ ਵੀ ਮਜ਼ਬੂਤ ਨਹੀਂ ਹੋ ਸਕਦਾ। ਐਸਸੀ ਐਸਟੀ ਵਰਗ ਦੇ ਬੇਰੋਜ਼ਗਾਰ ਜਾ ਹੋਰ ਕੰਮਕਾਜੀ ਲੋਕ ਜਿਹਨਾਂ ਨੂੰ ਕਿਸੇ ਵੀ ਕਾਰਨ ਜਾਤੀ ਵਰਗ ਦੇ ਕੋਟੇ ਦਾ ਲਾਭ ਨਾ ਮਿਲਿਆ ਹੋਵੇ ਉਹ ਆਪਣੇ ਉਹਨਾਂ ਲੋਕਾਂ ਪ੍ਰਤੀ ਇਤਰਾਜ਼ ਰੱਖਦੇ ਹਨ ਜਿਹੜੇ ਪੀੜ੍ਹੀ ਦਰ ਪੀੜ੍ਹੀ ਕੋਟੇ ਦਾ ਲਾਭ ਲੈਂਦੇ ਆ ਰਹੇ ਹਨ।

ਦੂਜੇ ਪਾਸੇ ਸਿੱਖਿਆ ਅਤੇ ਹੋਰ ਸਹੂਲਤਾਂ ਐਨੀਆਂ ਮਹਿੰਗੀਆਂ ਹੋ ਗਈਆਂ ਹਨ ਕਿ ਆਰਥਿਕ ਤੌਰ ਤੇ ਐਸਸੀ ਐਸਟੀ ਵਰਗ ਦੇ ਆਰਥਿਕ ਤੌਰ ਤੇ ਤਕੜੇ ਹੋ ਚੁੱਕੇ ਲੋਕ ਹੀ ਆਪਣੇ ਬੱਚਿਆਂ ਨੂੰ ਕੰਪੀਟੀਸ਼ਨ ਦੀ ਤਿਆਰੀ ਕਰਵਾ ਸਕਦੇ ਹਨ। ਗਰੀਬ ਮਜ਼ਦੂਰ ਦਾ ਬੱਚਾ ਬਹੁਤ ਜਿਆਦਾ ਇੰਟੇਲੀਜੇਂਟ ਹੋਕੇ ਵੀ ਕਿਸੇ ਐਸਸੀ, ਐਸਟੀ ਦਾ ਬੱਚਾ ਕੋਈ ਵੱਡੇ ਕਾਲਜਾਂ ਯੂਨੀਵਰਸਿਟੀਆਂ ਆਦਿ ਵਿੱਚ ਪੜ੍ਹ ਕੇ ਵੱਡਾ ਡਾਕਟਰ ਇੰਜੀਨੀਅਰ ਜਾ ਹੋਰ ਨਹੀਂ ਬਣ ਸਕਦਾ। ਐਸਸੀ ਐਸਟੀ ਵਰਗ ਦਾਗਰੀਬ ਮਜ਼ਦੂਰ ਦਾ ਬੱਚਾ ਕਿਸੇ ਅਮੀਰਐਸਸੀ ਐਸਟੀ ਵਰਗ ਦੇ ਬਾਪ ਦੇ ਬੱਚੇ ਦੀ ਬਰਾਬਰੀ ਨਹੀਂ ਕਰ ਸਕਦਾ।

ਸਮਾਜ ਪ੍ਰਤੀ ਜ਼ਿੰਮੇਵਾਰੀਆਂ ਨਿਭਾਉਣ ਦੇ ਮਾਮਲੇ ਵਿੱਚ ਲਗਭਗ ਸਾਰੇ ਸਮਾਜ ਦੀਆਂ ਉਂਗਲਾਂ ਅਤੇ ਨਜ਼ਰਾਂ ਰਾਜਨੀਤਿਕ ਨੇਤਾ ਐਮ।ਐਲ।ਏ, ਐਮਪੀ, ਮੰਤਰੀਆਂ ਆਦਿ ਉੱਤੇ ਰਹਿੰਦੀਆਂ ਹਨ। ਇਹ ਜਾਇਜ਼ ਵੀ ਹੈ। ਐਸਸੀ ਐਸਟੀ ਵਰਗ ਦੇ ਨੇਤਾ ਪੂਨਾ ਪੈਕਟ ਦੀ ਪੈਦਾਇਸ਼ ਹਨ, ਇਸ ਲਈ ਇਹ ਸੰਭਵ ਹੀ ਨਹੀਂ ਹੋ ਪਾਉਂਦਾ ਕਿ ਉਹ ਆਪਣੀ ਪਾਰਟੀ ਤੋਂ ਬਾਹਰ ਜਾ ਕੇ ਗੱਲ ਕਰਨ ਦੀ ਹਿੰਮਤ ਕਰ ਸਕਣ।

ਸਵਾਰਥੀ ਵਿਕਾਊ ਰਾਜਨੀਤੀ ਨੇ ਐਸਸੀ ਐਸਟੀ ਵਰਗ ਨੂੰ ਵੰਡਿਆ ਹੀ ਹੈ, ਬਹੁਤ ਸਮਝਦਾਰ ਨਿਹਸਵਾਰਥੀ ਲੋਕਾਂ ਨੇ ਸਮਾਜ ਨੂੰ ਬਹੁਤ ਮਿਹਨਤ ਕਰਕੇ ਜੋੜਿਆ ਵੀ ਹੈ।ਇਸ ਦਾ ਇਲਾਜ ਇਹੋ ਹੈ ਕਿ ਐਸਸੀ ਐਸਟੀ ਵਰਗ ਦੇ ਗੈਰ ਰਾਜਨੀਤਿਕ (ਜਾਤੀ ਵਰਗ ਦੀਆਂ ਪੰਚਾਇਤਾਂ) ਹੀ ਤਹਿ ਕਰਨ ਕਿਮੁਹੱਲਾ, ਪਿੰਡ, ਸ਼ਹਿਰ, ਕਸਬੇ, ਬਲਾਕ, ਜਿਲ੍ਹਾ ਅਤੇ ਰਾਜ ਪੱਧਰ ਜਾ ਹੋਰ ਪੱਧਰ ਉੱਤੇ ਉਹਨਾਂ ਦੇ ਸਮਾਜ ਦੇ ਕਿਹੜੇ ਲੋਕ ਉਹਨਾਂ ਦੇ ਨੇਤਾ ਬਣਕੇ ਅੱਗੇ ਜਾਣ ਲਾਇਕ ਹਨ।

ਗੈਰ ਰਾਜਨੀਤਿਕ (ਜਾਤੀ ਵਰਗ ਦੀਆਂ ਪੰਚਾਇਤਾਂ) ਹੀ ਤਹਿ ਕਰਨ ਕਿ ਨੇਤਾਗਿਰੀ ਲਈ ਸਮਾਜ ਦੀ ਨੁਮਾਇੰਦਗੀ, ਹਿੱਸੇਦਾਰੀ ਅਤੇ ਰਾਖਵਾਂ ਕੋਟਾਕਿਹੜੇ ਉਹਨਾ ਦੇ ਸਮਾਜ ਦੀ ਗੱਲ ਅਦਾਰੇ ਵਿੱਚ ਤਕੜੇ ਹੋ ਕੇ ਰੱਖ ਸਕਣਗੇ, ਵਿਕਣਗੇ ਨਹੀਂ ਹੋਣਗੇ, ਅਤੇ ਪਾਰਦਰਸ਼ਤਾ ਨਾਲਸਮਾਜ ਦਾ ਕੰਮ ਕਰਨ ਵਾਲੇ ਅਤੇ ਸਮਾਜ ਨੂੰਜੋੜਨ ਵਾਲੇ ਹੋਣਗੇ।



ਸਮਾਜਿਕ ਪੰਚਾਇਤਾਂ ਆਪਣੇ ਹੀ ਲੋਕਾਂ ਲਈ ਆਪਣੇ ਆਪ ਦਾ ਫੈਸਲਾ ਕਰਦੀਆਂ

# ਆਨਲਾਈਨ ਦੁਰਵਿਵਹਾਰ (ਐਸਸੀ ਐਸਟੀ ਐਕਟ) ਦਲਿਤ ਅਤਿਆਚਾਰ ਕਾਨੂੰਨ ਦੇ ਤਹਿਤ ਦੀ ਸਜ਼ਾ ਯੋਗ, ਕੇਰਲ ਹਾਈ ਕੋਰਟ ਨੇ ਕਿਹਾ

ਕੇਰਲ ਹਾਈ ਕੋਰਟ ਨੇ ਇਹ ਫੈਸਲਾ ਇੱਕ ਯੂਟਿਊਬਰ ਦੀ ਅਗਾਊਂ ਜ਼ਮਾਨਤ ਪਟੀਸ਼ਨ ਨੂੰ ਖ਼ਾਰਜ ਕਰਦੇ ਹੋਏ ਦਿੱਤਾ, ਜਿਸ ਨੇ ਕਥਿਤ ਤੌਰ 'ਤੇ ਆਪਣੇ ਪਤੀ ਅਤੇ ਸਹੁਰੇ ਦੇ ਇੱਕ ਇੰਟਰਵਿਊ ਵਿੱਚ ਐਸਟੀ ਭਾਈਚਾਰੇ ਦੀ ਇੱਕ ਔਰਤ ਵਿਰੁੱਧ ਅਪਮਾਨਜਨਕ ਟਿੱਪਣੀਆਂ ਕੀਤੀਆਂ ਸਨ।

ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਜਨਜਾਤੀ ਦੇ ਕਿਸੇ ਵਿਅਕਤੀ ਦੇ ਖਿਲਾਫ਼ ਔਨਲਾਈਨ ਕੀਤੀ ਗਈ ਅਪਮਾਨਜਨਕ ਟਿੱਪਣੀ ਨੂੰ ਵੀ ਐਸਸੀ/ਐਸਟੀ ਐਕਟ ਦੇ ਅਧੀਨ ਮੰਨਿਆ ਗਿਆ ਹੈ ਜੋ ਕਰ ਉਹ ਡਿਜਿਟਲ ਯੁੱਗ ਵਿੱਚ ਅਪਮਾਨਜਨਕ ਸਮੱਗਰੀ ਦਾ ਪ੍ਰਚਾਰ ਕਰਦਾ ਹੈ ਤਾਂ ਇਹ ਮੰਨਿਆ ਜਾਵੇਗਾ ਕਿ ਅਪਮਾਨਜਨਕ ਟਿੱਪਣੀਆਂ ਸਨ। ਉਨ੍ਹਾਂ ਦੀ ਮੌਜੂਦਗੀ 'ਚ ਕੇਰਲ ਹਾਈਕੋਰਟ ਨੇ ਇਹ ਫੈਸਲਾ ਸੁਣਾਇਆ ਹੈ। ਹਾਈ ਕੋਰਟ ਦਾ ਇਹ ਫੈਸਲਾ ਉਸ ਯੂਟਿਊਬਰ ਦੀ ਅਗਾਊਂ ਜ਼ਮਾਨਤ ਪਟੀਸ਼ਨ ਨੂੰ ਖ਼ਾਰਜ ਕਰਦੇ ਹੋਏ ਆਇਆ ਹੈ, ਜਿਸ ਨੇ ਕਥਿਤ ਤੌਰ 'ਤੇ ਆਪਣੇ ਪਤੀ ਅਤੇ ਸਹੁਰੇ ਦੀ ਇੰਟਰਵਿਊ 'ਚ ਐਸਟੀ ਭਾਈਚਾਰੇ ਦੀ ਔਰਤ ਵਿਰੁੱਧ ਯੂਟਿਊਬ ਅਤੇ ਫੇਸਬੁੱਕ ਕਥਿਤ ਤੌਰ 'ਤੇ ਅਪਮਾਨਜਨਕ ਟਿੱਪਣੀਆਂ ਕੀਤੀਆਂ ਸਨ, ਜੋ ਕਿ ਸੋਸ਼ਲ ਮੀਡੀਆ ਸਾਈਟਾਂ 'ਤੇ ਅਪਲੋਡ ਕੀਤੀ ਗਈ ਸੀ।

ਗ੍ਰਿਫ਼ਤਾਰੀ ਦੇ ਡਰੋਂ, ਯੂਟਿਊਬਰ ਨੇ ਅਦਾਲਤ ਵਿੱਚ ਇਸ ਆਧਾਰ 'ਤੇ ਅਗਾਊਂ ਜ਼ਮਾਨਤ ਦੀ ਮੰਗ ਕੀਤੀ ਸੀ ਕਿ ਬੇਇੱਜ਼ਤੀ ਜਾਂ ਧਮਕਾਉਣਾ, ਜਾਂ ਦੁਰਵਿਵਹਾਰ ਨਾ ਸਿਰਫ਼ ਜਨਤਕ ਦ੍ਰਿਸ਼ਟੀਕੋਣ ਵਿੱਚ ਹੋਣਾ ਚਾਹੀਦਾ ਹੈ, ਸਗੋਂ ਪੀੜਤ ਦੀ ਮੌਜੂਦਗੀ ਵਿੱਚ ਵੀ ਹੋਣਾ ਚਾਹੀਦਾ ਹੈ। ਦੋਸ਼ੀ ਨੇ ਇਹ ਵੀ ਦਲੀਲ ਦਿੱਤੀ ਸੀ ਕਿ ਪੀੜਤ ਇੰਟਰਵਿਊ ਦੌਰਾਨ ਮੌਜੂਦ ਨਹੀਂ ਸੀ, ਇਸ ਲਈ ਐਸਸੀ/ਐਸਟੀ ਐਕਟ ਦੀਆਂ ਧਾਰਾਵਾਂ ਨੂੰ ਲਾਗੂ ਨਹੀਂ ਕੀਤਾ ਜਾਣਾ ਬਣਦਾ। ਪਟੀਸ਼ਨ ਦਾ ਵਿਰੋਧ ਕਰਦੇ ਹੋਏ, ਇਸਤਗਾਸਾ ਪੱਖ ਨੇ ਦਲੀਲ ਦਿੱਤੀ ਸੀ ਕਿ ਡਿਜ਼ੀਟਲ ਯੁੱਗ ਵਿੱਚ, ਬਿਆਨ ਦਿੱਤਾ ਗਿਆ ਸੀ ਕਿ ਪੀੜਤ ਦਾ ਮੌਜੂਦ ਹੋਣਾ ਲਾਜ਼ਮੀ ਹੈ, ਇਸ ਦੇ ਅਸੰਗਤ ਨਤੀਜੇ ਨਿਕਲਣਗੇ ਅਤੇ ਜੇਕਰ ਅਜਿਹੀ ਵਿਆਖਿਆ ਅਪਣਾਈ ਗਈ ਤਾਂ ਕਾਨੂੰਨ ਬੇਲੋੜਾ ਹੋ ਜਾਵੇਗਾ। ਪੀੜਤ ਦੇ ਵਕੀਲ ਨੇ ਵੀ ਇਸ ਪਟੀਸ਼ਨ ਦਾ ਵਿਰੋਧ ਕਰਦਿਆਂ ਕਿਹਾ ਕਿ ਇੰਟਰਵਿਊ ਦੇ ਲਿਖਤੀ ਪਾਠ ਦੀ ਪੜਚੋਲ ਹੀ ਇਸ ਗੱਲ ਦੀ ਤਸੱਲੀ ਕਰਨ ਲਈ ਕਾਫੀ ਸੀ ਕਿ ਦੋਸ਼ੀ ਜਾਣਬੁੱਝ ਕੇ ਇੱਕ ਅਨੁਸੂਚਿਤ ਕਬੀਲੇ ਦੇ ਮੈਂਬਰ ਦਾ ਜਨਤਕ ਦ੍ਰਿਸ਼ਟੀਕੋਣ ਵਿੱਚ ਅਪਮਾਨ, ਧਮਕਾਉਣ, ਅਪਮਾਨਜਨਕ ਅਤੇ ਇੱਥੋਂ ਤੱਕ ਕਿ ਦੁਰਵਿਵਹਾਰ ਕਰ ਰਿਹਾ ਸੀ।

ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ (SC/ST) (ਅਤਿਆਚਾਰ ਦੀ ਰੋਕਥਾਮ) ਐਕਟ ਦੇ ਤਹਿਤ, ਅੱਤਿਆਚਾਰ ਦੇ ਅਪਰਾਧ ਲਈ, ਦੋਸ਼ੀ ਨੂੰ SC/ST ਦਾ ਮੈਂਬਰ ਨਹੀਂ ਹੋਣਾ ਚਾਹੀਦਾ, ਅਪਮਾਨ ਜਾਂ ਧਮਕਾਉਣਾ ਜਾਂ ਦੁਰਵਿਵਹਾਰ ਕੀਤਾ ਜਾਣਾ ਚਾਹੀਦਾ ਹੈ। ਉਸ ਭਾਈਚਾਰੇ ਦੇ ਕਿਸੇ ਮੈਂਬਰ ਨੂੰ ਅਪਮਾਨਿਤ ਕਰਨ ਦਾ ਇਰਾਦਾ ਅਤੇ ਇਹ ਜਨਤਕ ਦ੍ਰਿਸ਼ਟੀਕੋਣ ਵਿੱਚ ਕੀਤਾ ਜਾਣਾ ਚਾਹੀਦਾ ਹੈ।

ਸਾਰੇ ਪੱਖਾਂ ਨੂੰ ਸੁਣਨ ਤੋਂ ਬਾਅਦ, ਅਦਾਲਤ ਨੇ ਕਿਹਾ ਕਿ ਇੰਟਰਵਿਊ ਦੇ ਬਿਆਨਾਂ ਦੀ ਪੜਚੋਲ ਤੋਂ ਕਈ ਥਾਂਵਾਂ 'ਤੇ "ਅਪਮਾਨਜਨਕ" ਸ਼ਬਦਾਂ ਦੀ ਵਰਤੋਂ ਦਾ ਸੰਕੇਤ ਮਿਲਦਾ ਹੈ ਅਤੇ ਦੋਸ਼ੀ ਨੇ ਪੀੜਤਾ ਨੂੰ 'ਐਸਟੀ' ਕਿਹਾ, ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਇੱਕ ਅਨੁਸੂਚਿਤ ਜਨਜਾਤੀ ਦੀ ਮੈਂਬਰ ਸੀ।

"ਇਸ ਤਰ੍ਹਾਂ, ਪਟੀਸ਼ਨਕਰਤਾ ਦੁਆਰਾ ਇੰਟਰਵਿਊ ਵਿੱਚ ਵਰਤੇ ਗਏ ਸ਼ਬਦ ਮੁੱਢਲੇ ਤੌਰ 'ਤੇ ਅਪਮਾਨਜਨਕ, ਨੀਵਾਂ ਦਿਖਾਉਣ ਵਾਲੇ ਅਤੇ ਬੇਇਜ਼ਤੀ ਕਰਨ ਵਾਲੇ ਹਨ, ਜੋ ਇਸ ਜਾਣਕਾਰੀ ਨਾਲ ਬਣਾਏ ਗਏ ਹਨ ਕਿ ਪੀੜਤ ਅਨੁਸੂਚਿਤ ਕਬੀਲੇ ਦੇ ਭਾਈਚਾਰੇ ਨਾਲ ਸਬੰਧਿਤ ਹੈ।"ਪਟੀਸ਼ਨਕਰਤਾ ਦੁਆਰਾ ਅਪਲੋਡ ਕੀਤਾ ਗਿਆ ਇੰਟਰਵਿਊ ਖਾਸ ਤੌਰ 'ਤੇ ਔਰਤਾਂ ਅਤੇ ਪੀੜਤਾ ਦਾ ਅਪਮਾਨ ਹੈ। ਇਸ ਲਈ, ਅਪਲੋਡ ਕੀਤੀ ਇੰਟਰਵਿਊ ਦੀ ਸਮੱਗਰੀ ਪਹਿਲੇ ਦੋ ਤੱਤਾਂ (ਐਸਸੀ/ਐਸਟੀ ਐਕਟ ਦੇ ਤਹਿਤ ਅਪਰਾਧ ਕਰਨ ਲਈ) ਨੂੰ ਸੰਤੁਸ਼ਟ ਕਰਦੀ ਹੈ।"ਮੁਲਜ਼ਮ ਦੀ ਇਸ ਦਲੀਲ ਦੇ ਸਬੰਧ ਵਿੱਚ ਕਿ ਜਦੋਂ ਇੰਟਰਵਿਊ ਕਰਵਾਈ ਗਈ ਤਾਂ ਪੀੜਤ ਹਾਜ਼ਰ ਨਹੀਂ ਸੀ, ਅਦਾਲਤ ਨੇ ਕਿਹਾ ਕਿ ਅਜਿਹੀ ਵਿਆਖਿਆ ਅਪਣਾਉਣ ਤੋਂ ਬਚਣਾ ਚਾਹੀਦਾ ਹੈ ਜੋ ਐਕਟ ਦੇ ਇਰਾਦੇ ਅਤੇ ਉਦੇਸ਼ ਨੂੰ ਖੋਰਾ ਲਾਉਣ ਵਾਲੇ ਹੁੰਦੇ ਹਨ।

ਐਕਟ ਦਾ ਇਰਾਦਾ SC/ST ਭਾਈਚਾਰਿਆਂ ਦੇ ਖਿਲਾਫ਼ ਹੋਣ ਵਾਲੇ ਅਪਮਾਨ ਅਤੇ ਅਪਮਾਨ ਨੂੰ ਰੋਕਣਾ ਸੀ ਅਤੇ ਅਜਿਹੇ ਕਾਨੂੰਨ ਨੂੰ ਟੇਕਨੋਲੋਜੀ ਦੀਆਂ ਤਰੱਕੀਆਂ ਨੂੰ ਗਲੇ ਲਗਾ ਕੇ ਬਦਲਦੇ ਹਾਲਾਤਾਂ ਦੇ ਅਨੁਕੂਲ ਹੋਣ ਦੇ ਯੋਗ ਹੋਣਾ ਚਾਹੀਦਾ ਹੈ ਤਾਂ ਜੋ ਇਹੰਛ/ੰਠਐਕਟ "ਮੁਰਦਾ ਪੱਤਰ" ਨਾ ਬਣ ਜਾਵੇ।

"ਇੰਟਰਨੈੱਟ ਦੇ ਆਗਮਨ ਤੋਂ ਪਹਿਲਾਂ, ਇੱਕ ਖਾਸ ਖੇਤਰ ਦੇ ਅੰਦਰ ਇੱਕ ਭਾਸ਼ਨ ਸੁਣਿਆ ਜਾਂ ਦੇਖਿਆ ਜਾ ਸਕਦਾ ਸੀ ਜੋ ਸਿਰਫ ਖਾਸ ਥਾਂ ਦੇ ਅੰਦਰ ਮੌਜੂਦ ਲੋਕਾਂ ਦੁਆਰਾ ਸੁਣਿਆ ਜਾਂ ਦੇਖਿਆ ਜਾ ਸਕਦਾ ਸੀ । ਹਾਲਾਂਕਿ, ਇੰਟਰਨੈੱਟ ਦੇ ਆਉਣ ਤੋਂ ਬਾਅਦ, ਅਪਲੋਡ ਕੀਤੀ ਸਮੱਗਰੀ ਨੂੰ ਦੇਖਿਆ ਜਾਂ ਸੁਣਿਆ ਜਾ ਸਕਦਾ ਹੈ। ਕਿਸੇ ਵੀ ਸਮੇਂ ਜਨਤਾ ਦਾ ਕੋਈ ਵੀ ਮੈਂਬਰ, ਜਿਵੇਂ ਕਿ ਉਹ ਇਸ ਨੂੰ ਦੇਖਣ ਜਾਂ ਸੁਣਨ ਲਈ ਮੌਜੂਦ ਹੈ, ਨਾ ਸਿਰਫ ਇਸ ਦੇ ਪ੍ਰਸਾਰਣ ਦੇ ਸਮੇਂ, ਸਗੋਂ ਪ੍ਰੋਗਰਾਮ ਨੂੰ ਐਕਸੈਸ ਕਰਨ ਵੇਲੇ ਵੀ, ਅਦਾਲਤ ਨੇ ਕਿਹਾ।

ਇਸ ਲਈ, ਹਰ ਵਾਰ ਜਦੋਂ ਕੋਈ ਵਿਅਕਤੀ ਅਪਲੋਡ ਕੀਤੇ ਪ੍ਰੋਗਰਾਮ ਦੀ ਸਮੱਗਰੀ ਤੱਕ ਪਹੁੰਚ ਕਰਦਾ ਹੈ, ਤਾਂ ਉਹ ਸਮੱਗਰੀ ਦੇ ਪ੍ਰਸਾਰਣ ਜਾਂ ਟੈਲੀਕਾਸਟ ਵਿੱਚ, ਸਿੱਧੇ ਜਾਂ ਰਚਨਾਤਮਕ ਤੌਰ 'ਤੇ ਮੌਜੂਦ ਹੋ ਜਾਂਦੇ ਹਨ, ਅਦਾਲਤ ਨੇ ਫੈਸਲਾ ਦਿੱਤਾ। ਇਸ ਨੇ ਅੱਗੇ ਕਿਹਾ ਕਿ ਡਿਜਿਟਲ ਯੁੱਗ ਦੇ ਲਾਗੂ ਹੋਣ ਤੋਂ ਬਾਅਦ, ਕਿਸੇ ਵਿਅਕਤੀ ਦੀ ਮੌਜੂਦਗੀ ਵਿੱਚ "ਔਨਲਾਈਨ ਜਾਂ ਡਿਜਿਟਲ ਮੌਜੂਦਗੀ ਵੀ ਸ਼ਾਮਲ ਹੋਵੇਗੀ"।" ਇਸ ਤਰ੍ਹਾਂ, ਜਦੋਂ ਅਪਮਾਨਜਨਕ ਜਾਂ ਅਪਮਾਨਜਨਕ ਸਮੱਗਰੀ ਇੰਟਰਨੈੱਟ'ਤੇ ਅਪਲੋਡ ਕੀਤੀ ਜਾਂਦੀ ਹੈ, ਤਾਂ ਦੁਰਵਿਵਹਾਰ ਜਾਂ ਅਪਮਾਨ ਦਾ ਸ਼ਿਕਾਰ ਹਰ ਵਾਰ ਜਦੋਂ ਉਹ ਇਸ ਤੱਕ ਪਹੁੰਚ ਕਰਦੀ ਹੈ ਤਾਂ ਉਸ ਨੂੰ ਮੌਜੂਦ ਮੰਨਿਆ ਜਾ ਸਕਦਾ ਹੈ।

ਉਪਰੋਕਤ ਹਾਲਾਤਾਂ ਦੀ ਰੌਸ਼ਨੀ ਵਿੱਚ, ਮੇਰਾ ਵਿਚਾਰ ਹੈ ਕਿ ਭਾਵੇਂ ਕਿ ਧਾਰਾ 3 ਦੇ ਅਧੀਨ ਕਥਿਤ ਅਪਰਾਧਾਂ ਤੋਂ ਬਾਅਦ, ਭਾਰਤੀ ਦੰਡਾਵਲੀ, 1860 ਅਤੇ ਸੂਚਨਾ ਤਕਨਾਲੋਜੀ ਐਕਟ, 2000 ਦੇ ਅਧੀਨ ਗੈਰ-ਜ਼ਮਾਨਤੀ ਅਪਰਾਧਾਂ ਦੇ ਤਹਿਤ ਪਟੀਸ਼ਨਕਰਤਾ ਦੇ ਵਿਰੁੱਧ ਇਕੱਲੇ ਜ਼ਮਾਨਤੀ ਅਪਰਾਧ ਹੀ ਕਥਿਤ ਹਨ। (1)(ਆਰ) ਅਤੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ (ਅਤਿਆਚਾਰਾਂ ਦੀ ਰੋਕਥਾਮ) ਐਕਟ, 1989 ਦੀ ਧਾਰਾ 3(1)(ਸ) ਨੂੰ ਨਹੀਂ ਕਿਹਾ ਜਾ ਸਕਦਾ, ਅਗਾਊਂ ਜ਼ਮਾਨਤ ਲਈ



# ਨੈਤਿਕਤਾ ਅਤੇ ਰਾਜਨੀਤਿਕ ਵਿਰੋਧੀ ਧਿਰ ਲੋਕਤੰਤਰ ਲਈ ਜਰੂਰੀ



ਹਰਦੀਪ ਸਿੰਘ ਚੁੰਬਰ
+91-94636-01616

ਲੋਕਤੰਤਰ, ਸਰਕਾਰ ਦਾ ਇੱਕ ਰੂਪ ਅਤੇ ਇੱਕ ਤਰੀਕਾ ਹੈ ਜਿਸ ਵਿੱਚ ਲੋਕਾਂ ਦੇ ਆਰਥਿਕ ਅਤੇ ਸਮਾਜਿਕ ਜੀਵਨ ਵਿੱਚ ਬਿਨਾਂ ਖੂਨ-ਖਰਾਬੇ ਦੇ ਇਨਕਲਾਬੀ ਤਬਦੀਲੀਆਂ ਲਿਆਂਦੀਆਂ ਜਾਂਦੀਆਂ ਹਨ।ਇਹ ਜਮਹੂਰੀਅਤ ਦੀ ਪਰਿਭਾਸ਼ਾ ਹੈ।ਜੇਕਰ ਲੋਕਤੰਤਰ ਲੋਕਾਂ ਦੇ ਸਮਾਜਿਕ ਅਤੇ ਆਰਥਿਕ ਜੀਵਨ ਵਿੱਚ ਬੁਨਿਆਦੀ ਤਬਦੀਲੀਆਂ ਲਿਆਉਣ ਲਈ ਇਸ ਨੂੰ ਚਲਾਉਣ ਵਾਲੇ ਲੋਕਾਂ ਨੂੰ ਸਮਰੱਥ ਬਣਾ ਸਕਦਾ ਹੈ ਅਤੇ ਲੋਕ ਉਨ੍ਹਾਂ ਤਬਦੀਲੀਆਂ ਨੂੰ ਬਿਨਾਂ ਖੂਨ-ਖਰਾਬੇ ਦੇ ਸਵੀਕਾਰ ਕਰ ਲੈਂਦੇ ਹਨ, ਤਾਂ ਇਹ ਲੋਕਤੰਤਰ ਹੈ।

ਪਹਿਲੀ ਸ਼ਰਤ ਜੋ ਕਿ ਲੋਕਤੰਤਰ ਦੇ ਸਫਲ ਕਾਰਜ ਲਈ ਜਰੂਰੀ ਹੈ, ਇਹ ਹੈ ਕਿ ਸਮਾਜ ਵਿੱਚ ਕੋਈ ਅਸਮਾਨਤਾਵਾਂ ਨਹੀਂ ਹੋਣੀਆਂ ਚਾਹੀਦੀਆਂ। ਕੋਈ ਦੱਬੀ-ਕੁਚਲੀ ਜਮਾਤ ਨਹੀਂ ਹੋਣੀ ਚਾਹੀਦੀ। ਅਜਿਹੀ ਜਮਾਤ ਨਹੀਂ ਹੋਣੀ ਚਾਹੀਦੀ ਜਿਸ ਕੋਲ ਸਾਰਾ ਅਧਿਕਾਰ ਹੋਵੇ ਅਤੇ ਅਜਿਹੀ ਜਮਾਤ ਨਾ ਹੋਵੇ ਜਿਸ ਕੋਲ ਸਾਰਾ ਬੋਝ ਹੋਵੇ। ਅਜਿਹੀ ਚੀਜ਼, ਅਜਿਹੀ ਵੰਡ, ਸਮਾਜ ਦੀ ਅਜਿਹੀ ਸੰਸਥਾ ਆਪਣੇ ਅੰਦਰ ਇੱਕ ਖ਼ੂਨੀ ਕ੍ਰਾਂਤੀ ਦੇ ਕੀਟਾਣੂ ਹੁੰਦੇ ਹਨ, ਇੱਕ ਸਮਾਂ ਆਉਣ ਉੱਤੇ ਲੋਕਤੰਤਰ ਲਈ ਉਨ੍ਹਾਂ ਦਾ ਇਲਾਜ ਕਰਨਾ ਅਸੰਭਵ ਹੋ ਜਾਂਦਾ ਹੈ।ਜਮਹੂਰੀਅਤ ਵਿੱਚ, ਹਰ ਕੋਈ, ਇੱਥੋਂ ਤੱਕ ਕਿ ਦੱਬੇ-ਕੁਚਲੇ, ਦੱਬੇ-ਕੁਚਲੇ, ਆਪਣੇ ਅਧਿਕਾਰਾਂ ਤੋਂ ਵਾਂਝੇ ਅਤੇ ਬੋਝ ਚੁੱਕਣ ਵਾਲੇ, ਉਨ੍ਹਾਂ ਨੂੰ ਵੀ ਉਸੇ ਤਰ੍ਹਾਂ ਵੋਟ ਪਾਉਣ ਦਾ ਅਧਿਕਾਰ ਹੈ,ਜਿਸ ਤਰਾਂ ਕਿਸੇ ਅਮੀਰ ਜਾ ਖਾਸ ਨਾਗਰਿਕ ਨੂੰ ਹੁੰਦਾ ਹੈ। ਲੋਕਤੰਤਰ ਵਿੱਚ ਲਗਾਤਾਰ ਕਿਸੇ ਖਾਸ ਜਾਤ, ਜਮਾਤ ਜਾ ਵਰਗ ਦਾ ਸੱਤਾ ਉੱਤੇ ਕਬਜ਼ਾ ਰਹਿਣ ਘਾਤਕ ਹੁੰਦਾ ਹੈ। ਕੇਵਲ ਗਿਣਤੀ ਮਾਤਰ ਲਈ ਘੱਟਗਿਣਤੀਆਂ ਅਤੇ ਹੋਰ ਦੱਬੇ ਕੁਚਲੇ ਵਰਗਾਂ ਦੀ ਸੱਤਾ-ਸਾਂਝ, ਕਮਜ਼ੋਰ ਲੋਕਤੰਤਰ ਅਤੇ ਉਸ ਦੇ ਟੁੱਟਣ ਦਾ ਇੱਕ ਕਾਰਨ ਦੀ ਹੋਂਦ ਹੁੰਦੀ ਹੈ।

ਦੂਜੀ ਚੀਜ਼ ਜਿਸਦੀ ਲੋਕਤੰਤਰ ਦੇ ਸਫਲ ਕਾਰਜ ਲਈ ਲੋੜ ਹੁੰਦੀ ਹੈ ਉਹ ਹੈ ਵਿਰੋਧੀ ਧਿਰ ਦੀ ਹੋਂਦ। ਲੋਕਤੰਤਰ ਦਾ ਅਰਥ ਸ਼ਕਤੀ ਦਾ ਵੀਟੋ ਹੈ। ਲੋਕਤੰਤਰ ਖ਼ਾਨਦਾਨੀ ਅਧਿਕਾਰ ਜਾਂ ਤਾਨਾਸ਼ਾਹੀ ਅਧਿਕਾਰ ਦਾ ਵਿਰੋਧਾਭਾਸ ਹੈ। ਲੋਕਤੰਤਰ ਦਾ ਮਤਲਬ ਹੈ ਕਿ ਕਿਸੇ ਨਾ ਕਿਸੇ ਪੜਾਅ 'ਤੇ ਦੇਸ਼ 'ਤੇ ਰਾਜ ਕਰਨ ਵਾਲਿਆਂ ਦੇ ਅਧਿਕਾਰ 'ਤੇ ਵੀਟੋ ਹੋਣਾ ਚਾਹੀਦਾ ਹੈ। ਤਾਨਾਸ਼ਾਹੀ ਵਿੱਚ ਕੋਈ ਵੀਟੋ ਨਹੀਂ ਹੁੰਦਾ। ਲੋਕਤੰਤਰ ਵਿੱਚ ਹਰ ਪੰਜ ਸਾਲਾਂ ਦੇ ਅੰਤ ਵਿੱਚ ਆਪਣੇ ਵਿਸ਼ੇ ਤੋਂ ਪਹਿਲਾਂ ਨਹੀਂ ਪੁੱਛਣਾ ਪੈਂਦਾ, "ਕੀ ਤੁਸੀਂ ਸੋਚਦੇ ਹੋ ਕਿ ਮੈਂ ਇੱਕ ਚੰਗਾ ਆਦਮੀ ਹਾਂ? ਕੀ ਤੁਸੀਂ ਸੋਚਦੇ ਹੋ ਕਿ ਮੈਂ ਪਿਛਲੇ ਪੰਜ ਸਾਲਾਂ ਦੌਰਾਨ ਚੰਗਾ ਪ੍ਰਦਰਸ਼ਨ ਕੀਤਾ ਹੈ? ਜੇਕਰ ਹਾਂ, ਤਾਂ ਕੀ ਤੁਸੀਂ ਮੈਨੂੰ ਦੁਬਾਰਾ ਚੁਣੋਗੇ?" ਬਾਦਸ਼ਾਹ ਦੀ ਸ਼ਕਤੀ 'ਤੇ ਕਿਸੇ ਦਾ ਵੀਟੋ ਨਹੀਂ।

ਜਮਹੂਰੀਅਤ ਦਾ ਮਤਲਬ ਹੈ ਕਿ ਕਿਸੇ ਨੂੰ ਵੀ ਸ਼ਾਸਨ ਕਰਨ ਦਾ ਕੋਈ ਪੱਕਾ ਅਧਿਕਾਰ ਨਹੀਂ ਹੈ, ਪਰ ਇਹ ਨਿਯਮ ਲੋਕਾਂ ਦੁਆਰਾ ਮਨਜ਼ੂਰੀ ਦੇ ਅਧੀਨ ਹੈ ਅਤੇ ਘਰ ਵਿੱਚ ਹੀ ਚੁਣੌਤੀ ਦਿੱਤੀ ਜਾ ਸਕਦੀ ਹੈ। ਤੁਸੀਂ ਦੇਖੋਗੇ ਕਿ ਵਿਰੋਧੀ ਹੋਣਾ ਕਿੰਨਾ ਜ਼ਰੂਰੀ ਹੈ। ਵਿਰੋਧੀ ਧਿਰ ਦਾ ਮਤਲਬ ਇਹ ਹੈ ਕਿ ਹਮੇਸ਼ਾ ਸਰਕਾਰ ਦੁਆਰਾ ਕੀਤੀ ਜਾ ਰਹੀਆਂ ਬੇਰੁਖ਼ੀਆਂ'ਤੇ ਉਸ ਦਾ ਧਿਆਨ ਦਵਾਉਣਾ ਹੈ। ਅਤੇ ਨਾਲ ਹੀ ਸਰਕਾਰ ਨੂੰ ਹਰ ਉਸ ਕੰਮ ਨੂੰ ਜਾਇਜ਼ ਠਹਿਰਾਉਣਾ ਜੋ ਨਿਰਪੱਖ ਆਮ ਲੋਕਾਂ ਨਾਲ ਕਰਦੀ ਹੈ। ਸਾਡੇ ਦੇਸ਼ ਵਿੱਚ, ਸਾਡੇ ਸਾਰੇ ਅਖ਼ਬਾਰਾਂ, ਸਬੰਧ ਵਿੱਚ, ਇਹ ਆਮ ਹੈ ਕਿਇਸ਼ਤਿਹਾਰਾਂ ਤੋਂ ਹੋਣ ਵਾਲੀ ਆਮਦਨ। ਸਰਕਾਰ ਦੁਆਰਾ ਸਰਕਾਰੀ ਧਨ ਨਾਲ ਬਹੁਤ ਜ਼ਿਆਦਾ ਪ੍ਰਚਾਰ ਕੀਤਾ ਜਾਂਦਾ ਹੈ। ਕਿਉਂਕਿ ਵਿਰੋਧੀ ਧਿਰ ਨੂੰ ਆਪਣੇ ਸਾਧਨਾਂ ਤੋਂ ਇਕੱਤਰ ਧਨ ਨਾਲ ਪ੍ਰਚਾਰ ਕਰਨਾ ਹੁੰਦਾ ਹੈ। ਇਨ੍ਹਾਂ ਨੂੰ ਸਰਕਾਰ ਤੋਂ ਅਧਿਕ ਮਾਲੀਆ ਮਿਲਦਾ ਹੈ ਅਤੇ ਮੁੱਖ ਪੰਨੇ ਉੱਤੇ ਰੋਜ਼ਾਨਾ ਅਖ਼ਬਾਰਾਂ ਵਿਚ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਦੇ ਭਾਸ਼ਣਾਂ ਦੇ ਕਲਾਮਾਂ ਨੂੰ ਲੋਕ ਲੱਭਦੇ ਹਨ ਅਤੇ ਵਿਰੋਧੀ ਧਿਰ ਦੇ ਭਾਸ਼ਨ ਨੂੰ ਬਹੁਤ ਵਾਰ ਪੰਨੇ 'ਤੇ ਕਿਸੇ ਕੋਨੇ ਵਿੱਚ ਪਾ ਦਿੱਤੇ ਜਾਂਦੇ ਹਨ।

ਤੀਜੀ ਸ਼ਰਤ ਹੈ ਜਿਸ ਨੂੰ ਲੋਕਤੰਤਰ ਦੀ ਸਫਲਤਾ ਲਈ ਇੱਕ ਸ਼ਰਤ ਵੀ ਕਿਹਾ ਜਾ ਸਕਦਾ ਹੈ ਅਤੇ ਉਹ ਹੈ ਆਮ ਜਨਤਾ ਲਈ ਕਾਨੂੰਨ ਅਤੇ ਪ੍ਰਸ਼ਾਸਨ ਵਿੱਚ ਸਮਾਨਤਾ।ਸਰਕਾਰਾਂ ਬਹੁਤਾ ਕਰਕੇ ਪਾਰਟੀ ਦੇ ਮੈਂਬਰਾਂ ਦੇ ਫਾਇਦੇ ਲਈ ਪ੍ਰਸ਼ਾਸਨ ਨੂੰ ਚਲਾਉਂਦੀਆਂ ਹਨ। ਕਾਨੂੰਨ ਕਹਿੰਦਾ ਹੈ ਸਰਕਾਰ ਸਭ ਦੀ ਹੈ ਕੰਮ ਕਰਦੇ ਸਮੇਂ ਸਭ ਲਈ ਬਰਾਬਰੀ ਰੱਖੇ। ਬਹੁਤ ਸਾਰੇ ਸਵਾਰਥੀ ਲੋਕ ਕਿਸੇ ਖਾਸ ਪਾਰਟੀ ਦੇ ਵਰਕਰ ਬਣ ਜਾਂਦੇ ਹਨ। ਆਪਣੇ ਸਵਾਰਥ ਪੂਰੇ ਕਰਨ ਲਈ ਪਾਰਟੀ ਨੂੰ ਜਿੱਤਵਾਉਣ ਲਈ ਆਪਣਾ ਧਨ, ਸਮਾਂ ਖਰਚਦੇ ਹਰ ਜਾਇਜ਼ ਨਾਜਾਇਜ਼ ਕੰਮ



ਕਰਦੇ ਹਨ। ਪਾਰਟੀ ਜਾ ਨੇਤਾ ਦੇ ਜਿੱਤ ਜਾਣ ਉਪਰੰਤ ਆਪਣਾ ਹਰ ਜਾਇਜ਼ ਨਾਜਾਇਜ਼ ਕੰਮ ਪਹਿਲ ਦੇ ਅਧਾਰ ਉੱਤੇ ਕੰਮ ਕਰਵਾਉਣ ਦਾ ਹੱਕ ਸਮਝਦੇ ਹਨ। ਸਵਾਰਥ ਅਤੇ ਅਨੈਤਿਕਤਾ ਦੇ ਗਰਭ ਵਿੱਚੋਂ ਪੈਦਾ ਹੋਏ ਨੇਤਾ ਅਤੇ ਲੋਕਤੰਤਰ ਸੱਤਾ ਵੱਚ ਆਉਣ ਤੋਂ ਪਹਿਲਾ ਹੀ ਦਾਗ਼ਦਾਰ ਹੁੰਦਾ ਹੈ। ਅਪਰਾਧਿਕ ਮਾਮਲਿਆਂ ਵਿੱਚ ਮੁਕੱਦਮਿਆਂ ਪ੍ਰਤੀ ਸਰਕਾਰ ਦਾ ਪੱਖਪਾਤੀ ਰਵਈਆ ਲੋਕਤੰਤਰ ਮਾਰੂ ਹੁੰਦਾ ਹੈ। ਬੇਸ਼ੱਕ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਪ੍ਰਚਲਤ ਹੈ। ਲੇਕਿਨ ਭਾਰਤ ਹਿੰਦੂਵਾਦੀ ਵਰਣ ਅਤੇ ਜਾਤੀਵਾਦੀ ਸਮਾਜਿਕ ਪ੍ਰਣਾਲੀ ਕਾਰਨ ਭਾਰਤੀ ਨਾਗਰਿਕਾਂ ਵਿੱਚ ਅਨੈਤਿਕਤਾ ਅਧਿਕ ਕਿਹਾ ਜਾ ਸਕਦਾ ਹੈ। ਪ੍ਰਸ਼ਾਸਨ ਵਿੱਚ ਭਰਤੀਆਂ ਵਿੱਚ ਪੱਖਪਾਤ ਅਤੇ ਪਾਰਦਰਸ਼ਤਾ ਨੂੰ ਨਾਂ ਰੱਖਣਾ ਲੋਕਤੰਤਰ ਦੀਆਂ ਜੜਾਂ ਕਮਜ਼ੋਰ ਕਰਦਾ ਹੈ। ਪ੍ਰਸ਼ਾਸਨ ਵਿਚ ਸਰਕਾਰ ਦੀ ਦਖਲਅੰਦਾਜ਼ੀ ਨਹੀਂ ਹੋਣੀ ਚਾਹੀਦੀ, ਅਤੇ ਇਹ ਕਿ ਸਰਕਾਰ ਦਾ ਕੰਮ ਨੀਤੀ ਬਣਾਉਣਾ ਹੈ ਪਰ ਦਖ਼ਲ ਦੇਣਾ ਨਹੀਂ ਅਤੇ ਸਰਕਾਰ ਦਾ ਕੰਮ ਜਨਤਾ ਲਈ ਸਾਫ ਸੁਥਰੇ ਪ੍ਰਸ਼ਾਸਨ ਦੇਣਾ ਹੈ ਇਹ ਸਰਕਾਰ ਦਾ ਬੁਨਿਆਦੀ ਕੰਮ ਹੈ।

ਇੱਕ ਹੋਰ ਚੌਥੀ ਸ਼ਰਤ ਲੋਕਤੰਤਰ ਦੇ ਸਫਲ ਕੰਮ ਲਈ ਸੰਵਿਧਾਨਕ ਨੈਤਿਕਤਾ ਦੀ ਪਾਲਣਾ ਹੈ। ਸਾਡੇ ਕੋਲ ਇੱਕ ਸੰਵਿਧਾਨ ਹੈ ਜਿਸ ਵਿੱਚ ਕਾਨੂੰਨੀ ਵਿਵਸਥਾਵਾਂ ਹਨ, ਇਹਸਿਰਫ ਇੱਕ ਪਿੰਜਰ ਹੈ ਉਸ ਪਿੰਜਰ ਨੂੰ ਭਰਿਆ ਜਾਣਾ ਹੁੰਦਾ ਹੈ ਜਿਸਨੂੰ ਅਸੀਂ ਸੰਵਿਧਾਨਕ ਨੈਤਿਕਤਾ ਕਹਿੰਦੇ ਹਾਂ। ਜਿਸ ਲਈ ਸਾਡਾ ਸੰਵਿਧਾਨ ਬਣਾਇਆ ਗਿਆ ਹੈ ਉਸ ਮਕਸਦ ਨੂੰ ਭੁੱਲਣਾ ਨਹੀਂ ਚਾਹੀਦਾ। ਇਹ ਸੰਵਿਧਾਨ ਇਸ ਲਈ ਬਣਾਇਆ ਕਿਉਂਕਿ ਅਸੀਂ ਖ਼ਾਨਦਾਨੀ ਰਾਜਸ਼ਾਹੀ ਨਹੀਂ ਚਾਹੁੰਦੇ ਅਤੇ ਅਸੀਂ ਖ਼ਾਨਦਾਨੀ ਸ਼ਾਸਕ ਜਾਂ ਤਾਨਾਸ਼ਾਹ ਨਹੀਂ ਚਾਹੁੰਦੇ ਸੀ।

ਅਮਰੀਕਾ ਵਿੱਚ 13 ਕਾਲੋਨੀਆਂ ਨੇ ਬਗਾਵਤ ਕੀਤੀ ਸੀ, ਉਨ੍ਹਾਂ ਦਾ ਨੇਤਾ ਵਾਸ਼ਿੰਗਟਨ ਸੀ। ਉਸ ਦਿਨ ਦੇ ਅਮਰੀਕੀ ਜੀਵਨ ਵਿੱਚ ਉਸਦੀ ਸਥਿਤੀ ਨੂੰ ਸਿਰਫ਼ ਇਹ ਕਹਿਣਾ ਕਿ ਉਹ ਇੱਕ ਨੇਤਾ ਸੀ, ਨੂੰ ਪਰਿਭਾਸ਼ਿਤ ਕਰਨਾ ਸਹੀ ਨਹੀਂ। ਅਮਰੀਕਾ ਦੇ ਲੋਕਾਂ ਲਈ ਵਾਸ਼ਿੰਗਟਨ ਰੱਬ ਸੀ। ਸੰਵਿਧਾਨ ਤਿਆਰ ਹੋਣ ਤੋਂ ਬਾਅਦ ਉਹ ਸੰਯੁਕਤ ਰਾਜ ਦੇ ਪਹਿਲੇ ਰਾਸ਼ਟਰਪਤੀ ਬਣੇ ਸਨ। ਉਸ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ, ਉਸਨੇ ਦੂਜੀ ਵਾਰ ਖੜੇ ਹੋਣ ਤੋਂ ਇਨਕਾਰ ਕਰ ਦਿੱਤਾ। ਜੇ ਵਾਸ਼ਿੰਗਟਨ ਰਾਸ਼ਟਰਪਤੀ ਅਹੁਦੇ ਲਈ ਵਾਰ-ਵਾਰ ਵੀ ਖੜ੍ਹਾ ਹੁੰਦਾ, ਤਾਂ ਉਹ ਬਿਨਾਂ ਕਿਸੇ ਵਿਰੋਧੀ ਦੇ ਸਰਬ-ਸੰਮਤੀ ਨਾਲ ਚੁਣਿਆ ਜਾਂਦਾ। ਪਰ ਉਸਨੇ ਦੂਜੀ ਵਾਰ ਅਹੁਦਾ ਛੱਡ ਗਿਆ। ਜਦੋਂ ਉਨ੍ਹਾਂ ਨੂੰ ਇਸ ਦਾ ਕਾਰਨ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ, "ਮੇਰੇ ਪਿਆਰੇ ਲੋਕੋ, ਤੁਸੀਂ ਉਸ ਮਕਸਦ ਨੂੰ ਭੁੱਲ ਗਏ ਹੋ ਜਿਸ ਲਈ ਅਸੀਂ ਇਹ ਸੰਵਿਧਾਨ ਬਣਾਇਆ ਸੀ। ਅਸੀਂ ਇਹ ਸੰਵਿਧਾਨ ਇਸ ਲਈ ਬਣਾਇਆ ਕਿਉਂਕਿ ਅਸੀਂ ਖ਼ਾਨਦਾਨੀ ਰਾਜਸ਼ਾਹੀ ਨਹੀਂ ਚਾਹੁੰਦੇ ਸੀ ਅਤੇ ਅਸੀਂ ਖ਼ਾਨਦਾਨੀ ਸ਼ਾਸਕ ਜਾਂ ਤਾਨਾਸ਼ਾਹ ਨਹੀਂ ਚਾਹੁੰਦੇ ਸੀ। ਜੇ ਤੁਸੀਂ ਅੰਗਰੇਜ਼ ਰਾਜੇ ਦੀ ਵਫ਼ਾਦਾਰੀ ਨੂੰ ਤਿਆਗ ਕੇ, ਇਸ ਦੇਸ਼ ਵਿੱਚ ਆ ਕੇ ਸਾਲ ਦਰ ਸਾਲ ਮੇਰੀ ਪੂਜਾ ਕਰਦੇ ਰਹੋਗੇ, ਤੁਹਾਡੇ ਸਿਧਾਂਤਾਂ ਦਾ ਕੀ ਬਣੇਗਾ? ਕੀ ਤੁਸੀਂ ਕਹਿ ਸਕਦੇ ਹੋ ਕਿ ਤੁਸੀਂ ਅੰਗਰੇਜ਼ੀ ਰਾਜੇ ਦੇ ਅਧਿਕਾਰ ਦੇ ਵਿਰੁੱਧ ਬਗਾਵਤ ਕੀਤੀ ਸੀ ਜਦੋਂ ਤੁਸੀਂ ਉਸ ਦੀ ਥਾਂ 'ਤੇ ਮੈਨੂੰ ਨਿਯੁਕਤ ਕਰ ਰਹੇ ਹੋ? ਉਸਨੇ ਕਿਹਾ, "ਭਾਵੇਂ ਤੁਹਾਡੀ ਰਾਇਲਟੀ ਅਤੇ ਮੇਰੇ ਪ੍ਰਤੀ ਵਫ਼ਾਦਾਰੀ ਤੁਹਾਨੂੰ ਇਹ ਬੇਨਤੀ ਕਰਨ ਲਈ ਮਜਬੂਰ ਕਰਦੀ ਹੈ ਕਿ ਮੈਨੂੰ ਦੂਜੀ ਵਾਰ ਖੜ੍ਹਾ ਹੋਣਾ ਚਾਹੀਦਾ ਹੈ, ਮੈਂ ਇੱਕ ਵਿਅਕਤੀ ਦੇ ਰੂਪ ਵਿੱਚ ਜਿਸ ਨੇ ਇਸ ਸਿਧਾਂਤ ਨੂੰ ਬਿਆਨ ਕੀਤਾ ਹੈ ਕਿ ਸਾਨੂੰ ਵਿਰਾਸਤੀ ਅਧਿਕਾਰ ਨਹੀਂ ਹੋਣਾ ਚਾਹੀਦਾ ਹੈ, ਤੁਹਾਡੀ ਭਾਵਨਾ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ।"

ਆਖਰਕਾਰ, ਉਹਨਾ ਉੱਤੇ ਦੂਜੀ ਵਾਰ ਖੜ੍ਹੇ ਹੋਣ ਲਈ ਦਬਾਅ ਪਾਇਆ ਉਹ ਜਿੱਤ ਗਏ। ਤੀਸਰੀ ਵਾਰ ਜਦੋਂ ਉਹ ਉਸ ਕੋਲ ਆਏ, ਤਾਂ ਉਸ ਨੇ ਉਨ੍ਹਾਂ ਨੂੰ ਦੂਰ ਕਰ ਦਿੱਤਾ। ਅਸੀਂ ਭਾਰਤੀ ਜੇ ਅਮਰੀਕਾ ਜਾਂ ਹੋਰ ਚੰਗੇ ਦੇਸ਼ਾਂ ਦੀ ਰੀਸ ਕਰਨਾ ਚਾਹੁੰਦੇ ਹਨ, ਉਹਨਾ ਨੂੰ ਸਬਕ ਲੈਣਾ ਹੋਵੇਗਾ।

ਇੱਕ ਹੋਰ ਚੀਜ਼ ਹੈ, ਲੋਕਤੰਤਰ ਦੇ ਕੰਮ ਵਿੱਚ ਬਹੁਤ ਜ਼ਰੂਰੀ ਹੈ ਅਤੇ ਉਹ ਇਹ ਹੈ ਕਿ ਜਮਹੂਰੀਅਤ ਦੇ ਨਾਮ 'ਤੇ ਘੱਟ ਗਿਣਤੀ 'ਤੇ ਬਹੁਗਿਣਤੀ ਦਾ ਜ਼ੁਲਮ ਨਹੀਂ ਹੋਣਾ ਚਾਹੀਦਾ। ਉਹਨਾ ਨੂੰ ਸੱਤਾ ਵਿੱਚ ਕੇਵਲ ਹਿੱਸੇਦਾਰੀ ਹੀ ਨਹੀਂ ਸੱਤਾ ਵਿੱਚ ਰਹਿੰਦੇ ਕੰਮ ਕਰਨ ਲਾਇਕ ਸ਼ਕਤੀ ਵੀ ਮਿਲਣੀ ਚਾਹੀਦੀ ਹੈ। ਭਾਵੇਂ ਹਰ ਸਰਕਾਰ ਬਹੁਗਿਣਤੀਆਂ ਦੀ ਹੀ ਬਣਦੀ ਹੈ ਉਸ ਦੀ ਜਿੰਮੇਵਾਰੀ ਹੈ ਕਿਘੱਟ-ਗਿਣਤੀ ਨੂੰ ਹਮੇਸ਼ਾ ਸੁਰੱਖਿਅਤ ਮਹਿਸੂਸ ਕਰੇ, ਘੱਟ ਗਿਣਤੀ ਨੂੰ ਠੇਸ ਨਾਂ ਪਹੁੰਚੇ ਜਾਂ ਘੱਟ ਗਿਣਤੀ ਨੂੰ ਪੱਟੀ ਤੋਂ ਹੇਠਾਂ ਨਾ ਮਾਰੇ।ਇਕ ਪਰਿਭਾਸ਼ਾ ਜੋ ਹਰ ਕੋਈ ਦੇ ਦਿੰਦਾ ਹੈ "ਕਿ ਪਿਆਰ ਅਤੇ ਲੜਾਈ ਵਿਚ ਹਰ ਕੁੱਝ ਕਰਨਾ ਜਾਇਜ਼ ਹੈ", ਜਾ ਸੱਤਾ ਹਾਸਲ ਕਰਨ ਲਈ "ਸਾਮ, ਦਾਮ, ਦੰਡ, ਭੇਤ" ਸਭ ਕੁੱਝ ਜਾਇਜ਼ ਹੈ, ਇਹ ਕਿਸੇ ਹੋ ਥਾਂ ਉੱਤੇ ਜਾਇਜ਼ ਠਹਿਰਾਇਆ ਜਾ ਸਕਦਾ ਹੈ ਲੇਕਿਨ ਇਸ ਦੇ ਨਤੀਜੇ ਲੋਕਤੰਤਰ ਲਈ ਅਤੇ ਮਾਨਵਤਾ ਲਈ ਘਾਤਕ ਹੁੰਦੇ ਹਨ। ਜੇਕਰ ਵਿਰੋਧੀ ਦਲ ਜਾ ਘੱਟ-ਗਿਣਤੀਆਂ ਅਨੈਤਿਕਤਾ ਵਰਤਕੇ ਸੱਤਾ ਹਾਸਲ ਕਰ ਵਿੱਚ ਸਫਲ ਹੋ ਜਾਂਦੀਆਂ ਹਨ ਤਾਂ ਮੌਜੂਦਾ ਸੱਤਾਧਾਰੀ ਪਾਰਟੀ ਵਿਰੋਧੀ ਧਿਰ ਹੋਣ ਸਮੇਂ ਉਹਨਾਂ ਨਾਲੋਂ ਵੱਧ ਅਨੈਤਿਕ ਢੰਗ ਵਰਤਕੇ ਸੱਤਾ ਹਾਸਲ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਮਨੁੱਖ ਸਮਾਜਿਕ ਪ੍ਰਾਣੀ ਸਮਾਜਿਕ (Etihcs) ਨਿਯਮਾਂ ਅਤੇ ਆਪਣੇ ਆਪ ਦੇ (Morals) ਨਿਯਮਾਂ ਨਾਲ ਬੰਨਿਆਂ ਹੁੰਦਾ ਹੈ।

(Etihcs) ਅਤੇ (Morals) ਦੇ ਵਖਰੇ ਸ਼ਬਦ ਹਨ। ਯੂਨਾਨੀ ਸ਼ਬਦ "ਈਥੋਸ" ਤੋਂ ਬਣਿਆ (Etihcs) ਦਾ ਅਰਥ ਹੈ "ਚਰਿੱਤਰ"। ਮਨੁੱਖੀ ਕਿਰਿਆਵਾਂ ਦੀ ਇੱਕ ਵਿਸ਼ੇਸ਼ ਸ਼੍ਰੇਣੀ ਜਾਂ ਇੱਕ ਵਿਸ਼ੇਸ਼ ਸਮੂਹ ਜਾਂ ਸਭਿਆਚਾਰ ਦੇ ਸਬੰਧ ਵਿੱਚ ਮਾਨਤਾ ਪ੍ਰਾਪਤ ਆਚਰਣ ਦੇ ਨਿਯਮ। ਇਹ ਸਮਾਜਿਕ ਬਾਹਰੀ ਪ੍ਰਣਾਲੀ ਨਾਲ ਸਬੰਧਿਤ ਹੈ, ਕਿਉਂਕਿ ਸਮਾਜ ਕਹਿੰਦਾ ਹੈ ਕਿ ਇਹ ਕਰਨਾ ਸਹੀ ਹੈ। ਨੈਤਿਕਤਾ ਪਰਿਭਾਸ਼ਾ ਲਈ ਦੂਜਿਆਂ 'ਤੇ ਨਿਰਭਰ ਹੈ। ਉਹ ਇੱਕ ਖਾਸ ਸੰਦਰਭ ਵਿੱਚ ਇਕਰਾਰ ਹੁੰਦੇ ਹਨ, ਪਰ ਸੰਦਰਭਾਂ ਦੇ ਵਿਚਕਾਰ ਵੱਖ-ਵੱਖ ਹੋ ਸਕਦੇ ਹਨ। ਨੈਤਿਕ ਸਿਧਾਂਤਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਵਾਲੇ ਵਿਅਕਤੀ ਕੋਲ ਕੋਈ ਨੈਤਿਕਤਾ ਨਹੀਂ ਹੋ ਸਕਦੀ। ਇਸੇ ਤਰ੍ਹਾਂ, ਕੋਈ ਵੀ ਨੈਤਿਕ ਅਖੰਡਤਾ ਨੂੰ ਕਾਇਮ ਰੱਖਣ ਲਈ ਨਿਯਮਾਂ ਦੀ ਇੱਕ ਦਿੱਤੀ ਪ੍ਰਣਾਲੀ ਦੇ ਅੰਦਰ ਨੈਤਿਕ ਸਿਧਾਂਤਾਂ ਦੀ ਉਲੰਘਣਾ ਕਰ ਸਕਦਾ ਹੈ। ਨੈਤਿਕਤਾ ਕਿਸੇ ਖਾਸ ਸਮੇਂ ਅਤੇ ਸਥਾਨ ਦੇ ਅੰਦਰ ਪੇਸ਼ੇਵਰ ਅਤੇ ਕਾਨੂੰਨੀ ਦਿਸ਼ਾ-ਨਿਰਦੇਸ਼ ਦੁਆਰਾ ਨਿਯੰਤ੍ਰਿਤ ਕੀਤੀ ਜਾਂਦੀ ਹੈ।

ਲਾਤੀਨੀ ਸ਼ਬਦ "ਮੌਸ" ਦਾ ਅਰਥ ਹੈ ਚੰਗੇ "ਰਿਵਾਜ" ਜਿਸ ਤੋਂ (Morals) ਬਣਿਆ ਹੈ। ਇਹ ਆਮ ਤੌਰ 'ਤੇ ਇਕਸਾਰ ਹਨ, ਹਾਲਾਂਕਿ ਬਦਲ ਸਕਦਾ ਹੈ ਜੇਕਰ ਕਿਸੇ ਵਿਅਕਤੀ ਦੇ ਵਿਸ਼ਵਾਸ ਬਦਲਦੇ ਹਨ। ਇੱਕ (Morals) ਨੈਤਿਕ ਵਿਅਕਤੀ ਹਾਲਾਂਕਿ ਸ਼ਾਇਦ ਇੱਕ ਉੱਚ ਇਕਰਾਰਨਾਮੇ ਦੁਆਰਾ ਬੰਨ੍ਹਿਆ ਹੋਇਆ ਹੈ, ਨੈਤਿਕਤਾ ਦੇ ਇੱਕ ਕੋਡ ਦੀ ਪਾਲਣਾ ਕਰਨ ਦੀ ਚੋਣ ਕਰ ਸਕਦਾ ਹੈ ਕਿਉਂਕਿ ਇਹ ਇੱਕ ਸਿਸਟਮ ਤੇ ਲਾਗੂ ਹੁੰਦਾ ਹੈ। ਨੈਤਿਕਤਾ ਸਭਿਆਚਾਰਕ ਨਿਯਮਾਂ ਤੋਂ ਉਪਰ ਹੈ।

ਆਖ਼ਰਕਾਰ, ਲੋਕਤੰਤਰ ਵਿੱਚ ਕੀ ਹੁੰਦਾ ਹੈ? ਲੋਕਤੰਤਰ ਨੂੰ ਆਜ਼ਾਦ ਸਰਕਾਰ ਕਿਹਾ ਜਾਂਦਾ ਹੈ। ਅਤੇ ਆਜ਼ਾਦ ਸਰਕਾਰ ਤੋਂ ਸਾਡਾ ਕੀ ਮਤਲਬ ਹੈ? ਅਜ਼ਾਦ ਸਰਕਾਰ ਦਾ ਅਰਥ ਹੈ ਕਿ ਸਮਾਜਿਕ ਜੀਵਨ ਦੇ ਵਿਸ਼ਾਲ ਪਹਿਲੂਆਂ ਵਿੱਚ ਲੋਕਾਂ ਨੂੰ ਕਾਨੂੰਨ ਦੀ ਦਖਲਅੰਦਾਜ਼ੀ ਤੋਂ ਬਿਨਾਂ ਚੱਲਣ ਲਈ ਸੁਤੰਤਰ ਛੱਡ ਦਿੱਤਾ ਜਾਂਦਾ ਹੈ, ਜਾਂ ਜੇਕਰ ਕਾਨੂੰਨ ਬਣਾਉਣਾ ਹੀ ਹੈ, ਤਾਂ ਕਾਨੂੰਨ ਬਣਾਉਣ ਵਾਲੇ ਨੂੰ ਉਮੀਦ ਹੈ ਕਿ ਕਾਨੂੰਨ ਨੂੰ ਸਫਲ ਬਣਾਉਣ ਲਈ ਸਮਾਜ ਵਿੱਚ ਲੋੜੀਂਦੀ ਨੈਤਿਕਤਾ ਹੋਵੇਗੀ।

ਜੇਕਰ ਕੋਈ ਨੈਤਿਕ ਵਿਵਸਥਾ ਨਹੀਂ ਰਹੇਗੀ, ਤਾਂ ਲੋਕਤੰਤਰ ਟੁਕੜੇ-ਟੁਕੜੇ ਹੋ ਜਾਵੇਗਾ ਜਿਵੇਂ ਸ਼ਾਇਦ ਸਾਡੇ ਆਪਣੇ ਦੇਸ਼ ਵਿੱਚ ਚੱਲ ਰਿਹਾ ਹੈ। ਇਸ ਦੌੜ ਦਾ ਅੰਤ ਬਹੁਤ ਭਿਆਨਕ ਹੁੰਦਾ ਹੈ। ਰਾਸ਼ਟਰ ਅਤੇ ਮਾਨਵਤਾ ਦੇ ਵਿਕਾਸ ਲਈ ਮਨੁੱਖ ਲਈ ਸੰਵਿਧਾਨਿਕ ਦਾਇਰੇਦੇ ਨਾਲ ਸਮਾਜਿਕਨੈਤਿਕਤਾ ਅਤੇ ਮਨੁੱਖੀ ਨੈਤਿਕਤਾ ਦੀਆਂ ਕਦਰਾਂ ਕੀਮਤਾਂ ਨੂੰ ਅਪਨਾਉਣਾ ਬਹੁਤ ਜਰੂਰੀ ਹੈ।

# ਮਾਲਵਾ ਸਪੋਰਟਸ ਐਂਡ ਕਲਚਰਲ ਕਲੱਬ ਵੱਲੋਂ 'ਫੁੱਲਕਾਰੀ ਨਾਈਟ' 3 ਸਤੰਬਰ ਨੂੰ


**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਗ੍ਰਹਿਸਥ ਦੀਆਂ ਜ਼ਿੰਮੇਵਾਰੀਆਂ ਸੰਭਾਲਦੀਆਂ ਗ੍ਰਹਿਣੀਆਂ, ਵਿਦੇਸ਼ੀ ਵਸਦੀਆਂ ਧੀਆਂ, ਸੱਸਾਂ-ਬਹੂਆਂ ਦੇ ਲਈ ਵਿਦੇਸ਼ ਦੇ ਵਿਚ ਹੋਣ ਵਾਲੇ ਸਭਿਆਚਾਰਕ ਪ੍ਰੋਗਰਾਮ ਲੰਬਾ ਸਮਾਂ ਖੁਸ਼ੀਆਂ ਦਾ ਸਰੋਤ ਬਣਦੇ ਹਨ। ਮਾਲਵਾ ਸਪੋਰਟਸ ਐਂਡ ਕਲਚਰਲ ਕਲੱਬ ਨਿਊਜ਼ੀਲੈਂਡ ਵੱਲੋਂ ਪੰਜਵਾਂ ਮਹਿਲਾ ਮੇਲਾ ਇਸ ਵਾਰ ਇਕ ਨਵੇਂ ਅਤੇ ਸਦਾ ਲਈ ਮੁਕੱਰਰ ਕੀਤੇ ਜਾ ਰਹੇ ਨਾਂਅ 'ਫੁੱਲਕਾਰੀ ਨਾਈਟ' ਸਿਰਲੇਖ ਹੇਠ 3 ਸਤੰਬਰ ਦਿਨ ਸ਼ਨੀਵਾਰ ਨੂੰ ਸ਼ਾਮ 6 ਵਜੇ ਤੋਂ ਦੇਰ ਰਾਤ ਤੱਕ ਕਰਵਾਇਆ ਜਾ ਰਿਹਾ ਹੈ। ਫੁੱਲਕਾਰੀ ਦੇ ਜੇਕਰ ਅੱਖਰੀ ਅਰਥ ਵੇਖਣੇ ਹੋਣ ਤਾਂ ਫੁੱਲ ਪੱਤੀਆਂ ਹੁੰਦਾ ਹੈ, ਪਰ ਜ਼ਿੰਦਗੀ ਦੇ ਵਿਚ ਵੀ ਰੌਣਕਾਂ ਭਰਿਆ ਸਮਾਂ ਫੁੱਲ ਪੱਤੀਆਂ ਤੋਂ ਘੱਟ ਨਹੀਂ ਹੁੰਦਾ। ਫੁੱਲਕਾਰੀ ਪੰਜਾਬਣ ਮਹਿਲਾ ਦੇ ਸਭਿਆਚਾਰਕ ਅਤੇ ਸਭਿਅਕ ਪਹਿਰਾਵੇ ਦੀ ਪ੍ਰਤੀਕ ਵੀ ਹੈ। ਫੁੱਲਕਾਰੀ ਸ਼ਬਦ ਜ਼ਿਹਨ ਦੇ ਵਿਚ ਆਉਂਦਿਆਂ ਹੀ ਖੁਸ਼ੀ ਭਰੇ ਸਮਾਗਮ, ਸ਼ਗਨ, ਵਿਆਹ, ਵਿਆਹ ਵਾਲੇ ਗੀਤ ਅਤੇ ਹੋਰ ਬਹੁਤ ਕੁਝ ਰਵਾਇਤਾ ਅੱਖਾਂ ਸਾਹਮਣੇ ਆ ਜਾਂਦਾ ਹੈ। ਮਾਲਵਾ ਸਪੋਰਟਸ ਕਲੱਬ ਨੇ ਸ਼ਬਦ 'ਫੁੱਲਕਾਰੀ' ਦੇ ਨਾਂਅ ਨਾਲ ਇਸ ਰਵਾਇਤ ਨੂੰ ਤੋਰਨ ਦੀ ਸ਼ੁਰੂਆਤ ਕਰਕੇ ਸਭਿਆਚਾਰ ਨਾਲ




ਆਪਣੀ ਗੰਢ ਹੋਰ ਪੀਡੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਅੱਜ 'ਲਵ ਪੰਜਾਬ' ਰੈਸਟੋਰੈਂਟ ਮੈਨੁਵਰੇਵਾ ਵਿਖੇ ਇਕ ਭਰਵੇਂ ਸਮਾਗਮ ਦੇ ਵਿਚ 'ਫੁੱਲਕਾਰੀ ਨਾਈਟ' ਦਾ ਰੰਗਦਾਰ ਪੋਸਟਰ ਮਾਲਵਾ ਸਪੋਰਟਸ ਐਂਡ ਕਲਚਰਲ ਕਲੱਬ ਦੇ ਸਮੂਹ ਮੈਂਬਰਾਨ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਨੇ ਪੰਜਾਬੀ ਮੀਡੀਆ ਕਰਮੀਆਂ ਦੀ ਹਾਜ਼ਰੀ ਵਿਚ ਜਾਰੀ ਕੀਤਾ। ਇਕੱਤਰ ਮਹਿਲਾਵਾਂ ਨੇ ਜਿੱਥੇ ਬੋਲੀਆਂ ਪਾ ਕੇ ਪੋਸਟਰ ਜਾਰੀ ਕੀਤਾ ਉਥੇ ਨਿਊਜ਼ੀਲੈਂਡ ਵਸਦੀਆਂ ਸਮੂਹ ਭਾਰਤੀ ਮਹਿਲਾਵਾਂ ਨੂੰ 3 ਸਤੰਬਰ ਨੂੰ ਇਸ ਫੁੱਲਕਾਰੀ ਨਾਈਟ ਦੇ ਵਿਚ ਸ਼ਾਮਿਲ ਹੋਣ ਲਈ ਵੀ ਬੇਨਤੀ ਕੀਤੀ।

3 ਸਤੰਬਰ ਸ਼ਾਮ 6 ਵਜੇ ਤੋਂ ਦੇਰ ਰਾਤ ਚੱਲਣ ਵਾਲੇ ਇਸ ਫੁੱਲਕਾਰੀ ਨਾਈਟ (ਮਹਿਲਾ ਮੇਲੇ) ਦੇ ਵਿਚ ਦਾਖਲਾ ਬਿਲਕੁਲ ਮੁਫਤ ਹੋਵੇਗਾ। ਮੇਲੇ ਵਿਚ ਵੱਖ-ਵੱਖ ਤਰ੍ਹਾਂ ਦੀਆਂ ਸਟੇਜ ਵੰਨਗੀਆਂ ਜਿਵੇਂ ਗਿੱਧਾ ਭੰਗੜਾ ਹੋਣਗੇ ਉਪਰੰਤ ਖੁੱਲ੍ਹੇ ਪੰਡਾਲ ਦੇ ਵਿਚ ਡੀ। ਜੇ। ਉਤੇ ਗੀਤ-ਸੰਗੀਤ ਦਾ ਮਾਹੌਲ ਸਿਰਜਿਆ ਜਾਵੇਗਾ ਤਾਂ ਕਿ ਹਰ ਕੋਈ ਖੁੱਲ੍ਹੇ ਵਿਹੜੇ ਦੇ ਵਿਚ ਸੰਗੀਤਕ ਧੁਨਾਂ ਉਤੇ ਆਪਣੇ ਮਨ ਪ੍ਰਚਾਵੇ ਦੇ ਵਾਸਤੇ ਨੱਚ ਸਕੇ ਅਤੇ ਰੌਣਕਾਂ ਨੂੰ ਹੋਰ ਵਧਾਵੇ। ਭਾਗ ਲੈਣ ਵਾਲੀਆਂ ਮਹਿਲਾਵਾਂ ਦੇ ਲਈ ਕਈ ਤਰ੍ਹਾਂ ਦੇ ਲੱਕੀ ਡ੍ਰਾਅ ਰਹਿਣਗੇ ਅਤੇ ਇਨਾਮ ਨਿਕਲਣਗੇ। ਇਨਾਮਾਂ ਦੇ ਵਿਚ ਫੁੱਲਕਾਰੀਆਂ ਵੀ ਸ਼ਾਮਿਲ ਰਹਿਣਗੀਆਂ।

ਅੱਜ ਪੋਸਟਰ ਸਮਾਰੋਹ ਦੇ ਵਿਚ ਬੋਲਦਿਆਂ ਕਲੱਬ ਦੇ ਪ੍ਰਧਾਨ ਸ। ਜਗੀਦਪ ਸਿੰਘ ਵੜੈਚ ਨੇ ਪਹੁੰਚੇ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਆ ਰਹੀ ਫੁੱਲਕਾਰੀ ਨਾਈਟ ਸਬੰਧੀ ਜਾਣਕਾਰੀ ਸਾਂਝੀ ਕੀਤੀ। ਮਹਿਲਾਵਾਂ ਦੇ ਇਸ ਮੇਲੇ ਵਿਚ ਦਾਖਲਾ ਮੁਫਤ ਰਹੇਗਾ ਪਰ ਮੁੱਖ ਦਰਵਾਜ਼ੇ ਉਤੇ ਵਿਸ਼ੇਸ਼ ਐਂਟਰੀ ਪਾਸ ਦਿੱਤੇ ਜਾਣਗੇ। ਹਾਲ ਦੀ ਸਮਰੱਥਾ 2500 ਹੋਣ ਕਰਕੇ ਇਸ ਤੋਂ ਵੱਧ ਦਾਖਲਾ ਨਹੀਂ ਹੋ ਸਕੇਗਾ ਇਸ ਕਰਕੇ ਸਾਰੀਆਂ ਮਹਿਲਾਵਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸਮੇਂ ਸਿਰ ਆ ਕੇ ਆਪਣੇ ਐਂਟਰੀ ਪਾਸ ਪ੍ਰਾਪਤ ਕਰਨ। ਹਾਲ ਭਰਨ ਉਤੇ ਦਾਖਲਾ ਬੰਦ ਕਰ ਦਿੱਤਾ ਜਾਵੇਗਾ। ਆਏ ਸਾਰੇ ਮੀਡੀਆ ਕਰਮੀਆਂ ਦਾ ਧੰਨਵਾਦ ਕੀਤਾ ਗਿਆ।





Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html




My Struggle in Life:

Das Pawar, Ishwar: 9781682131558:

Amazon.com: Book

https://www.amazon.com/Struggle-Life-Ishwar-Das-Pawar/dp/1682131556


# ਕਲਾ ਦੇ ਖੇਤਰ ਵਿੱਚ ਚੜ੍ਹਿਆ ਸਿਤਾਰਾ ਆਰ ਐਮ ਸਿੰਘ



ਮਨੁੱਖ ਦੇ ਆਸ ਪਾਸ ਅਤੇ ਚੌਗਿਰਦੇ ਵਿੱਚ ਜੀਦੇ ਜਾ ਰਹੇ ਜੀਵਨ ਨੂੰ ਜਦੋਂ ਕੋਈ ਚਿੱਤਰਕਾਰ ਆਪਣੇ ਤੁਲਾਂਕ ਨਾਲ ਰੰਗਾਂ ਨੂੰ ਚਿਤਰਾਂ ਦੇ ਰੂਪ ਵਿਚ ਸਮੇਟਦਾ ਹੈ ਜਾਂ ਫਿਰ ਆਪਣੇ ਮੇਜ਼ ਤੇ ਬੈਠੇ-ਬੈਠੇ ਸੈਂਟ - ਸਕਵੇਅਰਾਂ ਦੀਆਂ ਅੰਦਰੂਨੀ ਗੋਲਾਈਆਂ ਨੂੰ ਪ੍ਰਯੁਕਤ ਕਰਦੇ ਹੋਏ ਰੇਖਾਵਾਂ ਦੁਆਰਾ ਚਿੱਤਰਨ ਕਰਦਾ ਹੈ ਤਾਂ ਚਿੱਤਰ ਖੁਦ ਬੋਲਣ ਲਗਦੇ ਹਨ। ਆਰ ਐਮ ਸਿੰਘ (ਰਾਹੀ ਮਹਿੰਦਰ ਸਿੰਘ ) ਕਲਾ ਖੇਤਰ ਵਿਚ ਚੜ੍ਹਿਆ ਅਜਿਹਾ ਸਿਤਾਰਾ ਹੈ ਜਿਸ ਦੇ ਬਣਾਏ ਤੇਲ ਚਿੱਤਰ ਅਤੇ ਰੇਖਾ ਚਿੱਤਰ ਆਧੁਨਿਕ ਮਨੁੱਖ ਦੁਆਰਾ ਜੀਂਦੇ ਜਾ ਰਹੇ ਜੀਵਨ ਦੀਆਂ ਜਟਿਲ ਸੱਚਾਈਆਂ ਨਾਲ ਲੋਕਾਂ ਨੂੰ ਜਾਣੂ ਕਰਵਾਉਂਦੇ ਹਨ। ਉਸ ਦੇ ਬਣਾਏ ਹੋਏ ਚਿੱਤਰ ਅੱਜ ਦੇ ਮਨੁੱਖ ਦੀ ਵੇਦਨਾ ਨੂੰ ਦਿਲ ਦੀਆਂ ਗਹਿਰਾਈਆਂ ਤਕ ਸਪਰਸ਼ ਕਰ ਜਾਂਦੇ ਹਨ। ਉਨ੍ਹਾਂ ਨੇ ਆਪਣੀਆਂ ਰੇਖਾਵਾਂ ਵਿੱਚ ਅਮੂਰਤ ਚਿਹਰਿਆਂ ਨੂੰ ਚਿੱਤਰਤ ਕੀਤਾ ਹੈ। ਗੋਲ ਚਿਹਰੇ, ਤਿਕੌਣ, ਵਰਗਾਕਾਰ ਅਤੇ ਆਇਤਕਾਰ ਵਸਤੂਆਂ ਨਵੇਂ ਨਵੇਂ ਅਰਥਾਂ ਨੂੰ ਜਨਮ ਦਿੰਦੀਆਂ ਹਨ। ਭਾਵੇਂ ਹੁਣ ਆਰ ਐਮ ਸਿੰਘ ਦੇ ਬਣਾਏ ਚਿੱਤਰ ਭਾਰਤ ਵਿੱਚ ਪ੍ਰਕਾਸ਼ਿਤ ਅਨੇਕਾਂ ਪੱਤਰ- ਪੱਤਰਿਕਾਵਾਂ ਵਿੱਚ ਬੜੇ ਮਾਣ ਨਾਲ ਲਗਾਏ ਜਾਂਦੇ ਹਨ। ਪ੍ਰਸਿੱਧ ਚਿੱਤਰਕਾਰ ਸੋਭਾ ਸਿੰਘ ਤੋਂ ਵਿੱਦਿਆ ਹਾਸਿਲ ਕਰਨ ਵਾਲੇ ਭਾਰਤੀ ਚਿੱਤਰਕਾਰ ਅਤੇ ਅਧਿਆਪਕ ਆਰ ਐਮ ਸਿੰਘ ਉਰਫ਼ ਰਾਹੀ ਮਹਿੰਦਰ ਸਿੰਘ ਦਾ ਜਨਮ 9 ਮਈ ਸੰਨ 1965 ਵਿਚ ਪਿਤਾ ਸ੍ਰ:ਮੇਹਰ ਸਿੰਘ (ਪ੍ਰਸਿੱਧ ਫੋਟੋਗ੍ਰਾਫਰ) ਤੇ ਮਾਤਾ ਆਸ ਕੌਰ ਦੀ ਕੁੱਖੋਂ ਪਿੰਡ ਭੜੋਲੀ ਕਲਾਂ ਪਠਾਨਕੋਟ ਵਿਖੇ ਹੋਇਆ। ਪ੍ਰਾਇਮਰੀ ਦੀ ਸਿੱਖਿਆ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਭੜੋਲੀ ਕਲਾਂ (ਜੋ ਅੱਜ-ਕੱਲ੍ਹ ਸ਼ਹਿਰ ਪਠਾਨਕੋਟ ਦੇ ਵਾਰਡ ਨੰਬਰ 46 ਵਿੱਚ ਆ ਗਿਆ ਹੈ) ਤੋਂ ਹੀ ਹਾਸਿਲ ਕੀਤੀ।10ਵੀਂ ਸੰਤ ਆਸ਼ਰਮ ਹਾਈ ਸਕੂਲ ਪਠਾਨਕੋਟ ਅਤੇ ਹਾਇਰ ਸੈਕੰਡਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਮੀਣੀ ਪਠਾਨਕੋਟ ਤੋ ਕਰਨ ਉਪਰੰਤ ਸੰਨ 1984 - 1989 ਵਿੱਚ ਫਾਈਨ ਆਰਟ ਕਾਲਜ ਚੰਡੀਗੜ੍ਹ ਤੋਂ ਫ਼ਾਈਨ ਆਰਟ ਵਿੱਚ ਗ੍ਰੈਜੂਏਸ਼ਨ ਦੀ ਵਿੱਦਿਆ ਹਾਸਿਲ ਕੀਤੀ ਅਤੇ ਉਥੇ ਹੀ ਸੈਟ ਹੋ ਗਏ।



ਕਲਾ ਦਾ ਸਹੀ ਮੁਲਾਂਕਣ ਕਾਰਣ ਦੇਸ਼ ਦੀ ਸਾਬਕਾ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਨੇ ਉਨ੍ਹਾਂ ਦਿਨਾਂ "ਚ" ਆਰ ਐਮ ਸਿੰਘ ਦੀਆਂ ਬੇਸ਼ੁਮਾਰ ਤੇ ਸ਼ਾਨਦਾਰ ਸੇਵਾਵਾ ਸਦਕਾ ਬਤੌਰ ਆਰਟਿਸਟ ਦੀ ਚੋਣ ਕੀਤੀ। ਫਿਰ ਉਨ੍ਹਾ ਪਿੱਛੇ ਮੁੜਕੇ ਨਹੀ ਦੇਖਿਆਂ।

ਆਰ ਐਮ ਸਿੰਘ ਦੇ ਬਣਾਏ ਬੇਹੱਦ ਸਲਾਹੁਣਯੋਗ ਚਿੱਤਰ ਉਸ ਵਕਤ "ਸ਼ਬਦ ਪ੍ਰਕਾਸ਼ ਮਿਊਜ਼ੀਅਮ" ਦਾ ਸ਼ਿੰਗਾਰ ਬਣੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 36 ਬਾਣੀਕਾਰਾਂ ਜਿਨ੍ਹਾਂ ਵਿੱਚ 6 ਗੁਰੂ ਸਾਹਿਬਾਨ ਤੋਂ ਇਲਾਵਾ 15 ਭਗਤ, 11ਭੱਟ, ਅਤੇ 4 ਗੁਰੂ ਘਰ ਦੇ ਸਿੱਖ ਸ਼ਰਧਾਲੂਆਂ ਦੇ ਚਿੱਤਰ ਸਮੇਤ 37ਵਾਂ ਚਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਮੌਕੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮੌਜੂਦਗੀ ਵਿੱਚ ਬਾਬਾ ਬੁੱਢਾ ਜੀ ਦੀ ਚਿੱਤਰਕਾਰੀ "ਸ਼ਬਦ ਪ੍ਰਕਾਸ਼ ਮਿਊਜ਼ੀਅਮ" ਪਿੰਡ ਰਕਬਾ ਲੁਧਿਆਣਾ ਵਿਖੇ ਸ਼ਸੋਭਿਤ ਕੀਤੇ ਗਏ।


ਆਪਣੀ ਚਿੱਤਰਕਾਰੀ ਦੇ ਦੌਰ ਵਿੱਚ ਉਨ੍ਹਾਂ ਸਿੱਖ ਜੋਧਿਆਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈਕੇ ਮਹਾਰਾਣਾ ਰਣਜੀਤ ਸਿੰਘ ਤੱਕ ਦੇ ਮਹਾਨ ਯੋਧਿਆਂ ਦੇ ਸ਼ਾਨਦਾਰ ਚਿੱਤਰ ਅਤੇ ਅਣਗਿਣਤ ਕਲਾਕ੍ਰਿਤੀਆਂ ਵੀ ਬਣਾਈਆਂ। ਇਥੇ ਹੀ ਬੱਸ ਨਹੀ ਸੰਨ 2012 ਵਿੱਚ ਪ੍ਰਤਿਭਾ ਦੇਵੀ ਸਿੰਘ ਪਾਟਿਲ, ਸੰਨ 2016 ਵਿੱਚ ਪ੍ਰਣਾਬ ਮੁਖਰਜੀ ਅਤੇ ਸੰਨ 2019 ਵਿੱਚ ਦੇਸ਼ ਦੇ 14ਵੇਂ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੇ ਚਿੱਤਰ ਪਾਰਲੀਮੈਂਟ ਹਾਉਸ ਨਵੀ ਦਿੱਲੀ ਅਤੇ ਉਨ੍ਹਾਂ ਦੀਆਂ ਰਿਹਾਇਸ਼ਾ ਵਿੱਚ ਪ੍ਰਦਰਸ਼ਿਤ ਕੀਤੇ ਗਏ । ਉਨ੍ਹਾਂ ਨੇ ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਅਤੇ ਸ਼ਿਵਰਾਜ ਪਾਟਿਲ ਦੇ ਪੋਰਟਰੇ ਬਣਾਏ ਜੋ ਪਾਰਲੀਮੈਂਟ ਹਾਉਸ ਨਵੀ ਦਿੱਲੀ ਵਿੱਚ ਮੌਜੂਦ ਹਨ। ਸੰਨ 1994 ਵਿੱਚ ਜੰਗੀ ਅਜਾਇਬ ਘਰ ਲੁਧਿਆਣਾ ਵਿੱਚ ਪੰਜਾਬ ਦੇ ਜੰਗੀ ਨਾਇਕਾਂ ਦੀਆਂ ਤਸਵੀਰਾਂ ਦੀ ਚਿੱਤਰਕਾਰੀ ਕਰਕੇ ਨਾਮਣਾ ਖੱਟਿਆ ।

ਸ੍ਰ: ਜੱਸਾ ਸਿੰਘ ਰਾਮਗੜ੍ਹੀਆ, ਸੋਭਾ ਸਿੰਘ ਚਿੱਤਰਕਾਰ, ਚੰਦਰ ਸ਼ੇਖਰ ਆਜ਼ਾਦ, ਜਸਟਿਸ ਰਾਜਨ ਗੁਪਤਾ ਤੋਂ ਇਲਾਵਾ ਪਹਾੜਾਂ, ਦਰਿਆਵਾਂ, ਦੇ ਕੁਦਰਤੀ ਨਜ਼ਾਰਿਆ ਦੀਆਂ ਦਿਲਕਸ਼ ਨਜ਼ਾਰਾ ਪੇਸ਼ ਕਰਦੀਆਂ ਅਨੇਕਾ ਖ਼ੂਬਸੂਰਤ ਤਸਵੀਰਾਂ ਨੂੰ ਆਪਣੀ ਚਿੱਤਰਕਾਰੀ ਰਾਹੀਂ ਨਿਹਰਿਆ ਹੈ। ਅਨੇਕਾਂ ਖਿਡਾਰੀਆਂ ਜਿੰਨ੍ਹਾਂ ਵਿੱਚ ਅਭਿਨਵ ਬਿੰਦਰਾ ਭਾਰਤੀ ਸੂਟਰ ਤੇ ਓਲੰਪਿਕ ਚੈਂਪੀਅਨ ਦਾ ਚਿੱਤਰ ਬਣਾਕੇ ਕਮਾਲ ਕੀਤੀ। ਉਹ ਬੇਹੱਦ ਸਲਾਹੁਣਯੋਗ ਪ੍ਰਾਪਤੀਆਂ ਸਦਕਾ ਵੱਖ-ਵੱਖ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਸੰਸਥਾਵਾ ਤੋਂ ਸਨਮਾਨਿਤ ਹੋ ਚੁੱਕੇ ਹਨ ਅਤੇ ਅਨੇਕਾ ਅਵਾਰਡ ਉਨ੍ਹਾਂ ਦੀ ਝੋਲੀ ਵਿੱਚ ਪੈ ਚੁੱਕੇ ਹਨ।




ਗਿਆਨੀ ਰਾਜਿੰਦਰ ਸਿੰਘ ਰਾਜਨ 91-94174-27656

ਉਨ੍ਹਾਂ ਆਪਣੇ ਬਚਪਨ ਦੀ ਗੱਲ ਦੱਸਦਿਆਂ ਕਿਹਾ ਕਿ ਜਦੋਂ ਉਹ ਪਠਾਨਕੋਟ ਸਕੂਲ ਤੋਂ ਛੁੱਟੀ ਕਰ ਕੇ ਆਪਣੇ ਪਿੰਡ ਭਰੋਲੀ ਕਲਾਂ ਵਿਖੇ ਜਾਂਣ ਲਈ ਰੇਲ ਗੱਡੀ ਵਿੱਚ ਬੈਠਦੇ। ਇਹ ਰੇਲ ਗੱਡੀ ਪਠਾਨਕੋਟ ਤੋਂ ਅਮ੍ਰਿਤਸਰ ਨੂੰ ਜਾਂਦੀ ਸੀ। ਰੇਲ ਗੱਡੀ ਇਥੋਂ ਹੀ ਲੱਗਦੀ ਸੀ ਤੇ ਜਦੋਂ ਰੇਲ ਗੱਡੀ ਲੱਗ ਜਾਦੀ ਸੀ ਤਾਂ ਕਿਸੇ ਨੇ ਇਧਰ ਭੱਜਣਾ ਕਿਸੇ ਨੇ ਉਧਰ ਭੱਜਣਾਂ, ਕਿਸੇ ਨੇ ਤਾਸ ਕਢਣੀ ਤਾਂ ਖੇਡਣੀ ਸ਼ੁਰੂ ਕਰ ਦੇਣੀ ਤੇ ਮੈਂ ਆਪਣੇ ਸ਼ੌਕ ਨੂੰ ਮੁੱਖ ਰੱਖਦਿਆਂ ਹੋਇਆਂ ਬਸਤੇ ਵਿਚੋਂ ਆਪਣਾ ਸਮਾਨ ਕੱਢ ਕੇ ਕਿਸੇ ਨਾ ਕਿਸੇ ਚੀਜ਼ ਦਾ ਸਕੈਚ ਤਿਆਰ ਕਰਨ ਵਿੱਚ ਮਸ਼ਰੂਫ ਹੋ ਜਾਣਾਂ। ਇਕ ਦਿਨ ਰੁਟੀਨ ਅਨੁਸਾਰ ਰੇਲ ਗੱਡੀ ਮੈਂ ਇਕ ਸਕੈਂਚ ਤਿਆਰ ਕਰ ਰਿਹਾ ਸੀ ਤਾਂ ਇੱਕ ਵਿਅਕਤੀ ਮੇਰੇ ਪਾਸ ਆ ਕੇ ਖੜ੍ਹਾ ਹੋ ਗਿਆ ਤੇ ਜਾਪਦਾ ਸੀ ਜਿਵੇਂ ਉਹ ਵੀ ਕਿਸੇ ਕਲਾ ਦਾ ਪੁਜਾਰੀ ਹੋਵੇ। ਉਹ ਮੇਰੇ ਬਣਾਏ ਜਾ ਰਹੇ ਸਕੈਚ ਵੱਲ ਵੇਖ ਕੇ ਬੜਾ ਪ੍ਰਸੰਨ ਹੋਇਆ ਅਤੇ ਪ੍ਰਸੰਸਾ ਕਰਦਾ ਹੋਇਆ ਮੈਨੂੰ ਕਹਿਣ ਲੱਗਾ ਕਿ ਮੇਰਾ ਸਕੈਚ ਬਣਾਏਗਾ। ਮੈਂ ਕਿਹਾ ਹਾਂ ਬਣਾਵਾਂਗਾ, ਤੁਸੀਂ ਮੇਰੇ ਸਾਹਮਣੇ ਬੈਠੋ, ਉਹ ਮੇਰੇ ਸਾਹਮਣੇ ਬੈਠ ਗਿਆ ਅਤੇ ਮੈਂ ਉਸ ਦਾ ਸਕੈਚ ਬਣਾ ਦਿੱਤਾ ਉਹ ਵਿਅਕਤੀ ਬੜਾ ਖੁਸ਼ ਹੋਇਆ ਤੇ ਉਸ ਨੇ ਕਿਹਾ ਕਿ ਸਕੈਚ ਬੜਾ ਖੂਬਸੂਰਤ ਬਣਾਇਆ ਹੈ। ਇਹ ਸਕੈਂਚ ਮੈਂ ਲੈ ਸਕਦਾ ਹਾਂ। ਮੈਂ ਕਿਹਾ ਹਾਂ ਜਰੂਰ, ਮੈਂ ਡਰਾਇੰਗ ਕਾਪੀ ਦਾ ਉਹ ਸਫਾਂ ਫਾੜ ਕੇ ਉਸ ਵਿਅਕਤੀ ਨੂੰ ਦੇ ਦਿੱਤਾ ਉਸ ਵਿਅਕਤੀ ਨੇ ਆਪਣੀ ਜੇਬ ਵਿੱਚੋਂ ਇੱਕ ਰੁਪਈਆ ਕੱਢ ਕੇ ਮੈਨੂੰ ਫੜਾਉਣ ਲੱਗਾ, ਮੈਂ ਪੁੱਛਿਆ ਇਹ ਕਿਸ ਗੱਲ ਦਾ। ਉਸ ਨੇ ਕਿਹਾ ਇਹ ਇਨਾਮ ਹੈ ਤੇ ਜਿਹੜੀ ਡਰਾਇੰਗ ਕਾਪੀ ਫਾੜੀ ਹੈ ਉਹ ਨਵੀਂ ਲੈ ਲਈਂ। ਉਨ੍ਹਾਂ ਦੀ ਮਿਹਨਤ ਅਤੇ ਲਗਨ ਹੀ ਅੱਜ ਉਸ ਨੂੰ ਇਸ ਮੁਕਾਮ ਤੇ ਲੈ ਕੇ ਗਈ ਹੈ ।









ਆਰ ਐਮ ਸਿੰਘ ਦੀਆਂ ਬਚਪਨ ਦੀਆਂ ਪੁਰਾਣੀਆਂ ਯਾਦਾਂ ਉਸ ਸਮੇ ਤਾਜ਼ਾ ਹੋ ਗਈਆਂ ਜਦੋਂ ਉਹ ਪਿੱਛਲੇ ਦਿਨੀਂ ਆਪਣੇ ਯੱਦੀ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਭਰੋਲੀ ਕਲਾਂ ਪਠਾਨਕੋਟ ਵਿਖੇ ਇਕ ਪ੍ਰੋਗਰਾਮ ਵਿਚ ਸ਼ਾਮਲ ਹੋਏ।

ਇਸ ਮੌਕੇ ਮੁੱਖ ਅਧਿਆਪਕ ਜੁਗਲ ਕਿਸ਼ੋਰ ਸੀਨੀਅਰ ਅਧਿਆਪਕ ਪ੍ਰੇਮ ਨਾਥ ਬਿੱਟੂ, ਰਾਕੇਸ਼ ਭਗਤ, ਮੈਡਮ ਪੂਨਮ ਸ਼ਰਮਾ, ਯਸ਼ਪਾਲ, ਵਿਕਾਸ ਧਵਨ, ਪ੍ਰਵੀਨ ਬਾਲਾ, ਦੀਪਕ ਸ਼ਰਮਾ, ਅਲਕਾ ਸੰਭਾਲ, ਹਰਜੀਤ ਕੌਰ, ਗੁਰਪ੍ਰੀਤ ਕੌਰ, ਨਵਜੋਤ ਬਾਲਾ ਆਦਿ ਨੇ ਰਾਹੀਂ ਮਹਿੰਦਰ ਸਿੰਘ ਦੇ ਆਉਣ ਤੇ ਉਹਨਾਂ ਦਾ ਹਾਰਦਿਕ ਸਵਾਗਤ ਕੀਤਾ। ਇਸ ਮੌਕੇ ਉਹਨਾਂ ਬੱਚਿਆਂ ਅਤੇ ਅਧਿਆਪਕਾਂ ਦੀ ਪ੍ਰਸੰਸਾ ਕਰਦਿਆਂ ਬੱਚਿਆਂ ਨੂੰ ਵੱਧ ਤੋਂ ਵੱਧ ਮਿਹਨਤ ਕਰਨ ਲਈ ਪ੍ਰੇਰਿਆ ਅਤੇ ਵਿਦਿਆਰਥੀਆਂ ਵਿੱਚ ਛੁਪੀ ਪ੍ਰਤਿਭਾ ਨੂੰ ਲੋਕਾਂ ਵਿੱਚ ਲੈ ਜਾਂਣ ਦਾ ਸੰਦੇਸ਼ ਦਿੱਤਾ ਅਤੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਬੱਚਿਆਂ ਦੇ ਜਜ਼ਬਾਤ ਸਮਝਦੇ ਹੋਏ ਉਨ੍ਹਾਂ ਨੂੰ ਆਪਣੇ ਕੈਰੀਅਰ ਦੀ ਚੋਣ ਖੁਦ ਕਰਨ ਦਿੱਤੀ ਜਾਵੇ ਤਾਂ ਜੋ ਬੱਚਾ ਆਪਣੇ ਕੈਰੀਅਰ ਵਿਚ ਵੱਡੀਆਂ ਪੁਲਾਂਘਾਂ ਪੁੱਟ ਸਕੇ।

ਅੰਤ ਭਾਰਤੀ ਕਲਾ ਜਗਤ ਨੂੰ ਆਰ ਐਮ ਸਿੰਘ (ਰਾਹੀ ਮਹਿੰਦਰ ਸਿੰਘ) ਵਰਗੇ ਕਲਾਕਾਰ, ਚਿੱਤਰਕਾਰ ਤੋਂ ਬਹੁਤ ਹੀ ਆਸਾਂ ਹਨ।

## ਮਿੰਨੀ ਕਹਾਣੀ

# 'ਕੋਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ'-- !

ਇਕ ਮਾਲੀ ਜਦੋਂ ਬੜੀ ਮਿਹਨਤ ਤੇ ਲਗਨ ਨਾਲ ਧਰਤੀ ਵਿੱਚ ਬੀਜਾਂ ਨੂੰ ਬੀਜਦਾ ਹੈ ਤਾਂ ਉਸ ਦੇ ਬੀਜ ਨੂੰ ਫੁੱਟਣ ਲਈ ਕਿੰਨੀ ਸਾਭ-ਸੰਭਾਲ ਕਰਦਾ ਹੈ। ਉਸ ਪਨੀਰੀ ਨੂੰ ਸਮੇਂ ਸਿਰ ਪਾਣੀ, ਖਾਦ ਵਗੈਰਾ ਦੇ ਕੇ ਧਰਤੀ ਤੋਂ ਬਾਹਰ ਲਿਆਉਣ ਦੀ ਨਿਰੰਤਰ ਪ੍ਰਕਿਰਿਆ ਜਾਰੀ ਰੱਖਕੇ ਮੁੜ ਉਸ ਪਨੀਰੀ ਨੂੰ ਇਕ ਦੁਜੇ ਦਾ ਨਿਰਧਾਰਤ ਫ਼ਾਸਲਾ ਰੱਖ ਕੇ ਧਰਤੀ ਵਿੱਚ ਬੀਜਣਾ ਤੇ ਫਿਰ ਉਸ ਨੂੰ ਸਮੇਂ-ਸਮੇਂ ਪਾਣੀ, ਖਾਦ, ਕੀਟਨਾਸ਼ਕ ਦਾ ਛਿੜਕਾਅ ਕਰਨਾ,ਸਮੇਂ ਸਮੇਂ ਇਨ੍ਹਾਂ ਪੌਦਿਆਂ ਨੇੜਿਓ ਘਾਹ-ਬੂਟੀ ਪੁੱਟਣਾ ਤਾਂ ਕਿ ਪੌਦਿਆਂ ਨੂੰ ਸਹੀ ਖੁਰਾਕ ਮਿਲਦੀ ਰਹੇ ਅਤੇ ਪੌਦਾ ਆਪਣੇ ਸਮੇਂ ਅਨੁਸਾਰ ਫੁੱਲ-ਫੱਲ ਦੇ ਸੱਕਣ। ਭਾਵੇ ਮਾਲੀ ਵੱਲੋਂ ਤਿਆਰ ਕੀਤੇ ਪੌਦਿਆਂ ਦੇ ਫ਼ਲਾਂ ਦਾ ਨਜ਼ਾਰਾ ਕਿੰਨੇ ਲੋਕਾਂ ਨੂੰ ਹੁੰਦਾ ਹੈ। ਪ੍ਰੰਤੂ ਉਹ ਫ਼ਲਦਾਰ ਪੌਦਿਆਂ ਵੱਲ ਵੇਖ ਕਿ ਇਨ੍ਹਾਂ ਬਾਗੋ-ਬਹਾਰ ਹੰਦਾ ਹੈ, ਜਿਸ ਦਾ ਅਹਿਸਾਸ ਕੇਵਲ ਮਾਲੀ ਨੂੰ ਹੀ ਹੁੰਦਾ ਹੈ। ਠੀਕ ਇਸੇ ਤਰ੍ਹਾਂ ਜਿਵੇਂ ਇਕ ਕਿਸਾਨ ਵੀਰ ਵੀ ਆਪਣੀ ਫ਼ਸਲ ਨੂੰ ਪੁੱਤਰਾ ਵਾਂਗ ਪਾਲਦੇ ਹਨ ਅਤੇ ਲੋਕਾ ਤੱਕ ਪਹੁੰਚਾ ਕੇ ਅੰਨ ਦਾਤਾ ਕਹਾਉਣ ਦੇ ਹੱਕਦਾਰ ਅਖਵਾਉਂਦੇ ਹਨ।

ਠੀਕ ਇਸੇ ਤਰ੍ਹਾਂ ਜਿੰਦਗੀ ਦੇ ਦੂਸਰੇ ਪਹਿਲੂ ਅਨੁਸਾਰ ਜੇਕਰ ਮਨੁੱਖ ਦੀ ਗੱਲ ਕਰੀਏ ਤਾਂ ਕੁੱਝ ਲੋਕਾਂ ਦਾ ਤਾਂ ਆਵਾ ਹੀ ਊਤ ਗਿਆ ਹੈ ਕਿਉਂਕਿ ਇਨਸਾਨ ਵੀ ਕਿੰਨੀਆਂ ਖੁਸ਼ੀਆਂ ਨਾਲ ਆਪਣੀ ਔਲਾਦ ਦਾ ਪਾਲਣ ਪੋਸ਼ਣ ਕਰਦੇ ਹਨ, ਪੜਾਉਂਦੇ ਲਿਖਾਉਂਦੇ ਹਨ, ਕਿਸੇ ਰੁਤੱਬੇ ਤੇ ਪਹੁੰਚਾਉਣ ਲਈ ਹਰ ਹੀਲਾ-ਵਸੀਲਾ ਕਰਦੇ ਹਨ, ਵਿਆਹ ਕਰਦੇ ਹਨ, ਫਿਰ ਬੱਚਿਆਂ ਦੇ ਬੱਚੇ ਹੋ ਜਾਂਦੇ ਹਨ ਤੇ ਫੇਰ ਬੰਦਾ ਇਹ ਕਹਿਣੋਂ ਨਹੀ ਥੱਕਦਾ ਕਿ 'ਮੂਲ ਨਾਲੋ ਵਿਆਜ ਪਿਆਰਾ' ਪ੍ਰੰਤੂ ਕੁਝ ਵਿਆਜ ਦਾ ਤਾਂ ਇਹ ਹਾਲ ਹੈ ਕਿ ਉਹ ਕਦੇ ਸ਼ਰਾਬੀ ਹਾਲਤ ਵਿੱਚ ਮਾਂ ਦਾ ਗਲਾਂ ਘੁੱਟ ਕੇ ਮੌਤ ਦੇ ਘਾਟ ਉਤਾਰ ਰਿਹਾ ਹੈ ਤੇ ਕਦੇ ਪਿਉ ਉਪਰ ਤੇਜ਼ ਹਥਿਆਰ ਨਾਲ ਹਮਲਾ ਕਰਕੇ ਉਸ ਨੂੰ ਸਦਾ ਦੀ ਨੀਂਦ ਸਵਾ ਰਿਹਾ ਹੈ ਤੇ ਸਮਾਜ ਵਿੱਚ ਕਲਯੁੱਗੀ ਪੁੱਤਰ ਦੀ ਜਗ੍ਹਾਂ ਲੈ ਰਿਹਾ ਹੈ ਜੋ ਗੱਲ ਨਿਤ ਦਿਨ ਅਖ਼ਬਾਰਾ ਦੀਆਂ ਸੁਰਖੀਆਂ ਵਿੱਚ ਆਮ ਪੜਣ-ਵੇਖਣ ਨੂੰ ਮਿਲਦੀ ਹੈ। ਜੇਕਰ ਵਿਆਜ ਵੱਲ ਝਾਤ ਮਾਰੀਏ ਤਾਂ ਉਹ ਤਾਂ ਉਕਾ ਹੀ ਧਿਆਨ ਨਹੀ ਦੇ ਰਿਹਾ, ਉਸ ਦਾ ਤਾਂ ਇਹ ਹਾਲ ਹੋ ਗਿਆ ਹੈ ਕਿ 'ਕੋਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ' -- !

**ਗਿਆਨੀ ਰਾਜਿੰਦਰ ਸਿੰਘ ਰਾਜਨ**

# ਰੂਸ ਯੂਕਰੇਨ ਜੰਗ ਤੇ ਇਸ ਦੇ ਨਿਕਲਣ ਵਾਲੇ ਸਿੱਟੇ

ਗੁਰਬਚਨ ਸਿੰਘ
98156-98451

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਹੈ ਕਿ ਸੰਸਾਰ ਦੇ ਇਤਿਹਾਸ ਵਿਚ ਇਕ ਨਵੇਂ ਯੁਗ ਦੀ ਆਮਦ ਹੋ ਰਹੀ ਹੈ। ਇਸ ਬਦਲੇ ਹੋਏ ਵਾਤਾਵਰਣ ਵਿਚ ਸਿਰਫ ਸਚੀ ਮੁਚੀ ਦੇ ਅਜ਼ਾਦ ਰਾਜ ਹੀ ਸਫਲ ਹੋ ਸਕਣਗੇ। ਪੂਤਿਨ ਨੇ ਦਾਅਵਾ ਕੀਤਾ ਹੈ ਕਿ ਆ ਰਹੀਆ ਬੜੀਆਂ ਵਡੀਆਂ ਤੇ ਸਚੀ ਮੁਚੀ ਦੀਆਂ ਇਨਕਲਾਬੀ ਤਬਦੀਲੀਆਂ ਇਕ ਨਵੇਂ ਸਾਂਝੀਵਾਲਤਾ, ਇਨਸਾਫ ਆਧਾਰਿਤ ਤੇ ਵਧੇਰੇ ਭਾਈਚਾਰਕ ਕੇਂਦਰਿਤ ਸੁਰਖਿਅਤ ਸੰਸਾਰ ਪ੍ਰਬੰਧ ਨੂੰ ਜਨਮ ਦੇਣਗੀਆਂ। ਇਸ ਯੁਗ ਵਿਚ ਸਿਰਫ਼ ਸਚੀ ਮੁਚੀ ਦੇ ਅਜ਼ਾਦ ਰਾਜ ਹੀ ਉਚੀ ਵਿਕਾਸ ਦਰ ਨੂੰ ਯਕੀਨੀ ਬਣਾ ਸਕਣਗੇ। ਅਜ਼ਾਦ ਰਾਜ ਤੋਂ ਉਸ ਦਾ ਮਤਲਬ ਕੌਮੀ ਵਿਕਾਸ ਦੀ ਅਜ਼ਾਦੀ ਅਤੇ ਇਸ ਤਰ੍ਹਾਂ ਹਰੇਕ ਵਿਅਕਤੀ ਦੀ ਨਿਜੀ ਅਜ਼ਾਦੀ ਦੇ ਨਾਲ ਨਾਲ ਰਾਜ ਦੀ ਤਕਨੀਕੀ, ਸਭਿਆਚਾਰਕ, ਬੌਧਿਕ, ਵਿਦਿਅਕ ਵਿਕਾਸ ਕਰਨ ਦੀ ਯੋਗਤਾ ਤੇ ''ਇਕ ਜ਼ਿੰਮੇਵਾਰ, ਸਰਗਰਮ, ਕੌਮ ਪਖੀ, ਕੌਮ ਕੇਂਦਰਿਤ ਸ਼ਹਿਰੀ ਸਮਾਜ'' ਦੀ ਹੋਂਦ ਹੈ।

ਪੂਤਿਨ ਦਾ ਕਹਿਣਾ ਹੈ ਕਿ ਅਜਿਹਾ ਰਾਜ ਲੋਕਾਂ ਦੀ ਜ਼ਿੰਦਗੀ ਦੇ ਉਚੇ ਮਿਆਰ, ਚੰਗੇ ਜੀਵਨ ਪਧਰ, ਰਵਾਇਤੀ ਕਦਰਾਂ ਕੀਮਤਾਂ ਦੀ ਰਾਖੀ ਤੇ ਉਚੇ ਮਨੁਖੀ ਆਦਰਸ਼ਾਂ ਵਾਸਤੇ ਦੂਜਿਆਂ ਰਾਜਾਂ ਲਈ ਇਕ ਮਿਸਾਲ ਬਣੇਗਾ। ਅਜਿਹਾ ਰਾਜ, ਮੌਜੂਦਾ ਪਛਮ ਭਾਰੂ ਇਕ ਧਰੁਵੀ ਸੰਸਾਰ ਪ੍ਰਬੰਧ, ਜਿਹੜਾ ਸਾਡੀ ਸਭਿਅਤਾ ਦੇ ਵਿਕਾਸ ਵਿਚ ਸਭ ਤੋਂ ਵਡੀ ਰੁਕਾਵਟ ਬਣ ਗਿਆ ਹੈ, ਦੇ ਬਿਲਕੁਲ ਉਲਟ ਹੋਵੇਗਾ। ਪੂਤਿਨ ਨੇ ਪੱਛਮ ਉਤੇ ਨਸਲਵਾਦ ਅਤੇ ਨਵਬਸਤੀਵਾਦ ਦੇ ਦੋਸ਼ ਲਾਉਦਿਆਂ ਕਿਹਾ ਹੈ ਕਿ ਇਸ ਦੀ ਵਿਚਾਰਧਾਰਾ ਪੂਰਨ ਰੂਪ ਵਿਚ ਤਾਨਾਸ਼ਾਹੀ ਬਣ ਚੁਕੀ ਹੈ। ਪੂਤਿਨ ਨੇ ਕਿਹਾ ਹੈ ਕਿ ਪਛਮੀ ਉਚ ਵਰਗ ਦੇ ਮੌਜੂਦਾ ਸੰਸਾਰ ਪ੍ਰਬੰਧ ਨੂੰ ਬਚਾਉਣ ਦੇ ਸਾਰੇ ਯਤਨਾਂ ਦੇ ਬਾਵਜੂਦ ਇਹ ਤਬਦੀਲੀਆਂ ਅਟਲ ਹਨ।

ਵਲਾਦੀਮੀਰ ਪੂਤਿਨ ਬੜੇ ਚਿਰ ਤੋਂ ਅਮਰੀਕਾ ਦੀ ਅਗਵਾਈ ਹੇਠਲੇ ਇਕ ਧਰੁਵੀ ਪਛਮੀ ਸੰਸਾਰ ਪ੍ਰਬੰਧ ਦਾ ਵਿਰੋਧ ਕਰਦਾ ਆ ਰਿਹਾ ਹੈ। 24 ਫਰਵਰੀ ਨੂੰ ਯੂਕਰੇਨ ਉਤੇ ਹਮਲਾ ਕਰਨ ਵੇਲੇ ਵੀ ਰੂਸ ਦੇ ਬਿਦੇਸ ਮੰਤਰੀ ਸਰਗਈ ਲਾਵਰੋਵ ਨੇ ਅਮਰੀਕੀ ਸੰਸਾਰ ਚੌਧਰ ਦੇ ਖਾਤਮੇ ਦਾ ਐਲਾਨ ਕੀਤਾ ਸੀ। ਦੋਵੇਂ ਇਹ ਵਾਰ ਵਾਰ ਐਲਾਨ ਕਰ ਰਹੇ ਹਨ ਕਿ ਯੂਕਰੇਨ ਜੰਗ ਦੇ ਫੈਸਲੇ ਤੋਂ ਬਾਅਦ ਸੰਸਾਰ ਬਹੁਧਰੁਵੀ ਬਣ ਜਾਏਗਾ।

ਬੇਸ਼ਕ ਸੋਚਣ ਦਾ ਨੁਕਤਾ ਇਹ ਹੈ ਕਿ ਪੂਤਿਨ ਹੁਰੀਂ ਕਿਹੜੀ ਵਿਚਾਰਧਾਰਾ ਦੇ ਨਾਲ ਨਵੇਂ ਸੰਸਾਰ ਪ੍ਰਬੰਧ ਨੂੰ ਸਿਰਜਣ ਦੇ ਸੁਪਨੇ ਲੈ ਰਹੇ ਹਨ ਅਤੇ ਕੀ ਇਹ ਵਿਚਾਰਧਾਰਾ ਉਹਨਾਂ ਦੇ ਕਿਆਸੇ ਸੰਸਾਰ ਪ੍ਰਬੰਧ ਨੂੰ ਯਕੀਨੀ ਬਣਾ ਸਕਦੀ ਹੈ? ਯੂਰਪ ਅੰਦਰ ਪੈਰਿਸ ਕਮਿਊਨ ਦੇ ਇਨਕਲਾਬੀਆਂ ਨੇ ਪਹਿਲੀ ਵਾਰ 1871 ਵਿਚ ਸਭ ਤੋਂ ਉਚੇ ਮਨੁਖੀ ਆਦਰਸ਼ਾਂ ਨੂੰ ਸਪਸ਼ਟ ਕਰਦਿਆਂ ਆਜਾਦੀ, ਬਰਾਬਰੀ, ਭਾਈਚਾਰੇ ਅਤੇ ਸਾਂਝੀਵਾਲਤਾ ਦਾ ਨਾਹਰਾ ਲਾਇਆ ਸੀ। ਇਸੇ ਨਾਹਰੇ ਨੂੰ ਅਗੇ ਤੋਰਦੇ ਹੋਏ ਕਾਰਲ ਮਾਰਕਸ ਦੀ ਸਿਧਾਂਤਕ ਅਗਵਾਈ ਹੇਠ ਉਸ ਵੇਲੇ ਦੇ ਕਮਿਊਨਿਸਟਾਂ ਨੇ ਸਮਾਜਵਾਦੀ ਸਮਾਜਾਂ ਦੀ ਸਿਰਜਣਾ ਲਈ ਆਲਮੀ ਕਮਿਊਨਿਸਟ ਲਹਿਰ ਜਥੇਬੰਦ ਕੀਤੀ। ਮਾਰਕਸ-ਏਂਗਲਜ ਨੇ ਆਪਣੇ ਵੇਲੇ ਦੇ ਪੂੰਜੀ ਆਧਾਰਿਤ ਪੂੰਜੀਵਾਦੀ ਆਰਥਿਕ-ਰਾਜਸੀ-ਸਮਾਜੀ ਪ੍ਰਬੰਧ ਦੇ ਲਛਣ ਸਪਸ਼ਟ ਕਰਦਿਆਂ ਇਹ ਜਾਣਕਾਰੀ ਦਿਤੀ ਕਿ ਇਹ ਪ੍ਰਬੰਧ ਆਪਣੇ ਵਜੂਦ ਸਮੋਏ ਟਕਰਾਵਾਂ ਤੇ ਕਮੀਨਗੀਆਂ ਕਾਰਨ ਕਦੇ ਵੀ ਉਕਤ ਉਚੇ ਆਦਰਸ਼ਾਂ ਨੂੰ ਪ੍ਰਣਾਇਆ ਨਰੋਆ ਮਨੁਖੀ ਭਾਈਚਾਰਾ ਨਹੀਂ ਸਿਰਜ ਸਕਦਾ।

ਇਸੇ ਕਾਰਨ ਉਹਨਾਂ ਨੇ ਕਿਰਤੀ ਜਮਾਤ ਨੂੰ ਆਲਮੀ ਪਧਰ ਉਤੇ ਇਕ-ਦੂਜੇ ਦਾ ਸਾਥ ਦੇਂਦਿਆ ਇਕ ਸਾਂਝੀ ਕਾਰਵਾਈ ਰਾਹੀਂ ਮੌਜੂਦਾ ਪੂੰਜੀਵਾਦੀ ਰਾਜਪ੍ਰਬੰਧ ਨੂੰ ਉਲਟਾ ਕੇ ਸਾਰੇ ਦੇਸਾਂ ਅੰਦਰ ਸਮਾਜਵਾਦੀ ਸਮਾਜਾਂ ਦੀ ਸਿਰਜਣਾ ਦਾ ਸੱਦਾ ਦਿਤਾ ਸੀ।

ਇਸੇ ਸੱਦੇ ਨੂੰ ਪ੍ਰਵਾਨ ਕਰਦਿਆਂ ਪਹਿਲੀ ਸੰਸਾਰ ਸਾਮਰਾਜੀ ਜੰਗ ਦੌਰਾਨ ਵਲਾਦੀਮੀਰ ਲੈਨਿਨ ਦੀ ਅਗਵਾਈ ਹੇਠ ਕਮਿਊਨਿਸਟਾਂ ਨੇ ਰੂਸ ਅੰਦਰ ਇਨਕਲਾਬ ਕੀਤਾ ਅਤੇ ਸੋਵੀਅਤ ਯੂਨੀਅਨ ਦੀ ਸਥਾਪਨਾ ਕੀਤੀ। ਪਰ ਸੋਵੀਅਤ ਯੂਨੀਅਨ ਦੇ ਕਮਿਊਨਿਸਟ ਆਗੂਆਂ ਨੇ ਸਮਾਜਵਾਦੀ ਸਮਾਜ ਦੀ ਸਿਰਜਣਾ ਕਰਦਿਆਂ ਤਿੰਨ ਬੜੀਆਂ ਵਡੀਆਂ ਗਲਤੀਆਂ ਕੀਤੀਆਂ। ਪਹਿਲੀ ਵਡੀ ਗਲਤੀ ਉਹਨਾਂ ਧਰਮਾਂ ਨੂੰ ਨਕਾਰ ਕੇ ਕੀਤੀ ਤੇ ਧਕੇ ਨਾਲ ਲੋਕਾਂ ਨੂੰ ਨਾਸਤਿਕ ਜਾਂ ਅਧਰਮੀ ਬਣਨ ਲਈ ਮਜਬੂਰ ਕੀਤਾ ਤੇ ਇਉਐ ਮਨੁਖ ਨੂੰ ਸਦਾਚਾਰ ਵਿਹੂਣਾ ਕੀਤਾ। ਦੂਜੀ ਗਲਤੀ ਉਹਨਾਂ ਨੇ ਅਡ ਅਡ ਕੋਮੀਅਤਾਂ ਦੇ ਸਭਿਆਚਾਰਾਂ ਤੇ ਭਾਸ਼ਾਵਾਂ ਨੂੰ ਵਿਕਸਿਤ ਕਰਨ ਤੇ ਹੋਰ ਅਮੀਰ ਬਣਾਉਣ ਤੋਂ ਅਗੇ ਵਧ ਕੇ ਉਹਨਾਂ ਨੂੰ ਅਡ ਅਡ ਕੌਮੀ ਰਾਜ (ਸਟੇਟ) ਜਥੇਬੰਦ ਕਰ ਕੇ ਦੇਣ ਦਾ ਲਾਰਾ ਲਾਇਆ। ਉਹਨਾਂ ਦੀ ਤੀਜੀ ਗਲਤੀ ਸਾਰੇ ਲੋਕਾਂ ਦੀਆਂ ਬੁਨਿਆਦੀ ਕੁਦਰਤੀ ਲੋੜਾਂ ਦੀ ਪੂਰਤੀ ਦੇ ਯਤਨ ਕਰਨ ਦੀ ਥਾਂ ਉਹਨਾਂ ਨੂੰ ਸਾਮਰਾਜੀ ਦੇਸਾਂ ਦੇ ਲੋਕਾਂ ਤੋਂ ਵਧ ਸਹੂਲਤਾਂ ਦੇਣ ਦਾ ਨਾ ਸਿਰਫ ਵਾਅਦਾ ਕਰਨਾ ਬਲਕਿ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਇਸ ਵਾਸਤੇ ਜੁਟਾ



ਦੇਣੀਆ ਸੀ।

ਇਹਨਾਂ ਤਿੰਨਾਂ ਹੀ ਗਲਤੀਆਂ ਦਾ ਮੂਲ ਕਾਰਨ ਸਮਾਜਵਾਦੀ ਸਮਾਜ ਦੀ ਸਿਰਜਣਾ ਕਰਦਿਆਂ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਨੂੰ ਅਣਗੌਲਿਆ ਕਰਨਾ ਸੀ। ਇਉਂ ਕਰਨ ਨਾਲ ਮਨੁਖ ਦਾ ਕੁਦਰਤ ਨਾਲ ਅਟੁਟ ਰਿਸ਼ਤਾ ਹੀ ਸਪਸ਼ਟ ਨਾ ਹੋ ਸਕਿਆ। ਦਰਅਸਲ ਇਸ ਫਿਲਾਸਫੀ ਨੇ ਹੀ ਨਵੇਂ ਕਮਿਊਨਿਸਟ ਮਨੁਖ ਦੀ ਸਿਰਜਣਾ ਕਰਨੀ ਸੀ, ਜਿਸ ਨੇ ਮਨੁਖ ਨੂੰ ਆਪਣੀ ਅਸਲੀ ਕੁਦਰਤੀ ਹੋਂਦ ਤੋਂ ਜਾਣੂ ਕਰਵਾਉਣਾ ਸੀ ਤੇ ਉਸ ਨੂੰ ਆਪਣੇ ਆਪ ਨੂੰ ਕੁਦਰਤੀ ਨੇਮਾਂ ਅਨੁਸਾਰ ਢਾਲਦਿਆ ਹੋਇਆਂ ਆਪਣੇ ਆਲੇਦੁਆਲੇ ਦੇ ਮਨੁਖੀ ਸਮਾਜ ਨੂੰ ਬਦਲਣ ਲਈ ਪ੍ਰੇਰਨਾ ਦਾ ਸ੍ਰੋਤ ਬਣਨਾ ਸੀ। ਪਰ ਇਹ ਪ੍ਰਚਾਰ ਕਰਨ ਦੇ ਬਾਵਜੂਦ ਕਿ ਇਨਕਲਾਬੀ ਸਿਧਾਂਤ ਤੋਂ ਬਿਨਾਂ ਇਨਕਲਾਬ ਨਹੀਂ ਹੋ ਸਕਦਾ, ਮਾਰਕਸ ਦੀ ਵਿਕਸਿਤ ਕੀਤੀ ਗਈ ਭੌਤਿਕਵਾਦੀ ਫਿਲਾਸਫੀ ਨੂੰ ਅਣਗੌਲਿਆ ਕਰ ਦਿਤਾ ਗਿਆ। ਲੈਨਿਨ ਦੀ ਇਸ ਵਿਰਾਸਤ ਨੂੰ ਮੂਲ ਰੂਪ ਵਿਚ ਅਗੇ ਤੋਰਦਿਆ ਹੋਇਆਂ ਚੀਨ ਤੇ ਜਿਨ੍ਹਾਂ ਬਾਕੀ ਦੇਸਾਂ ਵਿਚ ਸਮਾਜਵਾਦੀ ਇਨਕਲਾਬ ਹੋਏ, ਉਹਨਾਂ ਸਾਰਿਆਂ ਦਾ ਹਸ਼ਰ ਵੀ ਲਗਪਗ ਇਹੀ ਹੋਇਆ।

ਪੂਤਿਨ ਨੇ ਠੀਕ ਕਿਹਾ ਹੈ ਕਿ ਰੂਸ ਲੈਨਿਨ ਦੀਆਂ ਇਹਨਾਂ ਗਲਤੀਆਂ ਦਾ ਖਮਿਆਜਾ ਹੀ ਹੁਣ ਯੂਕਰੇਨ ਰਾਹੀਂ ਅਮਰੀਕਾ ਦੀ ਅਗਵਾਈ ਹੇਠਲੇ ਨਾਟੋ ਦੇਸਾਂ ਨਾਲ ਜੰਗ ਦੇ ਰੂਪ ਵਿਚ ਭੁਗਤ ਰਿਹਾ ਹੈ। ਪਰ ਸਮਸਿਆ ਇਹ ਹੈ ਕਿ ਵਲਾਦੀਮੀਰ ਪੂਤਿਨ ਲੈਨਿਨ ਦੀਆਂ ਇਹਨਾਂ ਸਿਧਾਂਤਕ ਗਲਤੀਆਂ ਨੂੰ ਦਰੁਸਤ ਕਰਨ ਦੀ ਬਜਾਇ ਇਕ ਵਾਰ ਫਿਰ ਸਿਧਾਂਤਹੀਣ ਦਿਸ਼ਾ ਵਲ ਅਗੇ ਵਧ ਰਿਹਾ ਹੈ। ਚਾਹੀਦਾ ਤਾਂ ਇਹ ਸੀ ਕਿ ਪੂਤਿਨ ਲੈਨਿਨ ਦੀਆਂ ਗਲਤੀਆਂ ਤੋਂ ਠੀਕ ਸਬਕ ਸਿਖ ਕੇ ਸਹੀ ਦਿਸ਼ਾ ਵਲ ਅਗੇ ਵਧਦਾ ਤੇ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਨੂੰ ਬੁਲੰਦ ਕਰਦਿਆਂ ਰੂਸ ਨੂੰ ਕੁਦਰਤ ਮੁਖੀ ਵਿਕਾਸ ਵਲ ਅਗੇ ਤੋਰਦਾ, ਜਿਹੜਾਂ ਵਿਕਾਸ ਮਨੁਖ ਦੀਆਂ ਕੁਦਰਤੀ ਮਨੁਖੀ ਲੋੜਾਂ ਦੀ ਪੂਰਤੀ ਨੂੰ ਯਕੀਨੀ ਬਣਾਉਂਦਾ।

ਇਉਂ ਕਰਨ ਨਾਲ ਇਕ ਤੇ ਮਨੁਖ ਜਾਤੀ ਨੂੰ ਦਰਪੇਸ਼ ਸਭ ਤੋਂ ਵਡੀ ਸਮਸਿਆ ਵਾਤਾਵਰਣ ਦੀ ਤਬਾਹੀ ਨੂੰ ਠਲ ਪੈਂਦੀ, ਦੂਜਾ ਮਨੁਖ ਆਪਣੀਆ ਜੜ੍ਹਾਂ ਨਾਲ ਜੁੜ ਕੇ ਆਪਣਾ ਆਤਮਿਕ ਵਿਕਾਸ ਕਰਦਾ। ਪਰਿਵਾਰਕ ਤੇ ਸਮਾਜੀ ਰਿਸ਼ਤੇ ਵਿਕਸਿਤ ਹੁੰਦੇ ਅਤੇ ਸਾਂਝੇ ਪਰਿਵਾਰਾਂ ਵਲੋਂ ਬਚਿਆ ਨੂੰ ਪਾਲਣ ਤੇ ਬਜੁਰਗਾਂ ਨੂੰ ਸੰਭਾਲਣ ਨਾਲ ਪਛਮੀ ਸਾਮਰਾਜੀ ਖਪਤਕਾਰੀ ਸਭਿਆਚਾਰ ਦੇ ਪੈਦਾ ਕੀਤੇ ਦੋ ਵਡੇ ਮਸਲੇ ਸੁਲਝ ਜਾਂਦੇ।

ਮਾਰਕਸ ਦਾ ਆਪਣਾ ਕਥਨ ਹੈ, ''ਕੁਦਰਤ ਮਨੁਖ ਦਾ ਸਰੀਰ ਹੀ ਨਹੀਂ ਸਗੋਂ ਮਨੁਖ ਕੁਦਰਤ ਉਤੇ ਜਿਉਂਦਾ ਹੈ। ਕੁਦਰਤ ਉਸ ਦੇ ਸਰੀਰ ਦੇ ਅੰਦਰ ਹੈ। ਆਪਣੇ ਜਿਉਂਦੇ ਰਹਿਣ ਲਈ ਮਨੁਖ ਲਗਾਤਾਰ ਕੁਦਰਤ ਉਤੇ ਨਿਰਭਰ ਕਰਦਾ ਹੈ। ਮਨੁਖ ਦੀ ਸਰੀਰਕ ਤੇ ਆਤਮਿਕ ਜ਼ਿੰਦਗੀ ਦਾ ਕੁਦਰਤ ਨਾਲ ਸਿਧਾ ਰਿਸ਼ਤਾ ਹੈ। ਕਿਉਂਕਿ ਮਨੁਖ ਵੀ ਕੁਦਰਤ ਦਾ ਹੀ ਇਕ ਅਟੁਟ ਅੰਗ ਹੈ।'' ''ਕੁਦਰਤ ਉਤੇ ਮਨੁਖੀ ਜਿਤਾਂ ਦੀਆਂ ਗਿਣਤੀਆਂ-ਮਿਣਤੀਆਂ ਨਾਲ ਸਾਨੂੰ ਜ਼ਿਆਦਾ ਖੁਸ਼ਫਹਿਮੀ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਅਜਿਹੀ ਹਰ ਜਿਤ ਦਾ ਕੁਦਰਤ ਸਾਡੇ ਕੋਲੋਂ ਬਦਲਾ ਲੈਂਦੀ ਹੈ। ਇਹ ਸਚ ਹੈ ਕਿ ਅਜਿਹੀ ਹਰੇਕ ਜਿਤ ਦੇ ਨਿਕਲੇ ਪਹਿਲੇ ਸਿਟੇ ਸਾਡੀ ਆਸ ਮੁਤਾਬਿਕ ਹੁੰਦੇ ਹਨ, ਪਰ ਦੂਜੀ ਤੇ ਤੀਜੀ ਥਾਂ ਬਿਲਕੁਲ ਵਖਰੇ ਤੇ ਅਣਕਿਆਸੇ ਸਿਟੇ ਨਿਕਲਦੇ ਹਨ, ਜਿਹੜੇ ਅਕਸਰ ਪਹਿਲੇ ਨਿਕਲੇ ਸਿਟਿਆਂ ਨੂੰ ਨਕਾਰ ਦੇਂਦੇ ਹਨ।''।।। ''ਅਜਿਹੀ ਹਰੇਕ ਜਿਤ ਦਾ ਕੁਦਰਤ ਸਾਡੇ ਕੋਲੋਂ ਬਦਲਾ ਲੈਂਦੀ ਹੈ।''

''ਹਰ ਕਦਮ ਉਤੇ ਸਾਨੂੰ ਚੇਤੇ ਕਰਵਾਇਆ ਜਾਂਦਾ ਹੈ ਕਿ ਅਸੀਂ ਕਿਸੇ ਵੀ ਤਰ੍ਹਾਂ ਕੁਦਰਤ ਤੋਂ ਬਾਹਰ ਖੜੇ ਕਿਸੇ ਅਜ਼ਨਬੀ ਵਾਂਗ ਕੁਦਰਤ ਉਤੇ ਰਾਜ ਨਹੀਂ ਕਰ ਸਕਦੇ। ਅਸੀਂ ਵੀ ਖੂਨ ਮਾਸ ਤੇ ਦਿਮਾਗ ਸਮੇਤ, ਕੁਦਰਤ ਦਾ ਹੀ ਇਕ ਅਟੁਟ ਅੰਗ ਹਾਂ ਅਤੇ ਉਸ ਦੇ ਅੰਦਰ ਹੀ ਆਪਣੀ ਹੋਂਦ ਰਖਦੇ ਹਾਂ। ਸਾਡੀ ਸਾਰੀ ਮੁਹਾਰਿਤ ਸਿਰਫ ਇਸ ਹਕੀਕਤ ਵਿਚ ਮੌਜੂਦ ਹੈ ਕਿ ਸਾਡੇ ਕੋਲ ਬਾਕੀ ਸਾਰੇ ਜੀਵਾਂ ਨਾਲੋਂ ਇਕ ਵਾਧੂ ਗੁਣ ਹੈ ਕਿ ਅਸੀਂ ਕੁਦਰਤ ਦੇ ਨੇਮਾਂ ਨੂੰ ਜਾਣਨ ਤੇ ਉਹਨਾਂ ਨੂੰ ਠੀਕ ਤਰ੍ਹਾਂ ਲਾਗੂ ਕਰਨ ਦੇ ਯੋਗ ਹਾਂ।'' ''ਮੇਰੇ ਲਈ ਦਵੰਦਵਾਦੀ ਨੇਮਾਂ ਨੂੰ ਕੁਦਰਤ ਉਤੇ ਠੋਸਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਸਗੋਂ ਇਹਨਾਂ ਨੇਮਾਂ ਨੂੰ ਕੁਦਰਤ ਵਿਚੋਂ ਲਭਣਾ ਤੇ ਵਿਕਸਿਤ ਕਰਨਾ ਹੀ ਮੇਰਾ ਮੰਤਵ ਹੈ।''

ਇਹੀ ਮਨੁਖ ਦੀ ਸੀਮਾ ਹੈ ਅਤੇ ਇਹੀ ਮਨੁਖ ਦੀ ਆਜ਼ਾਦੀ ਹੈ। ਕੁਦਰਤੀ ਨੇਮਾਂ ਦੇ ਅਧੀਨ ਰਹਿਣਾ ਮਨੁਖ ਦੀ ਸੀਮਾ ਹੈ ਅਤੇ ਇਹਨਾਂ ਨੇਮਾਂ ਨੂੰ ਠੀਕ ਤਰ੍ਹਾਂ ਬੁਝ ਕੇ ਖੁਦ ਮਨੁਖ ਤੇ ਮਨੁਖ ਜਾਤੀ ਦੇ ਭਲੇ ਵਾਸਤੇ ਵਰਤਣਾ ਇਹ ਮਨੁਖ ਦੀ ਆਜ਼ਾਦੀ ਹੈ। ਸਾਮਰਾਜੀਆਂ ਵਲੋਂ ਇਸ ਨੇਮ ਨੂੰ ਬੜੀ ਬੇਕਿਰਕੀ ਨਾਲ ਤੋੜਨ ਕਰ ਕੇ ਹੀ ਅੱਜ ਮਨੁਖ ਜਾਤੀ ਤਬਾਹੀ ਦੇ ਕੰਢੇ ਪਹੁੰਚੀ ਹੈ। ਇਹ ਕੁਦਰਤ ਉਤੇ ਗਲਬਾ ਪਾਉਣ ਦੇ ਕੀਤੇ ਯਤਨਾਂ ਦੇ ਨਿਕਲੇ ਸਿਟੇ ਹਨ।

ਯੂਨਾਈਟਡ ਨੇਸ਼ਨਜ ਦੇ ਜਨਰਲ ਸਕਤਰ ਅੰਟੋਨੀਓ ਗੂਟਰਸ ਨੇ ਪਿਛਲੇ ਹਫਤੇ ਬਰਲਿਨ ਵਿਚ 40 ਦੇਸਾਂ ਦੇ ਆਗੂਆਂ ਨੂੰ ਮੁਖਾਤਿਬ ਹੁੰਦਿਆਂ ਸਮੁਚੇ ਆਲਮੀ ਭਾਈਚਾਰੇ ਨੂੰ ਸਖਤ ਸ਼ਬਦਾਂ ਵਿਚ ਚੇਤਾਵਨੀ ਦਿਤੀ ਹੈ, ਕਿ ਜਾਂ ਤਾਂ ਉਹ ਬੜੀ ਤੇਜੀ ਨਾਲ ਵਿਗੜ ਰਹੇ ਵਾਤਾਵਰਣ ਵਿਚ ਸੁਧਾਰ ਕਰਨ ਲਈ ਇਕ ਮੁਠ ਹੋਣ, ਨਹੀਂ ਤੇ ਸਾਮੂਹਿਕ ਖੁਦਕਸ਼ੀ ਲਈ ਤਿਆਰ ਰਹਿਣ। ਉਸ ਨੇ ਕਿਹਾ ਹੈ ਕਿ ਮਨੁਖੀ ਚੌਗਿਰਦੇ ਵਿਚ ਜਹਿਰੀ ਗੈਸਾਂ ਦੀ ਵਧ ਰਹੀ ਮਿਕਦਾਰ, ਸਮੁੰਦਰਾਂ ਦੇ ਪਾਣੀਆਂ ਦਾ ਉਚਾ ਹੋ ਰਿਹਾ ਤਲ, ਗਰਮੀ ਨਾਲ ਵਧ ਰਹੀ ਤਪਸ਼ ਦੇ ਟੁਟ ਰਹੇ ਰਿਕਾਰਡ ਅਤੇ ਇਸ ਕਾਰਨ ਵਡੀ ਪਧਰ ਉਤੇ ਜੰਗਲਾਂ ਨੂੰ ਲਗ ਰਹੀ ਅਗ ਤੇ ਝੁਲ ਰਹੇ ਤੂਫਾਨਾਂ ਕਾਰਨ ਅਧੀ ਮਨੁਖਤਾ ਤਬਾਹੀ ਦੇ ਦਹਾਨੇ ਉਤੇ ਖੜੀ ਹੈ।

ਕੋਈ ਵੀ ਦੇਸ ਇਸ ਤਬਾਹੀ ਤੋਂ ਬਚ ਨਹੀਂ ਸਕਦਾ। ਗੂਟਰਸ ਨੇ ਕਿਹਾ ਹੈ ਕਿ ਸਾਰੀਆਂ ਕੌਮਾਂ ਇਸ ਘੋਰ ਸੰਕਟ ਵਿਚ ਇਕ ਭਾਈਚਾਰੇ ਵਾਂਗ ਵਿਚਰਣ ਦੀ ਬਜਾਇ ਇਕ ਦੂਜੇ ਉਤੇ ਦੋਸ਼ ਲਾ ਕੇ ਆਪਣੀ ਜ਼ਿੰਮੇਵਾਰੀ ਤੋਂ ਭਜ ਰਹੀਆਂ ਹਨ। ਸਾਰੇ ਯਤਨਾਂ ਦੇ ਬਾਵਜੂਦ ਕੋਲੇ ਦੀ ਵਰਤੋਂ ਉਤੇ ਰੋਕ ਨਹੀਂ ਲਗ ਰਹੀ। ਸ਼ਕਤੀ ਦੇ ਬਦਲਵੇਂ ਸੋਮਿਆਂ ਵਲ ਧਿਆਨ ਨਹੀਂ ਦਿਤਾ ਜਾ ਰਿਹਾ। ਅਧਾ ਯੂਰਪ, 90 ਕਰੋੜ ਚੀਨੀ ਤੇ ਭਾਰਤ ਸਮੇਤ ਅਨੇਕ ਮੁਲਕ ਗਰਮੀ ਦੀ ਤਪਸ਼ ਨਾਲ ਝੁਲਸ ਰਹੇ ਹਨ। ਪਰ ਇਸ ਦੇ ਬਾਵਜੂਦ ਵਾਤਾਵਰਣ ਨੂੰ ਸੁਧਾਰਨ ਲਈ ਵਡੀ ਪਧਰ ਉਤੇ ਲੋੜੀਂਦੇ ਸਾਮੂਹਿਕ ਯਤਨ ਨਹੀਂ ਹੋ ਰਹੇ। ਹਰੇਕ ਦੇਸ ਅਜਿਹੇ ਯਤਨਾਂ ਨੂੰ ਅਣਗੌਲਿਆ ਕਰ ਰਿਹਾ ਹੈ।

ਇਹੀ ਸਾਮਰਾਜੀ ਪੂੰਜੀਵਾਦ ਦੀ ਮਜਬੂਰੀ ਹੈ। ਮੁਨਾਫੇ ਦੀ ਹਾਬੜ ਦਾ ਮਾਰਿਆ ਪੂੰਜੀਵਾਦ ਸਾਮੂਹਿਕ ਆਤਮ ਹਤਿਆ ਤਾਂ ਕਰ ਸਕਦਾ ਹੈ ਪਰ ਲੁਕਾਈ ਦਾ ਭਲਾ ਨਹੀਂ ਕਰ ਸਕਦਾ। ਮਾਰਕਸ ਦੀ ਪੂੰਜੀਵਾਦ ਦੀ ਵਿਆਖਿਆ ਉਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਉਤੇ ਆਧਾਰਿਤ ਹੈ। ਇਸੇ ਆਧਾਰ ਉਤੇ ਉਸ ਨੇ ਭਵਿਖਬਾਣੀ ਕੀਤੀ ਸੀ ਕਿ ਜੇ ਮੁਰਦਾ ਪੂੰਜੀ ਆਧਾਰਿਤ ਰਾਜਪ੍ਰਬੰਧ ਉਲਟਾ ਕੇ ਇਸ ਦੀ ਥਾਂ ਸਮਾਜਵਾਦੀ ਸਮਾਜ ਦੀ ਸਿਰਜਣਾ ਨਾ ਹੋਈ ਤਾਂ ਇਹ ਮਨੁਖਤਾ ਨੂੰ ਉਸ ਵਹਿਸ਼ਤ ਵਲ ਧਕ ਦੇਵੇਗਾ, ਜਿਸ ਦੀ ਕਿਸੇ ਮਨੁਖ ਨੇ ਕਲਪਨਾ ਤਕ ਵੀ ਨਹੀਂ ਕੀਤੀ ਹੋਵੇਗੀ।

ਅਜੋਕੀ ਮਨੁਖ ਜਾਤੀ ਇਹੀ ਵਹਿਸ਼ਤ ਹੰਢਾ ਰਹੀ ਹੈ। ਬੰਦੇ ਵਿਚ ਦਇਆ ਦੀ ਭਾਵਨਾ ਦਾ ਖਤਮ ਹੋਣਾ ਹੀ ਵਹਿਸ਼ਤ ਹੈ। ਕਿੰਨਾ ਅਜੀਬ ਹੈ ਕਿ ਯੂਕਰੇਨ ਦੇ ਰਾਸ਼ਟਰਪਤੀ ਜੇਲੇਂਸਕੀ ਦੇ ਆਪਣੇ ਕਥਨ ਅਨੁਸਾਰ ਰੂਸ ਯੂਕਰੇਨ ਜੰਗ ਵਿਚ ਪਹਿਲਾਂ 100-200 ਫੌਜੀ ਰੋਜ ਮਰਦੇ ਸਨ ਅਤੇ ਹੁਣ ਵੀ 30 ਦੇ ਕਰੀਬ ਫੌਜੀ ਹਰ ਰੋਜ ਮਰਦੇ ਹਨ ਅਤੇ 250 ਦੇ ਕਰੀਬ ਜਖਮੀ ਹੁੰਦੇ ਹਨ ਪਰ ਸੰਸਾਰ ਭਰ ਵਿਚ ਕਿਤੇ ਵੀ ਇਹਨਾਂ ਮੌਤਾਂ ਵਿਰੁਧ ਰੋਹ ਭਰਪੂਰ ਮੁਜਾਹਰੇ ਨਹੀਂ ਹੋ ਰਹੇ। ਕਿਉਂਕਿ ਸਾਮਰਾਜੀ ਖਪਤਕਾਰੀ ਦਾ ਮਨੋਰੋਗੀ ਬਣਿਆ ਮਧ ਵਰਗ ਆਪਣੇ ਮਨਾਂ ਵਿਚੋਂ ਸਾਰੇ ਧਰਮਾਂ ਦੀ ਮੂਲ ਆਧਾਰ ਦਇਆ ਦੀ ਭਾਵਨਾ ਹੀ ਗੁਆ ਚੁਕਾ ਹੈ। ਇਸ ਤੋਂ ਵੀ ਵਡੀ ਵਹਿਸ਼ਤ ਇਹ ਹੈ ਕਿ ਰੂਸ ਨੂੰ ਹਰਾਉਣ ਲਈ ਪਛਮੀ ਗੁਟ ਦੇ ਸਾਮਰਾਜੀ ਦੇਸ ਯੂਕਰੇਨ ਦੇ ਲੋਕਾਂ ਨੂੰ ਬਲੀ ਦੇ ਬਕਰੇ ਦੀ ਤਰ੍ਹਾਂ ਵਰਤ ਰਹੇ ਹਨ, ਪਰ ਸੰਸਾਰ ਭਰ ਦੇ ਲੋਕ ਚੁਪ ਹਨ। ਕਿਤੇ ਵੀ ਇਸ ਵਹਿਸ਼ੀ ਜੰਗ ਨੂੰ ਖਤਮ ਕਰਨ ਲਈ ਅਮਨ ਮਾਰਚ ਨਹੀਂ ਹੋ ਰਹੇ। ਇਹੀ ਅਜੋਕੀ ਮਨੁਖ ਜਾਤੀ ਦੀ ਤ੍ਰਾਸਦੀ ਹੈ।

# ਚੰਗੇ ਜ਼ਰੂਰ ਬਣੋ, ਪਰ ਅੱਖਾਂ ਮੀਟ ਕੇ ਨਹੀਂ



ਗੋਬਿੰਦਰ ਸਿੰਘ ਢੀਂਡਸਾ
91-92560-66000

ਕਿਸੇ ਵਿਅਕਤੀ ਦੀ ਪਰਵਰਿਸ਼ ਉਸਦੇ ਵਿਵਹਾਰ ਅਤੇ ਕਿਰਦਾਰ ਵਿਚੋਂ ਸਪੱਸ਼ਟ ਝਲਕਦੀ ਹੈ। ਮਿਲਣਸਾਰ ਸੁਭਾਅ, ਨਿਮਰ ਸਲੀਕਾ ਅਤੇ ਕਹਿਣੀ ਕਥਨੀ ਦਾ ਪੱਕਾ ਕਿਰਦਾਰ, ਸੱਚ ਨੂੰ ਸੱਚ ਕਹਿਣ ਦਾ ਜੇਰਾ ਰੱਖਣਾ ਚੰਗੀ ਪਰਵਰਿਸ਼ ਦੇ ਅਹਿਮ ਗੁਣਾ ਵਿਚੋਂ ਹੈ। ਜ਼ਿੰਦਗੀ ਤੇ ਵੱਖੋ ਵੱਖਰੇ ਪੜਾਵਾਂ ਤੇ ਬਹੁਤ ਲੋਕਾਂ ਨਾਲ ਵਾਹ ਪੈਂਦਾ ਹੈ ਜਿੱਥੇ ਮਾੜਾ ਲੋਕਾਂ ਦਾ ਮਾੜਾ ਅਨੁਭਵ ਕਠੋਰ ਸਬਕ ਦਿੰਦਾ ਹੈ ਉੱਥੇ ਹੀ ਚੰਗੇ ਲੋਕਾਂ ਨਾਲ ਚੰਗਾ ਅਨੁਭਵ ਜਿੰਦਗੀ ਅਤੇ ਇਨਸਾਨੀਅਤ ਨੂੰ ਆਸਵੰਦ ਬਣਾਉਂਦਾ ਹੈ ਅਤੇ ਘੋਰ ਕਾਲ-ਕੋਠੜੀ ਵਿੱਚ ਚਿਰਾਗ ਵਾਂਗ ਚਮਕਦਾ ਹੈ।

ਜੋ ਲੋਕ ਆਪਣੇ ਯੋਗ ਉੱਦਮਾਂ ਰਾਹੀ ਮੁਕਾਮ ਹਾਸਲ ਕਰਦੇ ਹਨ ਉਹਨਾਂ ਦਾ ਸਲੀਕਾ ਮੁਹੱਬਤ ਨਾਲ ਲਵਰੇਜ ਅਤੇ ਨਿਮਰ ਹੁੰਦਾ ਹੈ ਕਿਉਂਕਿ ਉਹ ਆਪਣੀ ਜਮੀਨ ਨਹੀਂ ਭੁੱਲਦੇ ਤੇ ਉਹ ਤੱਥ ਨੂੰ ਅਮਲੀ ਜਾਮਾ ਪਹਿਣਾਉਂਦੇ ਹਨ ਕਿ ਰੁੱਖ ਦੇ ਜਿੰਨੇ ਜਿਆਦਾ ਫਲ ਲੱਗੇ ਹੋਣ, ਉਹ ਉਨ੍ਹਾ ਹੋਰ ਝੁੱਕਦਾ ਜਾਂਦਾ ਹੈ, ਹੰਕਾਰ ਨੂੰ ਤਿਆਗ ਛੱਡਦਾ ਹੈ। ਜਿਨ੍ਹਾਂ ਨੂੰ ਬਿਨ੍ਹਾਂ ਹੱਥ ਪੈਰ ਮਾਰੇ ਸੰਪੰਨਤਾ ਮਿਲਦੀ ਹੈ ਉਹਨਾਂ ਦਾ ਸੁਭਾਅ ਹੰਕਾਰੀ, ਲੋਭੀ ਅਤੇ ਕਠੋਰ ਵਿਵਹਾਰ ਵਾਲਾ ਵੇਖਣ ਨੂੰ ਮਿਲਦਾ ਹੈ। ਉਹ ਆਪਣੇ ਆਪ ਨੂੰ ਉੱਚਤਾ ਦੀ ਮਾਨਸਿਕਤਾ ਵਿੱਚ ਲਿਪਤ ਰੱਖਦੇ ਹਨ ਅਤੇ ਇਹੋ ਮਾਨਸਿਕਤਾ ਉਹਨਾਂ ਤੋਂ ਜਾਣੇ ਅਣਜਾਣੇ ਪਤਾ ਨਹੀਂ ਕਿੰਨੇ ਗੁਨਾਹ ਕਰਾ ਦਿੰਦੀ ਹੈ ਅਤੇ ਕਿੰਨੇ ਹੀ ਲੋਕਾਂ ਦੇ ਦਿਲ ਨੂੰ ਠੇਸ ਪਹੁਚਾਉਂਦੀ ਹੈ ਅਤੇ ਕਿੰਨੀਆਂ ਹੀ ਮਜਬੂਰ ਲੋਕਾਂ ਦੀਆਂ ਬਦਅਸੀਸਾਂ ਖੱਟਦੀ ਹੈ।

ਸਮੇਂ ਦਾ ਯਥਾਰਥ ਹੈ ਕਿ ਇਕਦਮ ਲੋਕਾਂ ਦੇ ਅੱਖਾਂ ਮੀਟ ਕੇ ਯਕੀਨ ਕਰਨ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਜਦੋਂ ਤੁਹਾਡੇ ਪਿਆਰ ਅਤੇ ਭਰੋਸੇ ਦਾ ਚੀਰਹਰਨ ਹੁੰਦਾ ਹੈ ਤਾਂ ਉਸਦੀ ਆਤਮਿਕ ਪੀੜ ਅਸਹਿ ਹੁੰਦੀ ਹੈ। ਕਿਸੇ ਨੂੰ ਇਕਦਮ ਆਪਣਾ ਮੰਨ ਕੇ ਆਪਣਾ ਦਿਲ ਖੋਲ ਦੇਣਾ, ਸਾਹਮਣੇ ਵਾਲੇ ਨੂੰ ਤੁਹਾਡਾ ਨੁਕਸਾਨ ਕਰਨ ਦਾ ਮੌਕਾ ਵੀ ਸਿੱਧ ਹੋ ਸਕਦਾ ਹੈ। ਸਮਾਜ ਵਿੱਚ ਹਰ ਕੋਈ ਤੁਹਾਡੇ ਭਰੋਸੇ ਦੇ ਕਾਬਲ ਨਹੀਂ, ਇਹ ਤੁਹਾਨੂੰ ਸਮਝਣਾ ਚਾਹੀਦਾ ਹੈ ਅਤੇ ਆਪਣੇ ਮਨ ਨੂੰ ਸਮਝਾਉਣਾ ਚਾਹੀਦਾ ਹੈ। ਸਿੱਧੇ ਸਾਧੇ, ਭੋਲੇ ਮਨਾਂ ਵਾਲੇ ਇਨਸਾਨਾਂ ਦਾ ਚਾਲਾਕ ਲੋਕ ਅਕਸਰ ਫਾਇਦਾ ਚੁੱਕ ਜਾਂਦੇ ਹਨ ਤੇ ਲੋੜ ਪੈਣ ਤੇ ਭੋਲੇ ਲੋਕਾਂ ਨੂੰ ਅਧਵਾਟੇ ਛੱਡ ਜਾਂਦੇ ਹਨ, ਧੋਖਾ ਦੇ ਜਾਂਦੇ ਹਨ। ਜਿਵੇਂ ਕਿਹਾ ਜਾਂਦਾ ਹੈ ਕਿ ਜੰਗਲ ਵਿੱਚ ਪਹਿਲਾਂ ਸਿੱਧੇ ਰੁੱਖ ਹੀ ਕੱਟੇ ਜਾਂਦੇ ਹਨ ਉਦਾਂ ਹੀ ਭੋਲੇ ਅਤੇ ਛਲ ਕਪਟ ਤੋਂ ਰਹਿਤ ਸਿੱਧੇ ਸਾਧੇ ਲੋਕਾਂ ਨਾਲ ਹੁੰਦਾ ਹੈ।

ਦੂਜਿਆਂ ਨੂੰ ਆਪਣੇ ਵਾਂਗ ਚੰਗਾ ਮੰਨਣਾ, ਭੋਲਾ ਮੰਨਣਾ ਕੋਈ ਗੁਨਾਹ ਨਹੀਂ ਹੈ, ਉਹ ਤੁਹਾਡੀ ਖੂਬਸੂਰਤੀ ਹੈ। ਚੰਗੇ ਸਮਾਜ ਦੀ ਸਿਰਜਣਾ ਲਈ ਅਹਿਮ ਗੁਣ ਹੈ ਪਰੰਤੂ ਸਮਾਂ ਸੁਚੇਤ ਹੋਣ ਦਾ ਹੈ ਕਿ ਕੋਈ ਤੁਹਾਡੇ ਨਾਲ ਚੰਗੇ ਹੋਣ ਦਾ ਨਾਟਕ ਕਰਕੇ ਤੁਹਾਡਾ ਸ਼ਿਕਾਰ ਤਾਂ ਨਹੀਂ ਕਰਨਾ ਚਾਹੁੰਦਾ। ਤੁਹਾਨੂੰ ਕਿਸੇ ਨਾਲ ਖੁੱਲਣ ਲਈ ਸਮਾਂ ਲੈਣਾ ਚਾਹੀਦਾ ਹੈ ਅਤੇ ਜਦੋਂ ਤੁਹਾਡਾ ਦਿਮਾਗ ਸਹਿਮਤੀ ਭਰੇ ਉਦੋਂ ਹੀ ਕਿਸੇ ਨੂੰ ਆਪਣੇ ਦਿਲ ਵਿੱਚ ਥਾਂ ਦੇਣੀ ਚਾਹੀਦੀ ਹੈ। ਸਾਹਮਣੇ ਵਾਲੇ ਦਾ ਮੋਹ, ਫਿਕਰ ਸੱਚਾ ਹੈ ਜਾਂ ਝੂਠਾ ਇਹ ਤੁਸੀਂ ਫੈਸਲਾ ਕਰਨਾ ਹੈ। ਜੇਕਰ ਕੋਈ ਤੁਹਾਡੇ ਕੋਲ ਕਿਸੇ ਦੂਜੇ ਬਾਰੇ ਗੈਰ ਜਰੂਰੀ ਮਾੜਾ ਆਖਦਾ ਹੈ ਤਾਂ ਇਸ ਤਰ੍ਹਾਂ ਦੇ ਬੰਦਿਆਂ ਤੋਂ ਦੂਰੀ ਜਿਆਦਾ ਬਿਹਤਰ ਹੈ।

ਦੁਨੀਆਂ ਵਿੱਚ ਬਹੁਤ ਚੰਗੇ ਲੋਕ ਹਨ ਅਤੇ ਹੋਰ ਚੰਗੇ ਲੋਕਾਂ ਦੀ ਵੀ ਬਹੁਤ ਜਰੂਰਤ ਹੈ ਤਾਂ ਜੋ ਦੁਨੀਆਂ ਪਿਆਰ, ਖੁਸ਼ਹਾਲੀ, ਅਪਣੱਤ ਅਤੇ ਇਨਸਾਨੀਅਤ ਦੇ ਰੰਗ ਵਿੱਚ ਰੰਗੀ ਜਾਵੇ। ਇੱਕ ਸਮਾਜ ਦੀ ਸਿ-ਰਜਣਾ ਲਈ ਹਰ ਨਾ-ਗਰਿਕ, ਇਨਸਾਨ ਨੂੰ ਆਪਣਾ ਮੈਲਾਪਣ ਛੱਡ ਕੇ ਸੱਚ ਅਤੇ ਇਨਸਾਨੀਅਤ ਨਾਲ ਭਰੇ ਚੰਗੇ ਰਾਹ ਤੇ ਤੁਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਿੰਦਗੀ ਵਿੱਚ 'ਚੰਗੇ ਜ਼ਰੂਰ ਬਣੋ, ਪਰ ਅੱਖਾਂ ਮੀਟ ਕੇ ਨਹੀਂ'ਇਸ ਕਥਨ ਦੀ ਪ੍ਰੋੜਤਾ ਨੂੰ ਕਦੇ ਨਹੀਂ ਛੱਡਣਾ ਚਾਹੀਦਾ ਤਾਂ ਜੋ ਤੁਹਾਡਾ ਕੋਈ ਜਾਨੀ, ਮਾਲੀ ਅਤੇ ਆਤਮਿਕ ਤੌਰ ਤੇ ਨੁਕਸਾਨ ਨਾ ਕਰ ਸਕੇ।

### 7 ਅਗਸਤ ਜਨਮ ਦਿਨ 'ਤੇ

# ਬਹੁ ਪੱਖੀ ਸ਼ਖ਼ਸੀਅਤ ਦਾ ਮਾਲਕ ਗਿਆਨੀ ਸੋਹਣ ਸਿੰਘ ਸੀਤਲ

ਮਾਨਸ ਜਨਮ ਨੂੰ ਦੁਰਲੱਭ ਕਹਿ ਕੇ ਵਡਿਆਇਆ ਅਤੇ ਸਲਾਹਿਆ ਗਿਆ ਹੈ।ਗੁਰਬਾਣੀ ਦੇ ਨਿਰਣੇ ਮੁਤਾਬਕ ਇਸ ਦੀ ਜਨਮ ਦੀ ਦੁਰਲੱਭਤਾ ਕਾਰਨ ਹੀ ਇਸ ਦੀ ਪ੍ਰਾਪਤੀ ਲਈ ਦੇਵੀ-ਦੇਵਤੇ ਅਤੇ ਰਿਸ਼ੀ-ਮੁਨੀ ਵੀ ਤਰਸਦੇ ਰਹਿੰਦੇ ਹਨ। ਪਰ ਬਹੁਤ ਸਾਰੇ ਮਨੁੱਖ ਅਜਿਹੇ ਵੀ ਹੁੰਦੇ ਜੋ ਇਸ ਜਨਮ ਦੀ ਕਦਰ ਨਾ ਕਰਦੇ ਹੋਏ ਇਸ ਦਾ ਭਰਪੂਰ ਲਾਹਾ ਨਹੀਂ ਲੈਂਦੇ। ਆਪਣੇ ਪਰਿਵਾਰਕ ਅਤੇ ਸੰਸਾਰਿਕ ਝਮੇਲਿਆਂ ਵਿੱਚ ਉਲਝ ਕੇ ਉਹ ਆਪਣੇ ਜੀਵਨ ਦੇ ਬੇਸ਼ਕੀਮਤੀ ਪਲਾਂ ਨੂੰ ਅਜਾਂਈ ਹੀ ਗੁਆ ਦਿੰਦੇ ਹਨ।ਇਸ ਤਰ੍ਹਾਂ ਗੁਆਏ ਹੋਏ ਪਲ ਬਦਕਿਸਮਤੀ ਦੇ ਖਾਤੇ ਵਿੱਚ ਡਿਪਾਜ਼ਿਟ ਹੋ ਜਾਂਦੇ ਹਨ ਅਤੇ ਬੰਦਾ ਆਪਣੇ ਆਪ ਨੂੰ ਕੋਸਦਾ ਹੋਇਆ ਇਸ ਦੁਨੀਆਂ ਤੋਂ ਰੁਖ਼ਸਤ ਹੋ ਜਾਂਦਾ ਹੈ।ਮਨੁੱਖੀ ਜਨਮ ਦੀ ਮੁੜ ਪ੍ਰਾਪਤੀ ਨਾ ਹੋਣ ਕਰਕੇ ਹੀ ਭਗਤ ਕਬੀਰ ਜੀ ਜੀਵ ਨੂੰ ਸਮਝਾਉਣਾ ਕਰਦੇ ਹੋਏ ਲਿਖਦੇ ਹਨ:-

ਕਬੀਰ ਮਾਨਸ ਜਨਮ ਦੁਲੰਭ ਹੈ ਹੋਇ ਨਾ ਬਾਰੈ ਬਾਰ।।
ਜਿਉ ਬਨ ਫ਼ਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ।।

ਇਨ੍ਹਾਂ ਸਤਰਾਂ ਦੀ ਰੋਸ਼ਨੀ ਵਿੱਚ ਜੇਕਰ ਦੇਖਿਆ ਜਾਵੇ ਤਾਂ ਇਨਸਾਨੀ ਜ਼ਿੰਦਗੀ ਦਾ ਮਨੋਰਥ ਕੇਵਲ ਖਾਣ-ਪੀਣ ਅਤੇ ਐਸ਼ ਕਰਨ ਤੱਕ ਹੀ ਸੀਮਤ ਨਹੀਂ ਰਹਿ ਜਾਂਦਾ ਸਗੋਂ ਇਸ ਦਾ ਇੱਕ ਉੱਚਾ ਅਤੇ ਸੁੱਚਾ ਮਨੋਰਥ ਖ਼ਲਕਤ ਦੀ ਸੇਵਾ ਕਰਨਾ ਵੀ ਹੁੰਦਾ ਹੈ।ਇਸ ਮਨੋਰਥ ਨੂੰ ਤਸਦੀਕ ਕਰਦੇ ਹੋਏ ਗੁਰੂ ਸਾਹਿਬ ਆਪਣੀ ਬਾਣੀ ਵਿੱਚ ਇਸ ਤਰ੍ਹਾਂ ਫ਼ੁਰਮਾਉਂਦੇ ਹਨ:-

ਆਪੁ ਗਵਾਇ ਸੇਵਾ ਕਰੇ,ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ, ਲਗਾ ਸੋ ਪਰਵਾਨੁ॥

ਇਸੇ ਤਰ੍ਹਾਂ ਹੀ ਆਪਣਾ ਆਪ ਗੁਆ (ਸਖਤ ਮਿਹਨਤ ਕਰਕੇ) ਕੇ ਲੋਕਾਈ ਦਾ ਪਿਆਰ ਤੇ ਸਤਿਕਾਰ ਹਾਸਲ ਕਰਨ ਵਾਲਿਆਂ ਵਿੱਚ ਸ਼ਾਮਲ ਹੈ ਪੰਥਕ ਢਾਡੀ ਅਤੇ ਉੱਚਕੋਟੀ ਦੇ ਸਾਹਿਤਕਾਰ ਗਿਆਨੀ ਸੋਹਣ ਸਿੰਘ ਸੀਤਲ ਦਾ ਨਾਮ। ਇਹ ਪਿਆਰ ਅਤੇ ਸਤਿਕਾਰ ਕਿਸੇ ਵਿਅਕਤੀ ਵਿਸ਼ੇਸ਼ ਦੀ ਜ਼ਿੰਦਗੀ ਦਾ ਵੱਡਮੁੱਲਾ ਸਰਮਾਇਆ ਹੁੰਦਾ ਹੈ ਜਿਸ ਨੂੰ ਹਾਸਲ ਕਰਨ ਲਈ ਉਸ ਵਿਅਕਤੀ ਨੂੰ ਵਿਸ਼ੇਸ਼ ਘਾਲਣਾ ਘਾਲਣੀ ਪੈਂਦੀ ਹੈ। ਗਿਆਨੀ ਸੋਹਣ ਸਿੰਘ ਸੀਤਲ ਨੂੰ ਵੀ ਆਮ ਤੋਂ ਖਾਸ ਵਿਅਕਤੀ ਦਾ ਸਫ਼ਰ ਤਹਿ ਕਰਨ ਲਈ ਇੱਕ ਲੰਮੀ ਅਤੇ ਅਣਥੱਕ ਘਾਲਣਾ ਘਾਲਣੀ ਪਈ ਹੈ।

ਬਹੁਪਰਤੀ ਸ਼ਖ਼ਸੀਅਤ (ਢਾਡੀ, ਕਵੀ, ਪ੍ਰਚਾਰਕ, ਕਹਾਣੀਕਾਰ, ਗੀਤਕਾਰ, ਨਾਵਲ- ਕਾਰ, ਨਾਟਕਕਾਰ ਅਤੇ ਇੱਕ ਖੋਜੀ ਇਤਹਾਸਕਾਰ) ਦੇ ਮਾਲਕ ਗਿਆਨੀ ਸੋਹਣ ਸਿੰਘ ਸੀਤਲ ਦਾ ਜਨਮ 7 ਅਗਸਤ 1909 ਈ. ਨੂੰ ਪਿੰਡ ਕਾਦੀਵਿੰਡ ਤਹਿਸੀਲ ਕਸੂਰ ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿੱਚ ਸ. ਖੁਸ਼ਹਾਲ ਸਿੰਘ ਪੰਨੂ ਅਤੇ ਮਾਤਾ ਦਿਆਲ ਕੌਰ ਦੇ ਗ੍ਰਹਿ ਵਿਖੇ ਹੋਇਆ। ਭਾਵੇਂ ਰਸਮੀ ਤਲੀਮ ਹਾਸਲ ਕਰਨ ਲਈ ਸੀਤਲ ਦੇ ਮਨ ਵਿੱਚ ਇੱਕ ਤੀਬਰ ਤਾਂਘ ਸੀ ਪਰ ਉਸ ਸਮੇਂ ਸੰਸਥਾਗਤ ਵਿਦਿਆ(ਖਾਸ ਕਰਕੇ ਪਿੰਡਾਂ 'ਚ) ਦੀ ਕਾਫੀ ਘਾਟ ਸੀ।ਇਸ ਘਾਟ ਦੇ ਬਾਵਜੂਦ ਵੀ ਉਨ੍ਹਾਂ ਨੇ ਆਪਣੀ ਇਸ ਤਾਂਘ ਨੂੰ ਮੱਠੀ ਨਹੀਂ ਪੈਣ ਦਿੱਤਾ। ਕੁੱਝ ਵਿਸ਼ੇਸ਼ ਯਤਨਾਂ ਸਦਕਾ ਸੀਤਲ ਨੇ ਆਪਣੇ ਪਿੰਡ ਦੇ ਸਾਧੂ/ਗ੍ਰੰਥੀ ਹਰੀ ਦਾਸ ਪਾਸੋਂ ਗੁਰਮੁੱਖੀ ਵਰਣਾਂ ਦੀ ਪਹਿਚਾਣ ਕਰਨੀ ਸਿੱਖ ਲਈ।ਇਸ ਪਹਿਚਾਣ ਨੇ ਉਸ ਦੇ ਹੌਂਸਲੇ ਨੂੰ ਅਜਿਹਾ ਵਧਾਇਆ ਕਿ ਉਹ ਕੁੱਝ ਵਡੇਰੀ (14 ਸਾਲ ਦੀ) ਉਮਰ ਦਾ ਹੋ ਜਾਣ ਦੇ ਬਾਵਜੂਦ ਵੀ ਗੁਆਂਢੀ ਪਿੰਡ 'ਵਰਨ' ਦੀ ਪਾਠਸ਼ਾਲਾ ਵਿੱਚ ਪ੍ਰਵੇਸ਼ ਕਰ ਗਿਆ। ਪੜ੍ਹਾਈ ਵਿੱਚ ਉਸ ਦੀ ਲਗਨ ਨੂੰ ਦੇਖਦਿਆਂ ਪਾਠਸ਼ਾਲਾ ਦੇ ਸੰਚਾਲਕਾਂ ਵੱਲੋਂ ਉਸ ਨੂੰ ਕੁਝ ਜਮਾਤਾਂ ਸਾਲਾਂ ਦੀ ਬਜਾਏ ਛਿਮਾਹੀਆਂ ਵਿੱਚ ਹੀ ਪੂਰੀਆਂ ਕਰਵਾ ਦਿੱਤੀਆਂ। ਉਸਤਾਦ ਲੋਕਾਂ ਵੱਲੋਂ ਮਿਲੇ ਵਿਸ਼ੇਸ਼ ਸਹਿਯੋਗ ਸਦਕਾ ਸੀਤਲ ਨੇ ਮੈਟ੍ਰਿਕ ਪੱਧਰ ਦੀ ਪੜ੍ਹਾਈ ਅੱਵਲ ਦਰਜੇ ਵਿੱਚ ਰਹਿ ਕੇ ਪਾਸ ਕਰ ਲਈ। ਉਸ ਸਮੇਂ ਮੈਟ੍ਰਿਕ ਵਿਚ



ਇਹ ਦਰਜਾ ਕਿਸੇ ਵਿਰਲੇ-ਟਾਵੇਂ ਵਿਦਿਆਰਥੀ ਨੂੰ ਹੀ ਨਸੀਬ ਹੋਇਆ ਕਰਦਾ ਸੀ।

ਇਸ ਸਿੱਖਿਆ ਪ੍ਰਾਪਤੀ ਦੇ ਦੌਰ( ਅੱਠਵੀਂ ਜਮਾਤ ਵਿੱਚ) ਦੌਰਾਨ ਹੀ ਗਿਆਨੀ ਸੋਹਣ ਸਿੰਘ ਸੀਤਲ ਦੇ ਮਾਪਿਆਂ ਵੱਲੋਂ ਉਸ ਨੂੰ ਸਮਾਜਿਕ/ਪਰਿਵਾਰਕ ਜ਼ਿੰਮੇਵਾਰੀ ਦੀ ਪੰਡ ਚੁਕਾਉਂਦੇ ਹੋਏ ਉਸ ਦਾ ਵਿਆਹ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਭੜਾਣਾ ਦੀ ਵਸਨੀਕ ਬੀਬੀ ਕਰਤਾਰ ਕੌਰ ਨਾਲ ਕਰ ਦਿੱਤਾ। ਇਨ੍ਹਾਂ ਦੇ ਘਰ ਦੋ ਪੁੱਤਰਾਂ (ਰਘਵੀਰ ਸਿੰਘ ਅਤੇ ਸੁਰਜੀਤ ਸਿੰਘ) ਅਤੇ ਇੱਕ ਪੁੱਤਰੀ ਨੇ ਜਨਮ ਲਿਆ। ਹੁਣ ਪੜ੍ਹਾਈ-ਲਿਖਾਈ ਦੇ ਨਾਲ-ਨਾਲ ਸੀਤਲ ਨੂੰ ਆਪਣੇ ਘਰ-ਪਰਿਵਾਰ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਪੈਂਦਾ। ਇਸ ਧਿਆਨ ਦੇ ਵੱਧ ਜਾਣ ਕਾਰਣ ਉਨ੍ਹਾਂ ਦਾ ਪੜ੍ਹਾਈ ਵਿਚਲਾ ਧਿਆਨ ਕੁੱਝ ਪਿੱਛੇ ਪੈਣ ਲੱਗ ਪਿਆ। ਇਸ ਪਿਛੇਤਰ ਕਾਰਨ ਉਹ ਉਚੇਰੀ ਵਿਦਿਆ ਦੇ ਤੌਰ 'ਤੇ ਸਿਰਫ ਗਿਆਨੀ ਦਾ ਇਮਤਿਹਾਨ ਹੀ ਪਾਸ ਕਰ ਸਕਿਆ। ਗਿਆਨੀ ਸੋਹਣ ਸਿੰਘ ਸੀਤਲ ਕੁੱਝ ਸਮਾਂ ਆਪਣੇ ਪਿਤਾ-ਪੁਰਖੀ ਕਿੱਤੇ ਖੇਤੀ ਬਾੜੀ ਨਾਲ ਵੀ ਜੁੜਿਆ ਰਿਹਾ। ਇਸ ਕਿੱਤੇ ਨੂੰ ਕਰਦਿਆਂ ਹੀ ਉਸ ਦੇ ਅੰਦਰ ਕੁੱਝ ਵੱਖਰਾ ਕਰਕੇ ਦਿਖਾਉਣ ਦੀ ਇੱਛਾ ਵੀ ਜਵਾਨ ਹੁੰਦੀ ਗਈ। ਜੋਬਨ ਉੱਤੇ ਆਈ ਉਸ ਦੀ ਇਸ ਇੱਛਾ ਨੇ ਇੱਕ ਦਿਨ ਉਸ ਨੂੰ ਢਾਡੀ ਕਲਾ ਵੱਲ ਨੂੰ ਮੋੜ ਦਿੱਤਾ। ਇਸ ਮੋੜ ਵੱਲ ਮੁੜਦਿਆਂ ਉਸ ਨੇ ਆਪਣਿਆਂ ਸਾਥੀਆਂ ਗੁਰਚਰਨ ਸਿੰਘ, ਅਮਰੀਕ ਸਿੰਘ ਅਤੇ ਹਰਨਾਮ ਸਿੰਘ ਨੂੰ ਨਾਲ ਲੈ ਲਿਆ ਅਤੇ ਲਲਿਆਣੀ ਦੇ ਭਰਾਈ ਬਾਬਾ ਚਿਰਾਗਦੀਨ ਕੋਲੋਂ ਸਾਰੰਗੀ ਅਤੇ ਢੱਡ ਵਜਾਉਣੀ ਸਿੱਖਣ ਲੱਗ ਪਏ। ਉਸਤਾਦ ਜੀ ਕੋਲੋਂ ਢਾਡੀ-ਕਲਾ ਦੀਆਂ ਬਰੀਕੀਆਂ ਤੋਂ ਚੰਗੀ ਤਰ੍ਹਾਂ ਗਿਆਤ ਹੋ ਕੇ ਗਿਆਨੀ ਸੋਹਣ ਸਿੰਘ ਸੀਤਲ ਦਾ ਢਾਡੀ ਜਥਾ ਦੂਰ-ਦੁਰਾਡੇ ਦੀਵਾਨਾਂ ਵਿੱਚ ਆਪਣੀ ਹਾਜ਼ਰੀ ਭਰਨ ਲੱਗ ਪਿਆ। ਉਸ ਵਕਤ ਢਾਡੀ ਕਲਾ ਦੇ ਖੇਤਰ ਵਿੱਚ ਸੋਹਣ ਸਿੰਘ ਘੁੱਕੇਵਾਲੀਆ, ਬਾਬਾ ਕਿਸ਼ਨ ਸਿੰਘ, ਸੋਹਣ ਸਿੰਘ ਭੀਲ਼ਾ ਅਤੇ ਨਿਰਵੈਰ ਸਿੰਘ ਦੁਆਬੀਆ ਆਦਿ ਦੇ ਜਥੇ ਪ੍ਰਮੁੱਖ ਰੂਪ ਵਿੱਚ ਵਿਚਰ ਰਹੇ ਸਨ। ਸਿੱਖ ਸੰਗਤਾਂ ਵਿੱਚ ਇਨ੍ਹਾਂ ਜਥਿਆਂ ਦੀ ਚੰਗੀ ਭਲ ਸੀ। ਸ੍ਰੋਤਿਆਂ/ਦਰਸ਼ਕਾਂ ਦਾ ਧਿਆਨ ਇਨ੍ਹਾਂ ਜਥਿਆਂ ਵੱਲੋਂ ਹਟਾ ਕੇ ਆਪਣੇ ਵੱਲ ਲਗਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ।ਪਰ ਇਹ ਚਮਤਕਾਰ ਗਿਆਨੀ ਜੀ ਦੇ ਜਥੇ ਨੇ ਥੋੜ੍ਹੇ ਹੀ ਸਮੇਂ ਵਿੱਚ ਕਰ ਦਿਖਾਇਆ। ਇਸ ਚਮਤਕਾਰ ਦੇ ਕਾਰਨਾਂ ਵਿੱਚ ਸੀਤਲ ਦਾ ਵਧੇਰੇ ਤਲੀਮ-ਯਾਫ਼ਤਾ ਹੋਣਾ ਅਤੇ ਵਿਆਖਿਆ ਦੇ ਨਵੇਕਲੇ ਅਤੇ ਨਿਰਾਲੇ ਢੰਗ ਅਪਣਾਉਣਾ ਸੀ। ਦੇਸ਼ ਵਿਦੇਸ਼ ਵਿੱਚ ਇਸ ਢਾਡੀ ਜਥੇ ਦੀ ਇੰਨੀ ਵਡਿਆਈ ਹੋਈ ਕਿ ਸ਼ਰੀਕਾਂ ਦੀ ਨਫ਼ਰਤ ਵੀ ਪਿਆਰ ਵਿੱਚ ਬਦਲ ਗਈ। ਸੋਹਣ ਸਿੰਘ ਸੀਤਲ ਨੇ ਆਪਣੇ ਢਾਡੀ ਜਥੇ ਨਾਲ ਲੱਗਭਗ ਛੇ ਦਹਾਕਿਆਂ ਤੱਕ ਪੰਥ ਅਤੇ ਪੰਜਾਬ ਦੀ ਰੱਜਵੀਂ ਸੇਵਾ ਕੀਤੀ ਲੋਕਾਂ ਨੂੰ ਆਪਣੇ ਵਿਰਸੇ ਤੋਂ ਵਾਕਿਫ਼ ਕਰਵਾਇਆ।

ਮਨੋਵਿਗਿਆਨੀਆਂ ਨੇ ਕਿਸ਼ੋਰ ਅਵਸਥਾ ਨੂੰ ਇੱਕ ਤੂਫ਼ਾਨੀ ਅਵਸਥਾ ਮੰਨਿਆ ਹੈ। ਇਸ ਅਵਸਥਾ ਵਿੱਚ ਜਵਾਨੀ ਅੱਥਰੀ ਹੋ ਜਾਂਦੀ ਹੈ ਅਤੇ ਕਈ ਵਾਰ ਲੀਹੋਂ ਵੀ ਲਹਿ ਜਾਂਦੀ ਹੈ। ਪਰ ਗਿਆਨੀ ਸੋਹਣ ਸਿੰਘ ਸੀਤਲ ਨੇ ਇਸ ਤੂਫ਼ਾਨੀ ਅਵਸਥਾ ਨੂੰ ਠੱਲ੍ਹ ਪਾਉਣ ਲਈ ਕਲਮ ਦਾ ਸਹਾਰਾ ਲੈ ਲਿਆ। ਇਸ ਕਲਮ ਨੇ ਸੀਤਲ ਦੀਆਂ ਭਾਵਨਾਵਾਂ ਨੂੰ ਕਵਿਤਾ ਵਿੱਚ ਪਰੋ ਦਿੱਤਾ। ਉਸ ਦੀ ਪਹਿਲੀ ਕਵਿਤਾ 1924 ਈ. ਨੂੰ 'ਅਕਾਲੀ' ਅਖਬਾਰ ਵਿੱਚ ਛਪ ਗਈ।ਇਸ ਕਵਿਤਾ ਦੇ ਨਾਲ ਹੀ ਸੀਤਲ ਦੇ ਸਾਹਿਤਕ ਸਫ਼ਰ ਦਾ ਆਗਾਜ਼ ਹੋ ਜਾਂਦਾ ਹੈ। ਇਸ ਸਫ਼ਰ ਦੇ ਸਿੱਟੇ ਵਜੋਂ ਉਸ ਨੇ ਇੱਕ ਕਾਵਿ ਸੰਗ੍ਰਿਹ 'ਸੱਜਰੇ ਹੰਝੂ' ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾ ਦਿੱਤਾ। ਕਵਿਤਾ ਦੇ ਨਾਲ-ਨਾਲ ਸੋਹਣ ਸਿੰਘ ਸੀਤਲ ਨੇ ਕੁੱਝ ਕਹਾਣੀਆਂ ਵੀ ਲਿਖੀਆਂ ਹਨ ਜਿਨ੍ਹਾਂ ਵਿਚ 'ਕਦਰਾਂ ਬਦਲ ਗਈਆਂ', 'ਅਜੇ ਦੀਵਾ ਬਲ ਰਿਹਾ ਸੀ' ਅਤੇ 'ਜੇਬ ਕੱਟੀ ਗਈ' ਕਾਫੀ ਚਰਚਿਤ ਹੋਈਆਂ ਹਨ। ਇਹ ਸਿਰਜਣਾ ਭਾਵੇ ਉਨ੍ਹਾਂ ਦੇ ਸਾਹਿਤਕ ਜੀਵਨ ਦੇ ਪ੍ਰਾਇਮਰੀ ਪੜਾਅ ਦੀ ਹੀ ਸੀ ਪਰ ਉਸ ਦੇ ਚੰਗੇਰੇ ਅਤੇ ਪਕੇਰੇ ਕੱਲ੍ਹ ਨੂੰ ਤਸਦੀਕ ਕਰਦੀ ਸੀ।

ਇੱਕ ਨਾਵਲਕਾਰ ਦੇ ਤੌਰ 'ਤੇ ਵੀ ਗਿਆਨੀ ਸੋਹਣ ਸਿੰਘ ਸੀਤਲ ਦੀ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਮਹਾਨ ਦੇਣ ਰਹੀ ਹੈ। ਉਸ ਦੁਆਰਾ ਲਿਖੇ ਨਾਵਲਾਂ ਦੀ ਤਦਾਦ ਦੋ ਦਰਜ਼ਨਾਂ ਦੇ ਕਰੀਬ ਬਣਦੀ ਹੈ। ਸੈਕੰਡਰੀ ਜਮਾਤਾਂ ਨੂੰ ਇੱਕ ਪਾਠਕ੍ਰਮ ਦੇ ਤੌਰ 'ਤੇ ਪੜ੍ਹਾਇਆ ਗਿਆ ਉਨ੍ਹਾਂ ਦਾ ਨਾਵਲ 'ਤੂਤਾਂ ਵਾਲਾ ਖੂਹ' ਆਪਣੀ ਮਿਸਾਲ ਆਪ ਹੈ ਜੋ ਦੇਸ਼ ਦੀ ਵੰਡ ਨੂੰ ਕੁਰਣਾਮਈ ਢੰਗ ਨਾਲ ਬਿਆਨ ਕਰਦਾ ਹੈ। 'ਜੁੱਗ ਬਦਲ ਗਿਆ' ਸੀਤਲ ਦਾ ਇੱਕ ਹੋਰ ਚਰਿਚਤ ਨਾਵਲ ਹੈ ਜਿਸ ਨੂੰ 1974 ਈ. ਵਿਚ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕਾਰਿਤ ਕੀਤਾ ਗਿਆ ਸੀ। ਇਨ੍ਹਾਂ ਦੋ ਨਾਵਲਾਂ ਤੋਂ ਛੁੱਟ

**ਰਮੇਸ਼ ਬੱਗਾ ਚੋਹਲਾ**
91-94631-32719

'ਮੁੱਲ ਦਾ ਮਾਸ', 'ਜੰਗ ਜਾਂ ਅਮਨ', 'ਈਚੋਗਿਲ ਦੀ ਨਹਿਰ ਤੱਕ', 'ਵਿਯੋਗਣ', ਅਤੇ 'ਅੰਨੀ ਸੁੰਦਰਤਾ' ਆਦਿ ਸੀਤਲ ਦੁਆਰਾ ਰਚਿਤ ਨਾਵਲ ਹਨ ਜਿਨ੍ਹਾਂ ਨੇ ਪੰਜਾਬੀ ਬੋਲੀ ਅਤੇ ਸਾਹਿਤ ਦਾ ਮਾਣ ਵਧਾਇਆ ਹੈ।

ਸੀਤਲ ਦੇ ਨਾਵਲਾਂ ਦੀ ਇਹ ਵੀ ਇੱਕ ਵਿਸ਼ੇਸ਼ਤਾ ਰਹੀ ਹੈ ਕਿ ਉਸ ਦੇ ਨਾਵਲਾਂ ਦੇ ਪਾਤਰ ਕਿਸੇ ਕਲਪਨਾ ਦੇ ਕਾਰਖਾਨੇ ਵਿੱਚ ਤਿਆਰ ਨਾ ਹੋ ਕਿ ਹਕੀਕੀ ਹਲਾਤਾਂ 'ਚੋ ਉਪਜਦੇ ਹਨ।

ਇੱਕ ਖੋਜੀ (ਸਿੱਖ) ਇਤਹਾਸਕਾਰ ਦੇ ਤੌਰ 'ਤੇ ਸੋਹਣ ਸਿੰਘ ਸੀਤਲ ਦਾ ਇੱਕ ਅਹਿਮਤਰੀਨ ਸਥਾਨ ਹੈ। ਉਸ ਨੇ ਪਹਿਲਾਂ ਆਪ ਨਿੱਠ ਕੇ ਸਿੱਖ ਇਤਹਾਸ ਦਾ ਵਿਸ਼ਲੇਸ਼ਣ ਕੀਤਾ ਬਾਅਦ ਵਿੱਚ ਕੁਝ ਨਵੀਆਂ ਛੋਹਾਂ ਦੇ ਕੇ ਕਿਤਾਬੀ ਰੂਪ ਵਿਚ ਮੁੜ ਪ੍ਰਕਾਸ਼ਿਤ ਕਰਵਾਇਆ। ਉਸ ਦੇ ਇਸ ਉਪਰਾਲੇ ਨੇ ਜਿਥੇ ਸਿੱਖ ਇਤਹਾਸ ਬਾਰੇ ਪਾਏ ਜਾਂਦੇ ਕੁਝ ਭਰਮ ਭੁਲੇਖਿਆਂ ਨੂੰ ਦੂਰ ਕੀਤਾ ਉਥੇ ਸਿੱਖ ਇਤਹਾਸ ਨੂੰ ਨਵੀਂ ਦਿੱਖ ਵੀ ਪ੍ਰਦਾਨ ਕੀਤੀ। ਸੀਤਲ ਦੀਆਂ ਇਤਹਾਸਕ ਲਿਖਤਾਂ ਵਿੱਚ 'ਸਿੱਖ ਰਾਜ ਕਿਵੇਂ ਗਿਆ' ਇੱਕ ਸ਼ਾਹਕਾਰ ਰਚਨਾ ਮੰਨੀ ਜਾਂਦੀ ਹੈ। 'ਦੁਖੀਏ ਮਾਂ ਦੇ ਪੁੱਤ' 'ਬੰਦਾ ਸਿੰਘ ਸ਼ਹੀਦ', 'ਸਿੱਖ ਮਿਸਲਾਂ ਦੇ ਸਰਦਾਰ ਘਰਾਣੇ', 'ਸਿੱਖ ਰਾਜ ਅਤੇ ਸ਼ੇਰੇ ਪੰਜਾਬ' ਅਤੇ 'ਸਿੱਖ ਸ਼ਹੀਦ ਅਤੇ ਯੋਧੇ' ਉਸ ਦੀਆਂ ਵਰਨਣਯੋਗ ਇਤਹਾਸਕ ਕਿਤਾਬਾਂ ਹਨ। ਸੋਹਣ ਸਿੰਘ ਸੀਤਲ ਦਾ ਵਧੇਰੇ ਤਪੱਸਵੀ ਅਤੇ ਖੋਜ ਭਰਪੂਰ ਕੰਮ 'ਸਿੱਖ ਇਤਹਾਸ ਦੇ ਸੋਮੇ', ਪੰਜ ਜਿਲਦਾਂ ਵਿੱਚ ਤਿਆਰ ਕਰਨੇ ਹਨ। ਸੀਤਲ ਦੀ ਇਸ ਤੱਪਸਿਆ ਨੇ ਸਿੱਖ ਇਤਹਾਸ ਨੂੰ ਕਾਫੀ ਹੱਦ ਤੱਕ ਸਰਲਤਾ ਅਤੇ ਸ਼ੁੱਧਤਾ ਪ੍ਰਦਾਨ ਕੀਤੀ ਹੈ।

ਉਪਰੋਕਤ ਚਰਚਾ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਗਿਆਨੀ ਸੋਹਣ ਸਿੰਘ ਸੀਤਲ ਵਰਗੇ ਬਹੁਪੱਖੀ ਪ੍ਰਤਿਭਾ ਦੇ ਮਾਲਿਕ ਅਤੇ ਨੇਕ ਦਿਲ ਵਿਅਕਤੀ ਵਿਰਲੇ ਹੀ ਪੈਦਾ ਹੁੰਦੇ ਹਨ। ਪੰਥ ਦਾ ਅਮੋਲਕ ਢਾਡੀ ਅਤੇ ਪੰਜਾਬੀ ਸਾਹਿਤ ਦਾ ਅਮਿੱਟ ਹਸਤਾਖ਼ਰ ਗਿਆਨੀ ਸੋਹਣ ਸਿੰਘ ਸੀਤਲ ਆਪਣਾ ਨੌਂ ਦਹਾਕਿਆਂ ਦਾ ਜੀਵਨ ਪੰਧ ਮੁਕਾ ਕੇ ਅਖੀਰ 23 ਸਤੰਬਰ 1998 ਈ. ਵਾਲੇ ਦਿਨ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਸੀਤਲ ਦੇ ਆਪਣੇ ਬੋਲ ਸਨ:-

'ਸੀਤਲ ਸਦਾ ਜਹਾਨ ਜੀਂਵਦਾ ਏ,
ਜੀਹਦਾ ਮਰ ਗਿਆਂ ਦੇ ਪਿੱਛੋਂ ਜੱਸ ਹੋਵੇ'।

# ਜਦੋਂ ਨਿਊਜ਼ੀਲੈਂਡ ਫੌਜ ਦਾ ਸਿੱਖ ਜਵਾਨ ਮਨਸਿਮਰਤ ਸਿੰਘ ਕੇਸਕੀ ਬੰਨ੍ਹ ਹਾਕੀ ਮੈਦਾਨ 'ਚ ਪੁਲਿਸ ਨਾਲ ਖੇਡਿਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੇ ਵਿਚ 177 ਸਾਲ ਪਹਿਲਾਂ ਹੋਂਦ ਦੇ ਵਿਚ ਆਈ ਦੇਸ਼ ਦੀ ਧਰਾਤਲ ਫੌਜ ਦਾ ਸਫਰ ਬੜਾ ਲੰਬਾ ਹੈ ਅਤੇ ਇਸ ਵੇਲੇ ਇਸ ਨੂੰ 'ਨਿਊਜ਼ੀਲੈਂਡ ਆਰਮੀ' ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਫੌਜ ਦੇ ਵਿਚ ਦੇਸ਼ ਦੀ ਆਬਾਦੀ ਦੇ ਮੁਤਾਬਿਕ ਕਾਫੀ ਫੌਜ ਹੈ ਅਤੇ ਪੂਰੀ ਤਰ੍ਹਾਂ ਆਧੁਨਿਕ ਹੈ। ਨਿਊਜ਼ੀਲੈਂਡ ਫੌਜ ਦੇ ਵਿਚ ਸਿੱਖਾਂ ਦੀ ਸ਼ਮੂਲੀਅਤ 2009 ਤੋਂ ਹੋ ਚੁੱਕੀ ਹੈ। ਜੂਨ 2021 ਦੇ ਵਿਚ ਇਕ ਹੋਰ ਸਿੱਖ ਨੌਜਵਾਨ ਮਨਸਿਮਰਤ ਸਿੰਘ ਸ਼ਾਮਿਲ ਹੋਇਆ ਸੀ ਅਤੇ ਅੱਜ ਇਹ ਨੌਜਵਾਨ ਨਿਊਜ਼ੀਲੈਂਡ ਆਰਮੀ ਦੀ ਹਾਕੀ ਟੀਮ ਦੇ ਵਿਚ ਜਗ੍ਹਾ ਬਣਾ ਗਿਆ ਹੈ। ਆਰਮੀ ਦੀ ਟੀਮ ਦੇ ਵਿਚ ਇਹ ਸਭ ਤੋਂ ਘੱਟ ਉਮਰ ਦਾ ਨੌਜਵਾਨ ਹੈ। ਅੱਜ ਨਿਊਜ਼ੀਲੈਂਡ ਆਰਮੀ ਦਾ ਹਾਕੀ ਮੈਚ ਨਿਊਜ਼ੀਲੈਂਡ ਪੁਲਿਸ ਦੇ ਨਾਲ ਸਵੇਰੇ-ਸਵੇਰੇ ਨੌਰਥ ਹਾਰਬਰ ਸਟੇਡੀਅਮ ਔਕਲੈਂਡ ਵਿਖੇ ਖੇਡਿਆ ਗਿਆ। ਹਾਕੀ ਟੀਮ ਦੇ ਵਿਚ ਇਹ ਮਿੱਡ ਫੀਲਡ ਪੁਜ਼ੀਸ਼ਨ ਉਤੇ ਖੇਡਦਾ ਹੈ ਤੇ ਅੱਜ ਉਸਨੇ ਕੇਸਕੀ ਸਜਾ ਕੇ ਮੈਚ ਖੇਡਿਆ। ਪੂਰੇ ਮੈਚ ਦੌਰਾਨ ਇਸਨੇ ਬਹੁਤ ਸੋਹਣੀ ਖੇਡ ਦਾ ਪ੍ਰਦਰਸ਼ਨ ਕੀਤਾ।

ਨਿਊਜ਼ੀਲੈਂਡ ਆਰਮੀ ਭਾਵੇਂ ਨਿਊਜ਼ੀਲੈਂਡ ਪੁਲਿਸ ਦੀ ਟੀਮ ਤੋਂ 2 ਗੋਲਾਂ ਦੇ ਨਾਲ ਹਾਰ ਗਈ, ਪਰ ਖੇਡ ਮੈਦਾਨ ਦੇ ਅੱਧ ਵਾਲੀ ਪੁਜੀਸ਼ਨ ਉਤੇ ਖੇਡਦੇ ਇਸ ਨੌਜਵਾਨ ਦੀ ਖੇਡ ਦੀ ਕਾਫੀ ਪ੍ਰੰਸ਼ਸਾ ਹੋਈ ਤੇ ਟੀਮ ਨੂੰ ਬਹੁਤ ਆਸਾਂ ਹਨ। ਅਗਲਾ ਮੈਚ ਬੁੱਧਵਾਰ ਸਵੇਰੇ 10 ਵਜੇ ਨਿਊਜ਼ੀਲੈਂਡ ਏਅਰ ਟੀਮ ਨਾਲ ਹੋਵੇਗਾ ਅਤੇ ਫਿਰ ਵੀਰਵਾਰ ਨੂੰ ਨਿਊਜ਼ੀਲੈਂਡ ਨੇਵੀ ਦੇ ਨਾਲ 11।30 ਵਜੇ ਖੇਡਿਆ ਜਾਵੇਗਾ।

**ਭਾਰਤੀ ਭਾਈਚਾਰੇ ਖਾਸ ਕਰ ਸਿੱਖ ਭਾਈਚਾਰੇ ਦਾ ਮਾਣ ਵਧਾ ਰਹੇ ਇਸ ਸਿੱਖ ਨੌਜਵਾਨ ਦੀ ਅਗਲੇਰੀ ਸਫਲਤਾ ਲਈ ਸ਼ੁੱਭ ਇਛਾਵਾਂ!**

ਕੌਣ ਹੈ ਮਨਸਿਮਰਤ ਸਿੰਘ? 19 ਸਾਲਾ ਮਨਸਿਮਰਤ ਸਿੰਘ ਦੇ ਮਾਤਾ-ਪਿਤਾ ਇਥੇ ਬੱਕਲੈਂਡ ਬੀਚ ਵਿਖੇ ਰਹਿੰਦੇ ਹਨ। ਇਸ ਪਰਿਵਾਰ ਦਾ ਜੱਦੀ ਪਿੰਡ ਬੌੜ ਤਹਿਸੀਲ ਖਮਾਣੋ ਜਿਲ੍ਹਾ ਫਤਹਿਗੜ੍ਹ ਸਾਹਿਬ ਹੈ। 1998 ਦੇ ਵਿਚ ਇਹ ਪਰਿਵਾਰ ਇਥੇ ਆਇਆ ਸੀ। ਇਸ ਨੌਜਵਾਨ ਨੇ ਮੈਕਲੀਨ ਕਾਲਜ ਦੇ ਵਿਚ ਪੜ੍ਹਾਈ ਸ਼ੁਰੂ ਕੀਤੀ ਅਤੇ ਫਿਰ ਸਕਾਲਰਸ਼ਿੱਪ ਦੇ ਨਾਲ ਇਕ ਵਕਾਰੀ ਕਾਲਜ ਸੇਂਟ ਕੇਂਟੀਗਰਨ ਪਾਕੂਰੰਗਾ ਵਿਖੇ ਬਾਕੀ ਦੀ ਪੜ੍ਹਾਈ ਪੂਰੀ ਕੀਤੀ। ਮਨਸਿਮਰਤ ਸਿੰਘ ਨੇ 5 ਸਾਲ ਦੀ ਉਮਰ ਦੇ ਵਿਚ ਹੀ ਅੰਮ੍ਰਿਤ ਛੱਕ ਲਿਆ ਸੀ। ਉਹ ਅੰਡਰ 18 ਦੇ ਵਿਚ ਔਕਲੈਂਡ ਲਈ ਹਾਕੀ ਖੇਡ ਚੁੱਕਿਆ ਹੈ। ਉਹ ਪ੍ਰੀਮੀਅਰ ਹਾਕੀ ਟੀਮ ਹੌਵਿਕ-ਪਾਕੂਰੰਗਾ ਅਤੇ ਸੇਂਟ ਕੇਂਟਸ ਦੀ ਹਾਕੀ ਟੀਮ ਦਾ ਹਿੱਸਾ ਰਿਹਾ। ਇਹ ਨੌਜਵਾਨ ਗਤਕਾ ਵੀ ਸੋਹਣਾ ਖੇਡਦਾ ਹੈ ਤੇ ਨਿਊਜ਼ੀਲੈਂਡ ਦੀ ਗਤਕਾ ਟੀਮ ਦੇ ਵਿਚ ਕੈਨੇਡਾ, ਆਸਟਰੇਲੀਆ, ਇੰਡੀਆ ਗਿਆ ਸੀ। ਇਹ ਨੌਜਵਾਨ ਗੁਰਬਾਣੀ ਕੀਰਤਨ ਵੀ ਕਰ ਲੈਂਦਾ ਹੈ। ਨਿਊਜ਼ੀਲੈਂਡ ਫੌਜ ਦੇ ਵਿਚ ਭਰਤੀ ਹੋਣ ਬਾਅਦ ਇਸਦੀ ਡਿਊਟੀ ਸਿਸਟਮ ਇੰਜੀਨੀਅਰ ਵਜੋਂ ਲਗਾਈ ਗਈ ਹੈ। ਪਾਲਮਰਸਨ ਨੌਰਥ ਸਥਿਤ ਗੁਰਦੁਆਰਾ ਸਾਹਿਬ ਵਿਖੇ ਇਹ ਨੌਜਵਾਨ ਆਰਮੀ ਬੇਸ ਲਿਨਟਨ ਤੋਂ ਅਕਸਰ ਕੀਰਤਨ ਦੀ ਸੇਵਾ ਕਰਨ ਵੀ ਪਹੁੰਚਦਾ ਹੈ।




'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



# FLORAL TRIBUTE TO MR. FREDDI JOSEPH

Ambedkar Times and Desh Doaba Weeklies pay floral tribute to Mr. Freddi Joseph (born on 21 May 1944 at village Sansarpur, district Jalandhar), a known journalist, author of many well-received books, philanthropist, and a loving personality of simple living and high thinking, who left us for his last journey on June 18, 2022. He was loved by people across varied faiths and believes. Throughout his whole life he lived like a hermit in the service of needy. He established his own fortnightly in 1998, which has been published regularly since then. Mr. Joseph helped many widows, aged and poor get pension to live with dignity. We offer the departed noble soul our heartfelt tribute!!

\- **Prem K. Chumber**
**Editor-in-Chief: www.ambedkartimes.com**

# ਸ਼੍ਰੀ ਫਰੈਡੀ ਜੋਜ਼ਫ਼ ਦੀ ਆਤਮਕ ਸ਼ਾਂਤੀ ਲਈ ਪ੍ਰਾਰਥਨਾ ਸਭਾ ਕਰਵਾਈ ਗਈ






**ਜਲੰਧਰ (ਵਿਵੇਕ ਭਾਟੀਆ/ ਤਰਸੇਮ ਜਲੰਧਰੀ/ਜੌਰਜ)**– ਇਸ ਸੰਸਾਰ ਤੋਂ ਸਾਨੂੰ ਛੱਡ ਕੇ ਹਮੇਸ਼ਾ ਲਈ ਜਾ ਚੁੱਕੇ ਸ਼੍ਰੀ ਫਰੈਡੀ ਜੋਜ਼ਫ਼ ਜੀ ਦੀ ਆਤਮਾ ਦੀ ਸ਼ਾਂਤੀ ਲਈ 5 ਜੁਲਾਈ ਨੂੰ ਪ੍ਰਾਰਥਨਾ ਸਭਾ ਰੱਖੀ ਗਈ, ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਸਾਰੇ ਬਿਸ਼ਪ ਸਾਹਿਬਾਨ ਅਤੇ ਪਾਸਟਰ ਸਾਹਿਬਾਨ ਅਤੇ ਜਲੰਧਰ ਦੀਆਂ ਵੱਡੀਆਂ ਸ਼ਖ਼ਸੀਅਤਾਂ ਤੇ ਆਮ ਆਦਮੀ ਪਾਰਟੀ ਦੇ ਮੈਂਬਰ ਦਿਨੇਸ਼ ਢੱਲ ਵੱਲੋਂ ਪਹੁੰਚ ਕੇ ਫਰੈਡੀ ਜੋਜ਼ਫ਼ ਮੁੱਖ ਸੰਪਾਦਕ ਮਸੀਹੀ ਸੰਸਾਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਹ ਪ੍ਰਾਰਥਨਾ ਸਭਾ ਸਵੇਰੇ ਗਿਆਰਾਂ ਵਜੇ ਤੋਂ ਇੱਕ ਵਜੇ ਤੱਕ ਜਾਰੀ ਰਹੀ, ਜਿਸਦੀ ਅਗਵਾਈ ਪਾਸਟਰ ਅਮਰਪ੍ਰੀਤ ਵੱਲੋਂ ਕੀਤੀ ਗਈ ਅਤੇ ਉਹਨਾਂ ਨੇ ਪਵਿੱਤਰ ਬਾਈਬਲ ਵਿੱਚੋਂ ਬਹੁਤ ਹੀ ਵਧੀਆ ਵਚਨ ਮੌਜੂਦ ਲੋਕਾਂ ਵਿੱਚ ਸਾਂਝਾ ਕੀਤਾ ਤੇ ਬਾਈਬਲ ਦੇ ਅਨੁਸਾਰ ਮੌਤ ਦਾ ਅਰਥ ਦੱਸਿਆ ਅਤੇ ਫਰੈਡੀ ਜੋਜ਼ਫ਼ ਦੀ ਦੇ ਵਿਚਾਰਾਂ ਬਾਰੇ ਦੱਸਿਆ ਕਿ ਉਹ ਹਮੇਸ਼ਾ ਵਿਧਵਾਵਾਂ, ਗਰੀਬ ਬੱਚਿਆਂ ਅਤੇ ਈਸਾਈਅਤ ਦੇ ਪੱਧਰ ਨੂੰ ਉੱਪਰ ਉਠਾਉਣ ਦੇ ਵਿਸ਼ਿਆਂ 'ਤੇ ਹੀ ਵਿਚਾਰ ਕਰਦੇ ਸਨ। ਇਸ ਪ੍ਰਾਰਥਨਾ ਸਭਾ ਨੂੰ ਸਮਾਪਤ ਕਰਨ ਦੇ ਲਈ ਪਾਸਟਰ ਸੁਰਿੰਦਰ ਗਿੱਲ ਵੱਲੋਂ ਅਖੀਰ ਦੀ ਦੁਆ ਕੀਤੀ ਗਈ ਅਤੇ ਉਹਨਾਂ ਤੋਂ ਬਾਅਦ ਬਿਸ਼ਪ ਜੀਤ ਮਸੀਹ ਧੀਣਾ ਵੱਲੋਂ ਵੀ ਸ਼੍ਰੀ ਫਰੈਡੀ ਜੋਜ਼ਫ਼ ਦੀ ਰੂਹ ਲਈ ਅਤੇ ਉਹਨਾਂ ਦੇ ਪਰਿਵਾਰ ਲਈ ਤੇ ਉਹਨਾਂ ਦੁਆਰਾ ਚਲਾਏ ਗਏ ਉਹਨਾਂ ਦੇ ਕੰਮ ਲਈ ਦੁਆ ਕੀਤੀ ਗਈ। ਉਹਨਾਂ ਨੇ ਉੱਥੇ ਮੌਜੂਦ ਸਾਰੇ ਬਿਸ਼ਪ ਸਾਹਿਬਾਨ ਤੇ ਪਾਸਟਰ ਸਾਹਿਬਾਨ ਅਤੇ ਉੱਥੇ ਪਹੁੰਚੇ ਪੰਜਾਬ ਕੇਸਰੀ ਗਰੁੱਪ ਦੇ ਚੀਫ਼ ਐਡੀਟਰ ਦੀ ਸਿਹਤਯਾਬੀ ਲਈ ਦੁਆ ਕੀਤੀ। ਇਸਦੇ ਨਾਲ ਇਸ ਨੂੰ ਉਹਨਾਂ ਦੁਆਰਾ ਆਖਰੀ ਕਲਮਾ ਪੜ੍ਹ ਕੇ ਇਸ ਸਭਾ ਨੂੰ ਸਮਾਪਤ ਕੀਤਾ ਗਿਆ।

ਇਸ ਤਰ੍ਹਾਂ ਅਚਾਨਕ ਸ਼੍ਰੀ ਫਰੈਡੀ ਜੋਜ਼ਫ਼ ਜੀ ਦੀ ਵਿਛੜੀ ਰੂਹ ਜੋ ਖ਼ੁਦਾਵੰਦ ਖ਼ੁਦਾ ਦੇ ਚਰਨਾ ਵਿੱਚ ਜਾ ਵਿਰਾਜੀ, ਇਸ ਵਿਛੋੜੇ ਦਾ ਸਦਮਾ ਜੋ ਪੂਰੀ ਈਸਾਈਅਤ ਵਿੱਚ ਹੈ, ਇਸਦਾ ਅੰਦਾਜ਼ਾ ਉਹਨਾਂ ਨੂੰ ਸ਼ਰਧਾਂਜਲੀ ਦੇਣ ਪੁੱਜੇ ਲੋਕਾਂ ਤੋਂ ਹੀ ਲਗਾਇਆ ਜਾ ਸਕਦਾ ਹੈ। ਈਸਾਈਅਤ ਨਾਲ ਜੁੜੀ ਹਰ ਮਿਸ਼ਨ ਨਾਲ ਸੰਬੰਧ ਰੱਖਦੇ ਬਿਸ਼ਪ ਸਾਹਿਬਾਨ ਅਤੇ ਪਾਸਟਰ ਸਾਹਿਬਾਨ ਨੇ ਸ਼ਰਧਾਂਜਲੀਆਂ ਦਿੰਦੇ ਹੋਏ ਕੌਮ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਇਸਦੇ ਨਾਲ ਹੀ ਕੌਮ ਲਈ ਉਹਨਾਂ ਵੱਲੋਂ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਗਈ।

### ਆਰਚ ਬਿਸ਼ਪ ਪੀ. ਜੇ ਸੁਲੋਮਨ

ਪਿਛਲੇ ਦਿਨੀਂ ਮਸੀਹੀ ਸੰਸਾਰ ਦੇ ਸੰਪਾਦਕ ਮਿਸਟਰ ਫਰੈਂਡੀ ਜੋਜ਼ਫ ਜੀ ਸਦੀਵੀਂ ਵਿਛੋੜਾ ਦੇ ਗਏ ਹਨ। ਉਹਨਾਂ ਦੀ ਜ਼ਿੰਦਗੀ ਕ੍ਰਿਸ਼ਚੀਅਨ ਧਰਮ ਨੂੰ ਸਮਰਪਤ ਸੀ ਅਤੇ ਉਹ ਹਮੇਸ਼ਾ ਹੀ ਗਰੀਬਾਂ ਅਤੇ ਬੇਸਹਾਰਾ ਲੋਕਾਂ ਲਈ ਸੋਚਦੇ ਰਹਿੰਦੇ ਸਨ। ਮਸੀਹੀ ਸੰਸਾਰ ਅਖ਼ਬਾਰ ਵਿਚ ਅਕਸਰ ਉਹਨਾਂ ਦੇ ਬਿਆਨ ਗਰੀਬ ਲੋਕਾਂ ਦੇ ਹਿਤਾਂ ਲਈ ਛੱਪਦੇ ਰਹਿੰਦੇ ਸਨ। ਮੇਰੇ ਨਾਲ ਕਈ ਵਾਰ ਉਹ ਇਹਨਾਂ ਵਿਸ਼ਿਆਂ ਤੇ ਚਰਚਾ ਕਰਦੇ ਸਨ ।ਅੱਜ ਮਸੀਹੀ ਸਮਾਜ ਨੂੰ ਉਹਨਾਂ ਦੇ ਪੂਰਨਿਆਂ ਤੇ ਚਲਣ ਦੀ ਲੋੜ ਹੈ ।ਜਿਹੜਾ ਕੰਮ ਉਹ ਅਧੂਰਾ ਛੱਡ ਗਏ ਹਨ ਉਹ ਕੰਮ ਸਾਨੂੰ ਪੂਰਾ ਕਰਨ ਦੀ ਲੋੜ ਹੈ ।ਸਮਾਜ ਨੂੰ ਇਸ ਤਰਾਂ ਦੀਆਂ ਸ਼ਖ਼ਸੀਅਤਾਂ ਨੂੰ ਸਦਾ ਯਾਦ ਰਖਣਾ ਚਾਹੀਦਾ ਹੈ।ਫਰੈਂਡੀ ਜੋਜ਼ਫ ਜੀ ਦੇ ਪਰਿਵਾਰ ਨਾਲ ਸਾਡਾ ਰਿਸ਼ਤਾ ਸਦਾ ਬਣਿਆ ਰਹੇਗਾ।ਪ੍ਰਭੂ ਜੀ ਸਦਾ ਉਹਨਾਂ ਦੇ ਪਰਿਵਾਰ ਨੂੰ ਸ਼ਾਂਤੀ ਪ੍ਰਦਾਨ ਕਰੇ। ਉਹ ਅਕਸਰ ਮੇਰੇ ਨਾਲ ਧਾਰਮਿਕ ਮਸਲਿਆਂ ਤੇ ਗੱਲਬਾਤ ਕਰਦੇ ਰਹਿੰਦੇ ਸਨ। ਪਿਛੇ ਜਿਹੇ ਉਹਨਾਂ ਦਾ ਮੈਨੂੰ ਫੋਨ ਆਇਆ ਸੀ ਕਿ ਮਸੀਹੀ ਸੰਸਾਰ ਦਾ ਟਰੱਸਟ ਬਣਾਉਣਾ ਹੈ। ਤੁਸੀਂ ਧਾਰਮਿਕ ਮਸਲਿਆਂ ਤੇ ਵਿਚਾਰ ਵਟਾਂਦਰਾ ਕਰਿਆ ਕਰਨਾ। ਕਿਉਂਕਿ ਈਸਾਈ ਕੌਮ ਦਾ ਇਸ ਵਿਸ਼ੇ ਵੱਲ ਕੋਈ ਧਿਆਨ ਨਹੀਂ ਦੇ ਰਹੀ। ਉਹਨਾਂ ਦਾ ਮੁੱਖ ਵਿਸ਼ਾ ਸੀ ਭੁੱਖੇ ਨੂੰ ਰੋਟੀ, ਨੰਗੇ ਨੂੰ ਕਪੜਾ, ਪਿਆਸੇ ਨੂੰ ਪਾਣੀ, ਬੇਘਰੇ ਨੂੰ ਘਰ, ਬਿਮਾਰ ਦੀ ਤੀਮਾਰਦਾਰੀ ਅਤੇ ਕੈਦ ਦੀ ਖਬਰ ਲੈਣਾ। ਸਾਨੂੰ ਸਭ ਨੂੰ ਮਿਲ ਕੇ ਇਸ ਮੁਖ ਵਿਸ਼ੇ ਵਿਚਾਰ ਵਟਾਂਦਰਾ ਕਰਨਾ ਚਾਹੀਦਾ ਹੈ। ਜੋ ਮੇਰੇ ਯੋਗ ਸੇਵਾ ਲਾਉਗੇ ਮੈਂ ਕਰਨ ਲਈ ਤਿਆਰ ਹਾਂ। ਇਹ ਗੱਲ ਅਤੀ ਸਤਿਕਾਰਤ ਆਰਚ ਬਿਸ਼ਪ ਪੀ.ਜੇ ਸੁਲੋਮਨ ਨੇ ਕਹੀ।

### ਸ਼੍ਰੀ ਓਮ ਪ੍ਰਕਾਸ਼ ਖੇਮਕਰਨੀ

ਪ੍ਰਾਰਥਨਾ ਸਭਾ ਖ਼ਤਮ ਹੁੰਦੇ ਹੀ ਉਹਨਾਂ ਦੇ ਦੋਸਤ ਸ਼੍ਰੀ ਓਮ ਪ੍ਰਕਾਸ਼ ਖੇਮਕਰਨੀ ਮੈਂਬਰ ਆਲ ਇੰਡੀਆ ਪ੍ਰੈੱਸ ਕੌਂਸਲ ਨੇ ਸਟੇਜ ਦੀ ਅਗਵਾਈ ਕੀਤੀ ਅਤੇ ਉਹਨਾਂ ਵੱਲੋਂ ਵੀ ਆਪਣੇ ਸਾਥੀ ਦੇ ਹਮੇਸ਼ਾ ਲਈ ਇਸ ਧਰਤੀ ਤੋਂ ਚਲੇ ਜਾਣ ਨੂੰ ਪੱਤਰਕਾਰਿਤਾ ਲਈ ਬਹੁਤ ਵੱਡਾ ਘਾਟਾ ਦੱਸਿਆ। ਸਭ ਤੋਂ ਪਹਿਲਾਂ ਪਾਸਟਰ ਅਯੂਬ ਮਸੀਹ ਡੈਨੀਅਲ (ਸੀ.ਐੱਨ.ਆਈ. ਡਾਇਓਸੀਸ ਆਫ ਅੰਮ੍ਰਿਤਸਰ) ਨੇ ਬਿਸ਼ਪ ਪੀ . ਕੇ. ਸਮੰਤਾ ਰਾਓ ਵੱਲੋਂ ਭੇਜੀ ਗਈ ਸ਼ਰਧਾਂਜਲੀ ਪੜ੍ਹ ਕੇ ਸੁਣਾਈ ਗਈ ਅਤੇ ਉਹਨਾਂ ਦੀ ਰੂਹ ਦੀ ਸ਼ਾਂਤੀ ਲਈ ਦੁਆ ਕੀਤੀ।

### ਫਾਦਰ ਡੈਨਿਅਲ ਗਿੱਲ

ਉਸ ਤੋਂ ਬਾਅਦ ਰੋਮਨ ਕੈਥੋਲਿਕ ਡਾਇਓਸੀਸ ਆਫ ਜਲੰਧਰ ਤੋਂ ਫਾਦਰ ਡੈਨਿਅਲ ਗਿੱਲ ਵੀ.ਜੀ. ਨੇ ਸਲੀਬ ਦਾ ਨਿਸ਼ਾਨ ਕਰਕੇ ਫਰੈਡੀ ਜੋਜ਼ਫ਼ ਜੀ ਦੀ ਰੂਹ ਦੀ ਸ਼ਾਂਤੀ ਲਈ ਦੁਆ ਕੀਤੀ ਅਤੇ ਇਸਦੇ ਬਾਅਦ ਹੀ ਸ਼੍ਰੀ ਸ਼ਮਾਊਨ ਸੰਧੂ ਸਾਬਕ ਐਡੀਟਰ ਸਾਡਾ ਜ਼ਮਾਨਾ ਨੇ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ ਮੈਂ ਫਰੈਡੀ ਜੋਜ਼ਫ਼ ਨੂੰ ਪਿਛਲੇ 25 ਸਾਲਾਂ ਤੋਂ ਜਾਣਦਾ ਹਾਂ। ਉਹਨਾਂ ਨੇ ਕਿਹਾ ਕਿ ਇਸ ਤਰ੍ਹਾਂ ਇੰਨੀ ਉਚਾਈ 'ਤੇ ਪਹੁੰਚਣਾ ਕੋਈ ਸੌਖੀ ਗੱਲ ਨਹੀਂ ਹੈ। ਉਹ ਸਾਡੀ ਕੌਮ ਲਈ ਮਿਸਾਲ ਬਣ ਗਏ ਹਨ। ਉਹਨਾਂ ਦੇ ਜਾਣ ਨਾਲ ਇਸ ਕੌਮ ਨੂੰ ਬਹੁਤ ਘਾਟਾ ਪਿਆ ਹੈ।

### ਬੇਅੰਤ ਸਿੰਘ ਸਰਹੱਦੀ

ਬੇਅੰਤ ਸਿੰਘ ਸਰਹੱਦੀ ਪ੍ਰਧਾਨ ਸਮਾਲ ਨਿਊਜ਼ ਪੇਪਰ ਕੌਂਸਲ ਨੇ ਸ਼ਰਧਾਂਜਲੀ ਦਿੱਤੀ। ਉਹਨਾਂ ਕਿਹਾ ਕਿ ਫਰੈਡੀ ਜੋਜ਼ਫ਼ ਇੱਕ ਸਮਾਜ ਸੇਵਕ ਸਨ, ਉਹਨਾਂ ਨੇ ਫਰੈਡੀ ਜੋਜ਼ਫ਼ ਦੇ ਇਸ ਤਰ੍ਹਾਂ ਅਚਾਨਕ ਹਮੇਸ਼ਾ ਲਈ ਚਲੇ ਜਾਣ ਨੂੰ ਮੰਦਭਾਗੀ ਘਟਨਾ ਦੱਸਿਆ। ਉਹਨਾਂ ਨੇ ਕਿਹਾ ਕਿ ਜਾਣਾ ਤਾਂ ਸਭ ਨੇ ਹੀ ਹੈ, ਪਰ ਉਹਨਾਂ ਵਾਂਗ ਚੰਗੇ ਕੰਮ ਕਰਕੇ ਜਾਈਏ। ਉਹਨਾਂ ਨੇ ਇੱਕ ਅੰਗਰੇਜ਼ੀ ਦੀ ਕਹਾਵਤ ਬੋਲੀ, "ਡੈੱਥ ਇਜ਼ ਦੇਅਰ, ਡੈੱਥ ਇਜ਼ ਹੇਅਰ, ਡੈੱਥ ਇਜ਼ ਐਵਰੀਵੇਅਰ" ਉਹਨਾਂ ਕਿਹਾ ਕਿ ਮੌਤ ਹਰ ਥਾਂ ਮੌਜੂਦ ਹੈ। ਪਰ ਸਾਨੂੰ ਆਪਣੇ ਚੰਗੇ ਕਰਮ ਕਰਦੇ ਰਹਿਣਾ ਚਾਹੀਦਾ ਹੈ।

### ਹਰਪ੍ਰੀਤ ਸਿੰਘ ਲੇਹਲ

ਰੋਜ਼ਾਨਾ ਅੱਜ ਦੀ ਅਵਾਜ਼ ਦੇ ਮੁੱਖ ਸੰਪਾਦਕ ਦਾ ਸ਼ੋਕ ਸੰਦੇਸ਼ ਉਹਨਾਂ ਦੇ ਸਹਾਇਕ ਸੰਪਾਦਕ ਵੱਲੋਂ ਪੜ੍ਹਿਆ ਗਿਆ। ਉਹਨਾਂ ਨੇ ਕਿਹਾ ਕਿ ਉਹ ਅਚਾਨਕ ਕਿਸੇ ਜ਼ਰੂਰੀ ਕੰਮ ਕਰਕੇ ਆ ਨਹੀਂ ਸਕੇ। ਉਹਨਾਂ ਨੇ ਆਪਣਾ ਸ਼ੋਕ ਸੰਦੇਸ਼ ਭੇਜਿਆ ਹੈ/ ਫਰੈਡੀ ਜੋਜ਼ਫ਼ ਬਹੁਤ ਹੀ ਨੇਕ ਦਿਲ ਇਨਸਾਨ ਸਨ ਅਤੇ ਉਹ ਪੱਤਰਕਾਰੀ ਦੇ ਖੇਤਰ ਵਿੱਚ ਇੱਕ ਸੀਨੀਅਰ ਪੱਤਰਕਾਰ ਸਨ। ਉਹ ਹਰ ਵੇਲੇ ਗਰੀਬਾਂ ਲਈ ਸੰਘਰਸ਼ ਰਹਿੰਦੇ ਸਨ। ਉਹਨਾਂ ਨੇ ਕਿਹਾ ਕਿ ਉਹਨਾਂ ਦੇ ਇਸ ਸੰਘਰਸ਼ ਨੂੰ ਅਸੀਂ ਜਾਰੀ ਰੱਖਾਂਗੇ ਅਤੇ ਮਸੀਹੀ ਸੰਸਾਰ ਲਈ ਜਿੱਥੇ ਵੀ ਸਾਡੇ ਸਹਿਯੋਗ ਜ਼ਰੂਰਤ ਹੋਵੇਗੀ, ਅਸੀਂ ਉਹਨਾਂ ਦੇ ਸਹਿਯੋਗ ਲਈ ਹਮੇਸ਼ਾ ਨਾਲ ਰਹਾਂਗੇ।

### ਸ਼੍ਰੀ ਹਮੀਦ ਮਸੀਹ ਪ੍ਰਧਾਨ ਪੰਜਾਬ ਕ੍ਰਿਸਚੀਅਨ ਮੂਵਮੈਂਟ

ਸ਼੍ਰੀ ਹਮੀਦ ਮਸੀਹ ਨੇ ਕਿਹਾ ਕਿ ਮੇਰੀ ਫਰੈਡੀ ਜੋਜ਼ਫ਼ ਨਾਲ 1990 ਵਿੱਚ ਦਿੱਲੀ ਵਿੱਚ ਮੁਲਾਕਾਤ ਹੋਈ ਸੀ, ਅਸੀਂ ਉਸ ਜਗ੍ਹਾ 'ਤੇ ਸੀ.ਐੱਨ.ਆਈ ਰੈਲੀ ਵਿੱਚ ਸ਼ਾਮਲ ਹੋਏ ਸੀ। ਉਸ ਤੋਂ ਬਾਅਦ ਜਦੋਂ ਵੀ ਈਸਾਈਅਤ ਵਿਰੋਧੀ ਤਾਕਤਾਂ ਨਾਲ ਸਾਹਮਣਾ ਹੁੰਦਾ ਸੀ, ਉਹ ਸਾਡੇ ਨਾਲ ਰਹਿੰਦੇ ਸਨ। ਉਹ ਪੱਤਰਕਾਰ ਹੋਣ ਕਰਕੇ ਇਹ ਸਾਰੇ ਮਸਲਿਆਂ ਨੂੰ ਡੀਲ ਕਰਦੇ ਸਨ। ਜਲੰਧਰ ਵਿੱਚ ਜਦੋਂ 2005 ਵਿੱਚ ਈਸਾਈ ਵਿਰੋਧੀ ਤੱਤਾਂ ਨੇ ਇੱਕ ਈਸਾਈ ਜਲੂਸ 'ਤੇ ਹਮਲਾ ਕਰ ਦਿੱਤਾ, ਤਾਂ ਵੀ ਉਹਨਾਂ ਨੇ ਨੀਡਰ ਹੋ ਕੇ ਉਸਦਾ ਸਾਹਮਣਾ ਕੀਤਾ ਅਤੇ ਪੰਜ ਮਸੀਹੀ ਪ੍ਰਵਾਨਿਆਂ ਨੂੰ ਇੱਕੀ ਦਿਨ ਜੇਲ੍ਹ ਰਹਿਣਾ ਪਿਆ ਤੇ 10 ਸਾਲ ਬਾਅਦ ਇਹਨਾਂ ਮਸੀਹੀ ਪ੍ਰਵਾਨਿਆਂ ਦੀ ਜਿੱਤ ਹੋਈ।

### ਪਾਸਟਰ ਜੋਰਜ ਸੀ. ਮਸੀਹ ਪ੍ਰਧਾਨ ਕਨਵੀਨਰ ਕਰਸਚੀਅਨ ਇੰਟਲੈਕਚੁਅਲ ਫੋਰਮ

ਸ਼੍ਰੀ ਫਰੈਡੀ ਜੋਜ਼ਫ਼ ਮਹਾਨ ਵਿਚਾਰਾਂ ਵਾਲੇ ਇਨਸਾਨ ਸਨ। ਮੈਂ ਉਹਨਾਂ ਬਾਰੇ ਇਹ ਕਹਾਂਗਾ ਕਿ ਉਹ ਪੰਜਾਬੀ ਈਸਾਈ ਭਾਈਚਾਰੇ ਲਈ ਇੱਕ ਗਹਿਣਾ ਸਨ ਅਤੇ ਇਹ ਵੀ ਕਹਾਂਗਾ ਕਿ ਉਹਨਾਂ ਨੂੰ ਪੰਜਾਬ ਦੇ ਈਸਾਈ ਗਹਿਣੇ ਵਜੋਂ ਸਨਮਾਨਿਤ ਵੀ ਕੀਤਾ ਜਾਣਾ ਚਾਹੀਦਾ ਹੈ। ਉਹ ਮਸੀਹੀ ਸੰਸਾਰ ਦੇ ਮੁੱਖ ਸੰਪਾਦਕ ਵਜੋਂ ਬਹੁਤ ਸਾਰਾ ਪੈਸਾ ਕਮਾ ਸਕਦੇ ਸਨ। ਪਰ ਉਹਨਾਂ ਨੇ ਮਸੀਹੀ ਸੰਸਾਰ ਨਿਊਜ਼ ਬੂਲੇਟਿਨ ਅਤੇ ਮਸੀਹੀਅਤ ਭਾਈਚਾਰੇ ਲਈ ਆਪਣੀ ਜਾਨ ਅਤੇ ਕੋਸ਼ਿਸ਼ਾਂ ਦੀ ਕੁਰਬਾਨੀ ਦਿੱਤੀ। ਮੈਂ ਯਿਸੂ ਮਸੀਹ ਦੇ ਨਾਮ ਵਿੱਚ ਬੇਟੇ ਜੌਰਜ ਅਤੇ ਉਹਨਾਂ ਦੇ ਪਰਿਵਾਰ ਨੂੰ ਆਸ਼ਿਰਵਾਦ ਦਿੰਦਾ ਹਾਂ।

### ਲਾਰੰਸ ਚੌਧਰੀ ਪ੍ਰਧਾਨ ਕ੍ਰਿਸ਼ਚੀਅਨ ਨੈਸ਼ਨਲ ਫਰੰਟ

ਆਤਮਿਕ ਰੀਤੀ ਨਾਲ ਅਸੀਂ ਜਾਣਦੇ ਹਾਂ ਕਿ ਮਸੀਹੀ ਵਿਸ਼ਵਾਸ ਅਨੁਸਾਰ ਜਿਸ ਵੀ ਭੈਣ ਭਰਾ ਨੇ ਬਪਤਿਸਪਾ ਲਿਆ ਉਸ ਦੁਆਰਾ ਰੁਹਾਨੀ ਜ਼ਿੰਦਗੀ ਜੀਉਣ ਦਾ ਖ਼ੁਦਾ ਨਾਲ ਅਹਿਦ ਕਰ ਲਿਆ ਜਾਂਦਾ ਹੈ।ਕਿ ਮੈਂ ਹੁਣ ਸਰੀਰ ਵਿੱਚ ਜ਼ਿੰਦਾ ਨਹੀਂ ਰੂਹ ਵਿੱਚ ਜ਼ਿੰਦਾ ਹਾਂ ਸੋ ਇਸ ਲਈ ਪਵਿੱਤਰ ਬਾਈਬਲ ਵਿਚ ਲਿਖਿਆ ਹੈ ਤੁਸੀ ਬੇਉਮੀਦ ਲੋਕਾਂ ਵਾਂਗ ਸੋਗ ਨਾ ਕਰੋ ਪ੍ਰੰਤੂ ਇਸ ਗੱਲ ਲਈ ਦੁਆ ਕਰੋ ਜਿਹੜੇ ਸਾਡੇ ਤੋਂ ਪਹਿਲਾਂ ਮਸੀਹ ਵਿੱਚ ਸੁੱਤੇ ਨੇ ਪਹਿਲਾਂ ਜੀ ਉੱਠਣਗੇ।ਇਸੇ ਕਰਕੇ ਮਸੀਹਤ ਵਿੱਚ ਮਰਨਾ ਨਹੀਂ ਸੌਣਾ ਕਿਹਾ ਜਾਂਦਾ ਹੈ ਅਤੇ ਸਾਡਾ ਵਿਸ਼ਵਾਸ ਹੈ ਕਿ ਸ਼੍ਰੀ ਫਰੈਡੀ ਜੋਜ਼ਫ ਮਰੇ ਨਹੀਂ ਮਸੀਹ ਵਿੱਚ ਸੁੱਤੇ ਨੇ।ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਰਿਵਾਰ ਵਿੱਚੋਂ ਇੱਕ ਮੁਖੀ ਦਾ ਸਦੀਵੀਂ ਵਿਛੋੜਾ ਨਾ ਸਹਿਣਯੋਗ ਸਦਮਾ ਹੁੰਦਾ ਹੈ ਕਿਉਂਕਿ ਜਿਸਮਾਨੀ ਰਿਸ਼ਤੇ ਖ਼ੂਨ ਅਤੇ ਭਾਵਨਾ ਨਾਲ ਜੁੜੇ ਹੁੰਦੇ ਹਨ। ਪੁੱਤਰ ਘਰੋਂ ਬਾਹਰ ਹੋਵੇ ਤਾਂ ਬੇਫ਼ਿਕਰ ਹੁੰਦਾ ਹੈ ਕਿ ਪਿਤਾ ਜੀ ਘਰ ਵਿੱਚ ਨੇ ਧੀਆਂ ਆਪਣੇ ਪਿਤਾ ਦੀ ਹੋਂਦ ਨੂੰ ਆਪਣੇ ਸਹੁਰੇ ਘਰ ਰਹਿੰਦੇ ਹੋਏ ਵੀ ਮਾਣ ਵਜੋਂ ਮਹਿਸੂਸ ਕਰਦੀਆਂ ਹਨ ਅਤੇ ਪੋਤੇ-ਪੋਤੀਆਂ, ਦੋਹਤੇ ਦੋਹਤੀਆਂ ਲਈ ਦਾਦਾ ਅਤੇ ਨਾਨਾ ਦੋਹਰਾ ਪਿਆਰ ਹੁੰਦਾ ਹੈ। ਜਿਸ ਨੂੰ ਕਦੇ ਵੀ ਨਹੀਂ

(ਬਾਕੀ ਅਗਲੇ ਸਫੇ 'ਤੇ)

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸ਼੍ਰੀ ਫਰੈਡੀ ਜੋਜ਼ਫ਼ ਦੀ ਆਤਮਕ ਸ਼ਾਂਤੀ ਲਈ ਪ੍ਰਾਰਥਨਾ ਸਭਾ ਕਰਵਾਈ ਗਈ





















**ਤਰਸੇਮ ਜਲੰਧਰੀ ਅਤੇ ਵਿਵੇਕ ਭਾਟੀਆ (ਸੰਪਾਦਕ 'ਦੇਸ਼ ਦੁਆਬਾ') ਤੇ ਹੋਰ**

**(ਸਫਾ 29 ਦੀ ਬਾਕੀ)**

ਭੁਲਾਇਆ ਨਹੀਂ ਜਾ ਸਕਦਾ ਅਤੇ ਪੇਸ਼ੇ ਵਜੋਂ ਆਪਣੀ ਕਲਮ ਨਾਲ ਵੱਖ-ਵੱਖ ਅਦਾਰਿਆਂ ਵਿੱਚ ਸੰਪਾਦਕ ਅਤੇ ਪੱਤਰਕਾਰ ਵਜੋਂ ਨਿਭਾਈਆਂ ਸੇਵਾਵਾਂ ਪੱਤਰਕਾਰੀ ਲਈ ਬਹੁਤ ਵੱਡਾ ਘਾਟਾ ਪਿਆ ਹੈ।ਮਸੀਹੀ ਭਾਈਚਾਰੇ ਨੂੰ ਆਰਥਿਕ, ਸਮਾਜਿਕ, ਸਿਖਿਅਕ ਅਤੇ ਧਾਰਮਿਕ ਤੌਰ ਤੇ ਜਾਗ੍ਰਿਤ ਕਰਨ ਲਈ ਸ਼ੁਰੂ ਕੀਤੇ ਪੰਦਰਵਾੜਾ ਅਖਬਾਰ ਮਸੀਹੀ ਸੰਸਾਰ ਨੂੰ ਆਪਣੇ ਮਾੜੇ ਆਰਥਿਕ ਹਲਾਤਾਂ ਦੇ ਵਿਪਰੀਤ ਹੁੰਦੇ ਹੋਏ ਵੀ ਸਮਾਜ ਨੂੰ ਸਮਰਪਣ ਕੀਤਾ। ਜੋ ਕਿ ਬਹੁਤ ਵੱਡੀ ਉਪਲਬਧੀ ਹੈ।ਪੂਰੀ ਜ਼ਿੰਦਗੀ ਵੀ ਅਸੀਂ ਬੋਲਦੇ ਰਹੀਏ ਤਾਂ ਵੀ ਉਹਨਾਂ ਦੀਆਂ ਪ੍ਰਾਪਤੀਆਂ ਨੂੰ ਗਣਾਇਆ ਨਹੀਂ ਜਾ ਸਕਦਾ।ਮੇਰੀ ਦੁਆ ਹੈ ਕਿ ਪਰਮੇਸ਼ਵਰ ਪਰਿਵਾਰ ਨੂੰ ਸ਼੍ਰੀ ਫਰੈਡੀ ਜੋਜ਼ਫ਼ ਜੀ ਦੇ ਸਰੀਰਕ ਵਿਛੋੜੇ ਨੂੰ ਸਹਿਣ ਕਰਨ ਦੀ ਸ਼ਕਤੀ ਬਖ਼ਸ਼ੇ ਅਤੇ ਬੇਟੇ ਜੌਰਜ ਨੂੰ ਉਹਨਾਂ ਦੇ ਅਧੂਰੇ ਸਪਨਿਆਂ ਨੂੰ ਪੂਰਾ ਕਰਨ ਦੀ ਸ਼ਕਤੀ ਬਖ਼ਸ਼ੇ ਬਾਕੀ ਪਰਿਵਾਰ ਨੂੰ ਜਦ ਵੀ ਸਾਡੀ ਜ਼ਰੂਰਤ ਮਹਿਸੂਸ ਹੋਵੇ ਅਸੀਂ ਉਹਨਾਂ ਦੇ ਨਾਲ ਹਮੇਸ਼ਾ ਸਹਿਯੋਗ ਕਰਦੇ ਰਹਾਂਗੇ। ਮੇਰੇ ਵੱਲੋਂ, ਮੇਰੇ ਪਰਿਵਾਰ ਵੱਲੋਂ ਅਤੇ ਕ੍ਰਿਸ਼ਚੀਅਨ ਨੈਸ਼ਨਲ ਫਰੰਟ ਵੱਲੋਂ ਸ਼੍ਰੀ ਫਰੈਡੀ ਜੋਜ਼ਫ਼ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

**ਸੈਮੁਏਲ ਸਿੱਧੂ ਮਾਨਸਾ ਪ੍ਰਧਾਨ**
**ਪਾਸਟਰ ਐਸੋਸੀਏਸ਼ਨ ਐਕਸ਼ਨ ਕਮੇਟੀ ਪੰਜਾਬ**

ਉਨੇ ਕਿਹਾ, ਫਰੈਡੀ ਜੀ ਅਪਣਾ ਜ਼ਿੰਦਗੀ ਦਾ ਸਫ਼ਰ ਪੂਰਾ ਕਰਕੇ ਅਸਮਾਨੀਂ ਬਾਪ ਦੇ ਚਰਨਾਂ ਵਿਚ ਵਿਰਾਜੇ ਹਨ।ਮਸੀਹ ਕੌਮ ਲਈ ਆਪਣੀ ਬੁਲੰਦ ਆਵਾਜ਼ ਨੂੰ ਉੱਚਾ ਕਰਨ ਵਾਲੀ ਸ਼ਖ਼ਸੀਅਤ ਦਾ ਚਲੇ ਜਾਣਾ ਬਹੁਤ ਦੁੱਖ ਭਰੀ ਘਟਨਾ ਹੈ।ਫਰੈਡੀ ਜੀ ਨੇ ਆਪਣੇ ਜੀਵਨ ਵਿਚ ਪ੍ਰਭੂ ਦੇ ਵਚਨ ਨੂੰ ਉਸ ਸਮੇਂ ਵਿਚ ਲੋਕਾਂ ਤੱਕ ਵੰਡਿਆ ਜਦੋਂ ਮੋਬਾਇਲ ਅਤੇ ਤਕਨੀਕ ਦਾ ਕੋਈ ਸਾਧਨ ਹੀ ਨਹੀਂ ਸੀ, ਉਹ ਅਪਣੇ ਸੰਦੇਸ਼ ਮਸੀਹੀ ਸੰਸਾਰ ਅਖ਼ਬਾਰ ਦੇ ਦੁਆਰਾ ਲੋਕਾਂ ਤੱਕ ਪਹੁੰਚਾਉਂਦੇ ਸਨ।ਉਹਨਾਂ ਦੀਆਂ ਕੁਰਬਾਨੀਆਂ ਅਤੇ ਮਿਹਨਤ ਨੇ ਸਾਨੂੰ ਸਾਰਿਆਂ ਨੂੰ ਅੱਗੇ ਵਧਣ ਦਾ ਮੌਕਾ ਦਿੱਤਾ ਹੈ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਸਾਰੇ ਮਿਲ ਕੇ ਉਹਨਾਂ ਦੀ ਸੋਚ ਅਤੇ ਮਸੀਹੀ ਕੌਮ ਦੇ ਇਤਿਹਾਸ ਨੂੰ ਅੱਗੇ ਵਧਾਉਣ ਲਈ ਇੱਕ-ਦੂਜੇ ਦਾ ਸਾਥ ਦੇਈਏ।ਬੇਸ਼ੱਕ ਅੱਜ ਇਸ ਧਰਤੀ 'ਤੇ ਮਸੀਹ ਕੌਮ ਵਿੱਚ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਪਰ ਉਹ ਜਿਸ ਜਗ੍ਹਾ 'ਤੇ ਗਏ ਹਨ ਸਾਨੂੰ ਵਿਸ਼ਵਾਸ਼ ਹੈ ਕਿ ਅਸੀਂ ਉਹਨਾਂ ਨੂੰ ਜ਼ਰੂਰ ਮਿਲਾਂਗੇ।

**ਸੁਮਨਬਾਲਾ**

78 ਸਾਲ ਦੀ ਉਮਰ ਪੂਰੀ ਕਰਕੇ ਅੰਕਲ ਫਰੈਡੀ ਜੋਜ਼ਫ ਦੇ ਅਚਾਨਕ ਇਸ ਸੰਸਾਰ ਤੋਂ ਚਲੇ ਜਾਣ ਦੀ ਆਤਮਿਕ ਸ਼ਾਂਤੀ ਲਈ ਇੱਕਠੇ ਹੋਏ ਸਾਰੇ ਪਾਸਟਰ ਸਾਹਿਬਾਨ, ਭੈਣੋ ਅਤੇ ਭਰਾਵੋ। ਮੈਂ ਉਹਨਾਂ ਦੇ ਜੀਵਨ ਬਾਰੇ ਕੁਝ ਮਾਰਨਾ ਚਾਹੁੰਦੀ ਹਾਂ - ਉਹਨਾਂ ਨੇ ਆਪਣੇ ਜੀਵਨ ਦਾ ਸਫਰ ਸਿਆਸੀ ਵਰਕਰ ਤੌਰ ਤੇ ਸ਼ੁਰੂ ਕੀਤਾ ਸੀ। ਉਹਨਾਂ ਨੇ ਆਪਣੇ ਜੀਵਨ ਵਿੱਚ ਆਪਣੀ ਕੌਮ ਲਈ ਬਹੁਤ ਲੜਿਆ ਹੈ। ਆਪਣੇ ਸਮੇਂ ਦੇ ਰਹੇ ਚਾਰ ਮੁੱਖ ਮੰਰੀਆਂ ਗਿਆਨੀ ਜੈਲ ਸਿੰਘ, ਮੁੱਖ ਮੰਤਰੀ ਸ. ਦਰਬਾਰਾ ਸਿੰਘ, ਸ. ਪ੍ਰਕਾਸ਼ ਸਿੰਘ ਬਾਦਲ ਅਤੇ ਮੁਖ ਮੰਤਰੀ ਬੇਅੰਤ ਸਿੰਘ ਸਮੇਂ ਚੰਡੀਗੜ੍ਹ ਵਿਖੇ ਵੱਡੇ ਧਰਨੇ ਪਰੋਟੈਸਟ ਵਜੋਂ ਦਿੱਤੇ ਹਨ। ਉਹਨਾਂ ਵਲੋਂ ਚਲਾਇਆ ਜਾਂਦਾ ਪੇਪਰ ਮਸੀਹੀ ਸੰਸਾਰ ਪੰਜਾਬ ਵਿੱਚ ਹੀ ਨਹੀਂ ਸਗੋਂ ਕਈ ਦੇਸ਼ਾਂ ਵਿੱਚ ਸਫਲਤਾ ਪੂਰਵਕ ਚਲ ਰਿਹਾ ਹੈ। ਪਿਛਲੇ 50 ਸਾਲਾਂ ਵਿੱਚ ਕਈ ਮਸੀਹੀ ਪੇਪਰ ਚਲਾਏ ਗਏ ਸਨ ਪਰ ਉਹ ਥੋੜੇ ਥੋੜੇ ਸਮੇਂ ਬਾਅਦ ਹੀ ਬੰਦ ਹੋ ਗਏ। ਮਸੀਹੀ ਸੰਸਾਰ ਅਖਬਾਰ 25 ਸਾਲ ਤੋਂ ਬਾਖੂਬੀ ਚਲ ਰਿਹਾ ਹੈ। ਅੰਕਲ ਫਰੈਡੀ ਵਲੋਂ ਇਸਦੀ ਸਿਲਵਰ ਜੁਬਲੀ ਮਨਾਉਣ ਦੀ ਤਿਆਰੀ ਚਲ ਰਹੀ ਸੀ। ਇਸ ਨੂੰ ਹੋਰ ਵਧੇਰੇ ਸੁਚਾਰੂ ਢੰਗ ਨਾਲ ਅਤੇ ਆਪਣੇ ਤੋਂ ਬਾਅਦ ਵੀ ਚਲਦਾ ਰੱਖਣ ਲਈ ਇੱਕ ਟਰੱਸਟ ਕਾਇਮ ਕੀਤਾ ਗਿਆ ਹੈ।

ਉਹਨਾਂ ਨੇ ਜਲੰਧਰ ਤੋਂ ਛੱਪਦੀਆਂ ਕਈ ਰੋਜ਼ਾਨਾ ਅਖਬਾਰਾਂ ਵਿੱਚ ਵੱਡੀਆਂ ਜ਼ਿੰਮੇਵਾਰੀਆਂ ਨਿਭਾਈਆਂ ਹਨ। ਜਦੋਂ ਕੋਈ ਸਰਕਾਰ ਵਲੋਂ ਜਾਂ ਸਮਜਾ ਵਲੋਂ ਮਸੀਹੀ ਲੋਕਾਂ ਨਾਲ ਕਿਧਰੇ ਵਧੀਕੀ ਹੁੰਦੀ ਰਹੀ ਤਾਂ ਆਪਣੇ ਪਰਚੇ ਰਾਹੀਂ ਮਸੀਹੀ ਲੋਕਾਂ ਦੀ ਅਵਾਜ਼ ਬਣਦੇ ਰਹੇ ਹਨ। ਜਿਸ ਕਰਕੇ ਉਹਨਾਂ ਦੋ ਵਾਰ ਜੇਲ ਜਾਣਾ ਪਿਆ। ਪਵਿੱਤਰ ਬਾਈਬਲ ਦੀ ਸੰਦੇਸ਼ ਹਰ ਘਰ ਵਿੱਚ ਪਹੁੰਚਾਉਣ ਲਈ ਆਪਣੇ ਲੋਕਾਂ ਨੂੰ ਅੱਗੇ ਵਧਾਉਣ ਲਈ ਉਹਨਾਂ ਬਹੁਤ ਸਾਰੇ ਯਤਨ ਕੀਤੇ ਹਨ। ਸਮਾਜ ਦੇ ਗੁਣੀ ਗਿਆਨੀਆਂ ਦੇ ਸਤਿਕਾਰ ਲਈ ਵਿਲੀਅਮ ਕੇਰੀ ਅਵਾਰਡ ਕਮੇਟੀ ਕਾਇਮ ਕੀਤੀ ਜਿਸ ਰਾਹੀਂ ਹੁਣ ਤੱਕ ਉਹਨਾਂ ਨੇ 40 ਦੇ ਕਰੀਬ ਗੁਣੀ ਗਿਆਨੀਆਂ ਨੂੰ ਸਨਮਾਨਿਤ ਵੀ ਕੀਤਾ ਜਾ ਚੁੱਕਿਆ ਹੈ। ਸਾਡੀ ਸੱਚੀ ਸ਼ਰਧਾਂਜਲੀ ਇਹ ਹੋਵੇਗੀ ਕਿ ਉਹਨਾਂ ਦੇ ਰਹਿ ਗਏ ਸੁਪਨਿਆਂ ਨੂੰ ਅੱਗੇ ਤੋਰੀਏ।

ਸੁਮਨਬਾਲਾ ਮੈਂਬਰ ਵਿਲੀਅਮ ਕੇਰੀ ਅਵਾਰਡ ਕਮੇਟੀ

**ਪਾਸਟਰ ਹਰਮੇਸ਼ ਚੰਦਰ**

ਸਾਡੇ ਬਹੁਤ ਹੀ ਸਤਿਕਾਰਯੋਗ ਫਰੈਡੀ ਸਾਹਿਬ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਸਫਰ ਨੂੰ ਪੂਰਾ ਕਰਕੇ ਪਰਮੇਸ਼ਵਰ ਦੇ ਰਾਜ ਵਿੱਚ ਪਹੁੰਚ ਗਏ ਜਿਨ੍ਹਾਂ ਨੇ ਆਪਣਾ ਪੂਰਾ ਜੀਵਨ ਸਾਦਗੀ ਨਾਲ ਬਤੀਤ ਕੀਤਾ। ਉਹ ਮਸੀਹਤ ਨੂੰ ਉੱਚਾ ਚੁਕਣ ਵਾਸਤੇ ਮਸੀਹੀ ਸੰਸਾਰ ਅਖਬਾਰ ਦੀ ਸ਼ੁਰੂਆਤ ਕੀਤੀ। ਬਹੁਤ ਸਾਰੇ ਸੇਵਕਾਂ ਨੂੰ ਵਿਲੀਅਮ ਕੇਰੀ ਅਵਾਰਡ ਨਾਲ ਸਨਮਾਨਿਤ ਕਰਕੇ ਉਹਨਾਂ ਦੁਆਰਾ ਮਸੀਹਅਤ ਨੂੰ ਬਹੁਤ ਵੱਡਾ ਯੋਗਦਾਨ ਪਾਇਆ। ਮੈਨੂੰ ਅੱਜ ਵੀ ਯਾਦ ਹੈ ਕਿ ਫਰੈਡੀ ਜੋਜ਼ਫ ਵਲੋਂ ਬਣਾਈ ਵਿਲੀਅਮ ਕੇਰੀ ਅਵਾਰਡ ਕਮੇਟੀ ਨੇ ਸੰਤ ਹਰਭਜਨ ਸਿੰਘ ਖੋਜੇਵਾਲ ਨੂੰ ਵਿਲੀਅਮ ਕੇਰੀ ਅਵਾਰਡ ਨਾਲ ਸਨਮਾਨਿਤ ਕੀਤਾ ਸੀ। ਫਰੈਡੀ ਜੋਜ਼ਫ ਦਾ ਇਸ ਸੰਸਾਰ ਵਿੱਚੋਂ ਕੂਚ ਕਰਨਾ ਪੂਰੇ ਈਸਾਈ ਜਗਤ ਲਈ ਬਹੁਤ ਵੱਡਾ ਘਾਟਾ ਪਿਆ। ਮੈਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ।

**ਰੈਵ. ਜੋਜ਼ਫ ਵਿਲੀਅਮ**

ਫਰੈਡੀ ਜੋਜ਼ਫ ਮੇਰੇ ਬਹੁਤ ਹੀ ਅਜੀਜ਼ ਦੋਸਤ ਅਤੇ ਮਸੀਹੀ ਕੌਮ ਦਾ ਇੱਕ ਬਹੁਤ ਹੀ ਅਨਮੋਲ ਹੀਰਾ ਸਨ। ਮਸੀਹੀ ਸੰਸਾਰ ਪੇਪਰ ਦੀ ਸ਼ੁਰੂਆਤ ਤੋਂ ਲੈ ਕੇ ਉਹਨਾਂ ਨਾਲ ਬਹੁਤ ਪਿਆਰ ਸੀ। ਉਹਨਾਂ ਨੇ ਆਪਣਾ ਸਾਰਾ ਜੀਵਨ ਇਸ ਮਸੀਹੀ ਸੰਸਾਰ ਪੇਪਰ ਨੂੰ ਸਮਰਪਿਤ ਕਰ ਦਿੱਤਾ। ਆਪਣੀ ਕਲਮ ਦੇ

**(ਬਾਕੀ ਅਗਲੇ ਸਫੇ 'ਤੇ)**

# ਸ਼੍ਰੀ ਫਰੈਡੀ ਜੋਜ਼ਫ ਦੀ ਆਤਮਕ ਸ਼ਾਂਤੀ ਲਈ ਪ੍ਰਾਰਥਨਾ ਸਭਾ ਕਰਵਾਈ ਗਈ





ਤਸਵੀਰਾਂ- 'ਦੇਸ਼ ਦੁਆਬਾ'













**(ਸਫਾ 30 ਦੀ ਬਾਕੀ)**

ਨਾਲ ਉਹਨਾਂ ਹਰ ਘਰ-ਘਰ ਵਿੱਚ ਪੇਪਰ ਦੇ ਰਾਹੀਂ ਮਸੀਹੀ ਕੌਮ ਦਾ ਪ੍ਰਚਾਰ ਕੀਤਾ। ਇਸ ਪੇਪਰ ਰਾਹੀਂ ਮਸੀਹੀ ਲੋਕਾਂ ਦੀ ਵੀ ਗੱਲ ਰੱਖੀ ਜਾਂਦੀ ਹੈ ਜੋ ਕਿ ਬਹੁਤੀਆਂ ਸੋਚਾਂ ਤੋਂ ਪਰ੍ਹੇ ਇਹ ਕੰਮ ਸੀ। ਉਹਨਾਂ ਦੇ ਅਚਾਨਕ ਸਦੀਵੀ ਵਿਛੋੜਾ ਜਿੱਥੇ ਉਹਨਾਂ ਦੇ ਪਰਿਵਾਰ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਥੇ ਮਸੀਹੀ ਕੌਮ ਲਈ ਬਹੁਤ ਵੱਡਾ ਨੁਕਸਾਨ ਹੈ। ਅਸੀਂ ਦੁਆ ਕਰਦੇ ਹਾਂ ਕਿ ਖ਼ੁਦਾ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਵਿਸ਼ੇਸ਼ ਜਗ੍ਹਾ ਦੇਣ।

ਮਾਡਰੇਟਰ ਆਫ ਪ੍ਰੈਸਬਿਟੇਰੀਅਨ,
ਫਤਿਹਗੜ੍ਹ ਸਾਹਿਬ

**ਕੇਵਲ ਸਿੰਘ ਹੀਰ**

ਸਾਡੇ ਬਹੁਤ ਹੀ ਸਤਿਕਾਰਯੋਗ ਮਸੀਹੀ ਸੰਸਾਰ ਦੇ ਚੀਫ਼ ਐਡੀਟਰ ਮਸੀਹੀ ਕੌਮ ਦੇ ਮਾਰਗ ਦਰਸ਼ਕ ਸ਼੍ਰੀ ਫਰੈਡੀ ਜੋਜ਼ਫ ਜੀ ਜੋ 18 ਜੂਨ 2022 ਨੂੰ ਸਾਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹਨਾਂ ਦੇ ਜਾਣ ਨਾਲ ਜਿੱਥੇ ਪਰਿਵਾਰ ਨੂੰ ਘਾਟਾ ਪਿਆ ਹੈ, ਉੱਥੇ ਸਮਾਜ ਦੇ ਇੱਕ ਨਿਧੜਕ, ਸੱਚੇ ਤੇ ਪਹਿਰਾ ਦੇਣ ਵਾਲਾ ਅਤੇ ਗਰੀਬਾਂ ਦੇ ਦੁੱਖ-ਸੁੱਖ ਦੇ ਸਾਂਝੀ ਲੀਡਰ ਤੋਂ ਵਾਂਝਾ ਹੋ ਗਿਆ ਹੈ। ਮੈਂ ਆਪਣੀ ਪਾਰਟੀ ਭਾਰਤਰ-ਾਸ਼ਟਰ ਡੈਮੋਕਰੇਟਿਕ ਵੱਲੋਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਪ੍ਰਮਾਤਮਾ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਅਤੇ ਪਰਿਵਾਰ ਅਤੇ ਉਹਨਾਂ ਦੇ ਦੋਸਤਾਂ ਮਿੱਤਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

**ਰਾਸ਼ਟਰੀ ਸਕੱਤਰ**
**ਭਾਰਤ ਰਾਸ਼ਟਰ ਡੈਮੋਕਰੇਟਿਕ ਪਾਰਟੀ**

ਮਸੀਹੀ ਕੌਮ ਦੀ ਦਰਦੀ ਫਰੈਡੀ ਜੋਜ਼ਫ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। 18 ਜੂਨ ਦੀ ਸਵੇਰ ਮਸੀਹੀ ਸੰਸਾਰ ਪਰਿਵਾਰ ਲਈ ਉਹ ਕਿੰਨੀ ਭਾਰੀ ਸੀ ਜਦ ਸਵੇਰ ਵੇਲੇ ਪਰਿਵਾਰ ਉਠਿਆ ਤੇ ਪਰਿਵਾਰ ਮੈਂਬਰਾਂ ਵਲੋਂ ਪਰਿਵਾਰ ਦੇ ਮੁੱਖੀਆ ਅਤੇ ਮਸੀਹੀ ਸੰਸਾਰ ਦੇ ਮੁੱਖ ਸੰਪਾਦਕ ਫਰੈਡੀ ਜੋਜ਼ਫ ਦਾ ਕੋਈ ਹੁੰਗਾਰਾ ਨਾ ਦਿੱਤਾ ਗਿਆ। ਪਰਿਵਾਰ ਰਾਤ ਸਮੇਂ ਹੱਸਦਾ ਖੇਡਦਾ ਮਿੱਠੀ ਨੀਂਦ ਵਿੱਚ ਸੁੱਤਾ ਸੀ ਉਸ ਪਰਿਵਾਰ ਦੀ ਚੜ੍ਹਦੀ ਸਵੇਰ ਸ਼ੋਕ ਸਵੇਰ ਵਿਚ ਬਦਲ ਗਈ। ਇਹ ਖਬਰ ਜੰਗਲ ਦੀ ਅੱਗ ਵਾਂਗ ਮਸੀਹੀ ਸੰਸਾਰ ਦੇ ਪਾਠਕਾਂ ਦੇ ਕੰਨਾਂ ਵੱਚ ਪੁੱਜ ਗਈ ਕਿ ਉਨ੍ਹਾਂ ਦਾ ਸਤਿਕਾਰ ਯੋਗ ਮਸੀਹੀ ਸੰਸਾਰ ਦਾ ਮੁਖ ਸੰਪਾਦਕ ਉਨ੍ਹਾਂ ਨੂੰ ਸਦੀਵੀ ਵਿਛੋੜਾ ਦੇ ਕੇ ਪਰਮੇਸ਼ਵਰ ਦੀ ਗੱਡੀ ਵਿੱਚ ਜਾ ਬਿਰਾਜੇ ਹਨ। ਸਦੀਵੀ ਵਿਛੋੜੇ ਤੋਂ ਪਹਿਲਾਂ ਵਾਲੇ ਰਾਤ ਨੂੰ 11 ਵਜੇ ਤੱਕ ਦੋਸਤਾਂ ਨਾਲ ਮਸੀਹੀ ਕੌਮ ਦੀ ਚੜ੍ਹਦੀ ਕਲਾ ਲਈ ਫੋਨ ਰਾਹੀਂ ਵਿਚਾਰ ਵਟਾਂਦਰਾ ਕਰਦੇ ਰਹੇ।

ਯਾਦ ਰਹੇ ਲੋਕ ਸ਼ਕਤੀ ਮਸੀਹੀ ਦਲ ਵੈਲਫੇਅਰ ਸੁਸਾਇਟੀ ਦਾ ਰਿਸ਼ਤਾ ਫਰੈਡੀ ਜੋਜ਼ਫ ਮੁਖ ਸੰਪਾਦਕ ਮਸੀਹੀ ਸੰਸਾਰ ਨਾਲ ਬਹੁਤ ਗਹਿਰਾ ਅਤੇ ਨਜ਼ਦੀਕੀ ਦਾ ਸੀ। ਉਨ੍ਹਾਂ ਦੇ ਮਸੀਹੀ ਕੌਮ ਪ੍ਰਤੀ ਵਿਚਾਰ ਅਤੇ ਮਸੀਹੀ ਦਲ ਦੇ ਮਸੀਹੀ ਕੌਮ ਪ੍ਰਤੀ ਵਿਚਾਰ ਆਪਸ ਵਿੱਚ ਮੇਲ ਖਾਂਦੇ ਸਨ। ਉਨ੍ਹਾਂ ਵਲੋਂ ਆਪਣੀ ਜ਼ਿੰਦਗੀ ਮਸੀਹੀ ਕੌਮ ਦੀ ਚੜ੍ਹਦੀ ਕਲਾ ਲਈ ਕੋਸ਼ਿਸ਼ ਕਰਦੇ ਕਰਦੇ 18 ਜੂਨ 2022 ਨੂੰ ਆਪਣੇ ਆਪ ਨੂੰ ਪ੍ਰਭੂ ਦੇ ਹੱਥਾਂ ਵਿੱਚ ਸੌਂਪ ਦਿੱਤਾ। ਫਰੈਡੀ ਜੋਜ਼ਫ ਨੇ ਮੂਸਾ ਦੀ ਤਰ੍ਹਾਂ ਹੀ ਕੌਮ ਨੂੰ ਜਗਾਉਣ ਦਾ ਕੰਮ ਕੀਤਾ ਹੈ। ਉਨ੍ਹਾਂ ਦੀ ਮਸੀਹੀ ਕੌਮ ਪ੍ਰਤੀ ਕੀਤੀਆਂ ਕੁਰਬਾਨੀਆਂ ਆਉਣ ਵਾਲੀਆਂ ਪੀੜ੍ਹੀਆਂ ਯਾਦ ਰੱਖਣਗੀਆਂ।

**ਯੂਨਸ ਮਸੀਹ, ਜਨਰਲ ਸਕੱਤਰ ਮਸੀਹੀ ਦਲ,**
**ਜਲੰਧਰ**

ਅਤੀ ਸਤਿਕਾਰਤ ਆਰਚ ਬਿਸ਼ਪ ਪੀ.ਜੇ. ਸੁ-ਲੇਮਨ, ਬਿਸ਼ਪ ਰਾਜ ਗਾਂਧਰੀ, ਪਾਸਟਰ ਜੋਰਜ ਸੀ. ਮਸੀਹ ਪ੍ਰਧਾਨ ਕਨਵੀਨਰ ਕਰਸਚੀਅਨ ਇੰਟਲੈਕਚੁਅਲ ਫੋਰਮ-ਪ੍ਰਧਾਨ ਯੂਨਾਈਟਿਡ ਕਰਿਸਚੀਅਨ ਵੈਲਫੇਅਰ ਐਸੋਸੀਏਸ਼ਨ, ਬਿਸ਼ਪ ਜੀਤ ਮਸੀਹ ਹੋਸਨਾ ਪੰਜਾਬੀ ਮਨਿਸਟਰੀ, ਸ਼੍ਰੀ ਹਮੀਦ ਮਸੀਹ ਪ੍ਰਧਾਨ ਪੰਜਾਬ ਕਰਿਸਚੀਅਨ ਮੂਵਮੈਂਟ, ਸ਼੍ਰੀ ਡੈਨੀਅਲ ਬੀ.ਦਾਸ ਸ਼ਮਾਊਨ ਸੰਧੂ ਸਾਡਾ ਜ਼ਮਾਨਾ, ਸ. ਬੇਅੰਤ ਸਿੰਘ ਸਰਹੱਦੀ ਪ੍ਰਧਾਨ ਸਮਾਲ ਨਿਊਸ ਪੇਪਰ ਐਸੋਸੀਏਸ਼ਨ, ਰਿਸ਼ੀ ਮੇਜਰ ਸਿੰਘ ਮੈਂਬਰ ਸਮਾਲ ਨਿਊਜ਼ ਪੇਪਰ ਐਸੋਸੀਏਸ਼ਨ, ਪਾਸਟਰ ਸੁਰਿੰਦਰ ਗਿੱਲ ਸਾਬਕਾ ਪ੍ਰਧਾਨ ਪਾਸਟਰ ਐਸੋਸੀਏਸ਼ਨ, ਪਾਸਟਰ ਅਸ਼ੋਕ ਸਾਬਕਾ ਪ੍ਰਧਾਨ ਪਾਸਟਰ ਐਸੋਸੀਏਸ਼ਨ ਜਲੰਧਰ, ਪਾਸਟਰ ਤਰਸੇਮ ਸਹੋਤਾ, ਪਾਸਟਰ ਸੈਮੁਏਲ ਸਿੱਧੂ ਪ੍ਰਧਾਨ ਪਾਸਟਰ ਐਸੋਸੀਏਸ਼ਨ ਐਕਸ਼ਨ ਕਮੇਟੀ, ਬੁਲਾਰਿਆਂ ਤੋਂ ਇਲਾਵਾ - ਸ਼੍ਰੀ ਜੌਹਨ ਪੀਟਰ ਪ੍ਰਧਾਨ ਸਟੂਡੈਂਟ ਫੈਡਰੇਸ਼ਨ, ਪਾਸਟਰ ਸੁਰਿੰਦਰ ਨਿਊ ਪ੍ਰੋਮਿਸ ਇਨ ਕਰਾਈਸਟ, ਪਾਸਟਰ ਬਲਵੰਤ ਵਿਜੇ ਹੁਸ਼ਿਆਰਪੁਰ ਪੱਤਰਕਾਰ ਮਸੀਹੀ ਸੰਸਾਰ, ਸ਼੍ਰੀ ਮੋਰਿਸ ਭੱਟੀ, ਪਾਸਟਰ ਬਾਵਾ ਭੱਟੀ ਜਨਤਾ ਕਲੋਨੀ, ਪਾਸਟਰ ਡੌਰਥੀ ਹਾਬਲ ਜੌਹਨ ਫਿਰੋਜ਼ਪੁਰ, ਪਾਸਟਰ ਸਨਸ਼ੇਰ ਸਿੰਘ ਮਰਾਰਤੂ ਫਤਿਹਗੜ੍ਹ ਸਾਹਿਬ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

## 3525 Highway 99, West Corning, CA 96021
Across the Street from TA Truck Stop





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**


Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust